ਸਾਲ ਚੌਦਵਾਂ, ਮਹੀਨਾ ਫਰਵਰੀ, 2009
ਫਾਉਂਡਰ ਚੇਅਰਮੈਨ
**ਸ੍ਰੀ ਮਾਨ ਸੰਤ ਵਰਿਆਮ ਸਿੰਘ ਜੀ ਮਹਾਰਾਜ**
ਚੇਅਰਪਰਸਨ
**ਬੀਬੀ ਰਣਜੀਤ ਕੌਰ ਜੀ ਰਤਵਾੜਾ ਸਾਹਿਬ**

**SUBSCRIPTION FOREIGN (ਵਿਦੇਸ਼)**

| | Annual | Life |
|---|---|---|
| **U.S.A.** | **50** US$ | **500** US$ |
| U.K. | **30** £ | **300** £ |
| Aus. | **80** $ | **800** $ |
| Europ | **50** Euro | **500** Euro |

Postal Address for 'ATAM MARG' Enquiry, Money Order, Cheque, Draft & correspondence
V.G.R.M Charitable Trust 'Atam Marg' Gurdwara Ishar Parkash, Ratwara Sahib (Near Chandigarh) P.O. Mullanpur Garibdas, Teh. Kharar, Distt. S.A.S. Nagar (Mohali) 140901 Pb.India.

Office 'Atam Marg' Ph. No. **- 0160-2255002,** Fax.**-2255009**, , Mobile – *9417214391,79*

**FOREIGN (ਵਿਦੇਸ਼) CONTACT NO.**

U.S.A. - Baba Satnam Singh ji Atwal
Phone and Fax : 408-263-1844
Bhai Kuldeep Singh Sher Gill
Phone : 408-230-8319
**Bibi Sukhvinder Kaur Bains**
Phone : 403-270-3387
**Canada - Bhai Sarmukh Singh Pannu**
Phone - 604-433-0408
**England - Bibi Gurbax Kaur /Jagtar Singh Jagi**
Phone : 0121-200-2818
Fax : 0121-200-2879, **Raj Mobile** : 07968734058
**Australia - Bhai Jiwan Singh ji**
Phone : 03-943-65865, Fax : 03-943-65867

**For more information please visit us on internet at:-**
**Email : atammarg@glide.net.in**
http:# www.ratwarasahib.org, http # www.ratwarasahibmedia.org

**ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।**

ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲਾ ਐਸ.ਏ.ਐਸ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।

## ਤਤਕਰਾ

1. ਸੰਪਾਦਕੀ 2
2. ਬਾਰਾਹਮਾਹਾ 3
3. ਚਉਥੈ ਪਹਿਰ ਸਬਾਹ ਕੈ 8
4. ਕਰਮਾਂ ਦੀ ਗਤੀ 12
5. ਪਿਆਰ ਭਰਿਆ ਜੀਵਨ ਸਫਰ 29
6. ਸਤਿਸੰਗ ਮਹਿਮਾਂ 37
7. ਮਾਨਵਤਾ ਦੇ ਨਾਮ 51
8. ਨਾਮ ਤੇ ਨਾਮ ਦਾ ਦਾਤਾ ਸਤਿਗੁਰੂ 59
9. ਪਿਆਰ ਪਰਵਾਨੇ 60
10. ਸਿਹਤ ਗਿਆਨ 62

**SUBSCRIPTION – ਚੰਦਾ – (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 280/- | 2080/- | (For outstation cheques) |

**ਸੰਪਰਕ ਨੰ. ਰਤਵਾੜਾ ਸਾਹਿਬ**

ਰਤਵਾੜਾ ਸਾਹਿਬ 0160-2255001
ਗੁ. ਰਤਵਾੜਾ ਸਾਹਿਬ ਵਿਖੇ ਅਖੰਡਪਾਠ ਬੁਕਿੰਗ ਸਬੰਧੀ - 9417214386
ਪਰਮ ਸਤਿਕਾਰ ਯੋਗ ਬੀਜੀ 9417214381
ਬਾਬਾ ਹਰਪਾਲ ਸਿੰਘ ਜੀ ਰਤਵਾੜਾ ਸਾਹਿਬ - 9417214378
ਜਥੇਦਾਰ ਅਮਰੀਕ ਸਿੰਘ ਖੇਤੀਬਾੜੀ ਇੰਚਾਰਜ 9417214383
ਜਰਨਲ - 9417214384, ਬੀ ਐਡ ਕਾਲਜ - 9417214382
ਬਾਬਾ ਰਾਜਿੰਦਰ ਸਿੰਘ ਸ੍ਰੀ ਮਾਨ ਲੰਗਰ 9417214380
ਆਡੀਓ ਵੀਡੀਓ ਲਾਇਬ੍ਰੇਰੀ 9872814385, 9417214385
ਅਖੰਡਪਾਠ ਬੁਕਿੰਗ 9417214386
ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ 0160-2255003
ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ 0160-2255004

**ਅੰਮ੍ਰਿਤ ਬਾਣੀ ਸਕਾਈ ਟੀ.ਵੀ. ਸੈਟੇਲਾਈਟ ਚੈਨਲ 0176 ਤੇ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦਾ ਕੀਰਤਨ ਨਿਮਨ ਅਨੁਸਾਰ ਹੈ -**

**ਐਤਵਾਰ ਸਵੇਰੇ 10.00 ਵਜੇ ਤੋਂ 11.00 ਵਜੇ ਤੱਕ**
**ਸੋਮਵਾਰ ਸ਼ਾਮ 7.00 ਵਜੇ ਤੋਂ ਸ਼ਾਮ 8.00 ਵਜੇ ਤੱਕ**
**ਯੂ.ਕੇ. ਸਮੇਂ ਅਨੁਸਾਰ ਸੁਣਿਆ ਜਾ ਸਕਦਾ ਹੈ।**

ਬਾਬਾ ਜੀ ਦੇ ਕੀਰਤਨ ਨੂੰ ਪੂਰੇ ਵਿਸ਼ਵ ਵਿਚ www.amritbani.com ਤੋਂ ਸੁਣਿਆ ਜਾ ਸਕਦਾ ਹੈ। ਆਪਣਾ ਸਮਾਂ ਯੂ.ਕੇ. ਸਮੇਂ ਅਨੁਸਾਰ ਨਿਰਧਾਰਤ ਕਰੋ।

**ਜਾਰੀ ਕਰਤਾ - ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰਸਟ, ਯੂ.ਕੇ.**

# ਸੰਪਾਦਕੀ

ਇਹ ਪਿਆਰੀ ਰੂਹਾਨੀ ਪਤ੍ਰਿਕਾ ਇਸ ਮਹੀਨੇ ਪ੍ਰਥਾਇ ਗੁਰੂ ਪਾਤਿਸ਼ਾਹ ਦੇ ਬਾਰਹਮਾਹਾ ਅੰਦਰ ਕੀਤੇ ਫੁਰਮਾਨ ਨੂੰ ਸਰਲ ਅੱਖਰਾਂ ਵਿੱਚ ਵਿਖਿਆਨ ਕਰਦੇ ਹੋਏ ਮਹਾਂਪੁਰਸ਼ਾਂ ਦੇ ਅਨੁਭਵੀ ਪ੍ਰਵਚਨਾਂ ਤੋਂ ਸ਼ੁਰੂ ਕੀਤੀ ਹੈ। ਹਰ ਸਮੇਂ ਹਰ ਦਿਨ ਹਰ ਘੜੀ ਹਰ ਪਲ ਸਾਨੂੰ ਸਿਮਰਨ ਦੇ ਵਿੱਚ ਗੁਜਾਰਨੀ ਚਾਹੀਦੀ ਹੈ। ਅੱਜ ਜਦੋਂ ਹਰ ਪਾਸੇ ਮੀਡੀਆ ਆਪਣੇ ਪੈਰ ਪਸਾਰ ਚੁੱਕਾ ਹੈ ਬਹੁਤ ਸਾਰਾ ਐਸਾ ਲਿਟਰੇਚਰ ਜੋ ਜੀਵਨ ਧੇਅ ਤੋਂ ਦੂਰ ਲਿਜਾ ਰਿਹਾ ਹੈ ਆਤਮ ਮਾਰਗ ਮੈਗਜ਼ੀਨ ਜਿੰਦਗੀ ਦੇ ਜੀਵਨ ਸਫ਼ਰ ਨੂੰ ਸਫ਼ਲ ਬਣਾਉਣ ਦੀ ਜੀਵਨ ਜੁਗਤ ਦਰਸਾਅ ਰਿਹਾ ਹੈ। ਇਹ ਪਿਆਰ ਭਰੀ ਪੱਤ੍ਰਿਕਾ ਨੂੰ ਜਰੂਰ ਹੀ ਇਕਾਂਤ ਵਿੱਚ ਬੈਠ ਕੇ ਪੜਿਆ ਜਾਵੇ ਅਤੇ ਉਸ ਤੋਂ ਬਾਅਦ ਨਿਧਿਆਸਣ ਕਰਕੇ ਆਪਣੀ ਸਵੈ ਪੜਚੋਲ ਕਰਨ ਦੀ ਜਰੂਰ ਹੀ ਕ੍ਰਿਪਾਲਤਾ ਕੀਤੀ ਜਾਵੇ ਤਾਂ ਸਹਿਜੇ ਹੀ ਜੀਵਨ ਜੁਗਤ ਦੀ ਜਾਚ ਦਾ ਪਤਾ ਲਗ ਜਾਂਦਾ ਹੈ। ਇਹ ਪਿਆਰ ਭਰੀ ਪੱਤ੍ਰਿਕਾ ਗੁਰਬਾਣੀ ਦੇ ਸਰਵ ਸਾਂਝੇ ਸਨੇਹੇ ਨੂੰ ਘਰ ਘਰ ਪਹੁੰਚਾਉਣ ਦਾ ਉਪਰਾਲਾ ਹੈ। ਇਸ ਪਤ੍ਰਿਕਾ ਦੇ ਪਿਛਲੇ 15 ਸਾਲਾ ਸਫ਼ਰ ਅੰਦਰ ਜੋ ਰੂਹਾਨੀ ਇਨਕਲਾਬ ਆਏ ਹਨ ਉਨ੍ਹਾਂ ਦਾ ਭਲੀ ਪ੍ਰਕਾਰ ਪਤਾ ਪਾਠਕਾਂ ਨੂੰ ਹੈ। ਹਰ ਮੈਗਜ਼ੀਨ ਨੂੰ ਚਲਾਉਣ ਵਾਸਤੇ ਆਰਥਿਕ ਤੌਰ ਉਪਰ ਜਿਥੇ ਜਰੂਰਤ ਹੁੰਦੀ ਹੈ ਉਥੇ ਇਸ ਵਿੱਚ ਛਪਣ ਵਾਲੇ ਮੈਟਰ ਦੀ ਘਾਟ ਮਹਿਸੂਸ ਹੁੰਦੀ ਰਹਿੰਦੀ ਹੈ। ਰੂਹਾਨੀ ਮਿਸ਼ਨ ਰਤਵਾੜਾ ਸਾਹਿਬ ਦੇ ਬਾਨੀ ਮਹਾਂਪੁਰਸ਼ਾਂ ਨੇ ਇਨ੍ਹਾਂ ਦੀ ਕਦੇ ਵੀ ਘਾਟ ਨਾ ਮਹਿਸੂਸ ਹੋਵੇ ਇਸ ਵਾਸਤੇ ਕਰੋੜਾਂ ਰੁਪਏ ਦੀਆਂ ਐਫ.ਡੀ.ਆਰ. ਅਤੇ ਹਜਾਰਾਂ ਹੀ ਕੈਸਟਾਂ ਅੰਦਰ ਅਥਾਹ ਖਜਾਨਾ ਆਪਣੇ ਜੀਵਨ ਸਫ਼ਰ ਵਿੱਚ ਹੀ ਜਮ੍ਹਾਂ ਕਰਾ ਦਿਤਾ ਸੀ। ਇਸ ਦੇ ਨਿਰੰਤਰ ਰੂਹਾਨੀ ਸਫ਼ਰ ਨੂੰ ਇਨਸਾਨ ਦੀ ਛੋਟੀ ਪਛਾਂਹ ਖਿਚੂ ਸੋਚ ਵੀ ਇਸ ਦੇ ਰਾਹ ਅੰਦਰ ਕੋਈ ਵੀ ਰੁਕਾਵਟ ਪ੍ਰਭਾਵਤ ਨਹੀਂ ਕਰ ਸਕਦੀ ਹੈ।

ਦੁਨਿਆਵੀ ਵਿਦਿਆ ਦੇ ਨਾਲ ਰੂਹਾਨੀ ਸੂਝ ਦੀ ਪ੍ਰਾਪਤੀ ਵਾਸਤੇ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਸੇਵਾ ਤੇ ਸਿਮਰਨ ਦਾ ਕੁੰਭ ਲੱਗਿਆ ਹੋਇਆ ਹੈ। ਅਨੇਕਾਂ ਹੀ ਇਸ ਮਿਸ਼ਨ ਨਾਲ ਸਬੰਧਤ ਸਾਰੇ ਸਥਾਨਾਂ ਉੱਪਰ ਵਿਦਿਆ ਮੰਦਰ ਕਾਇਮ ਹੋ ਚੁਕੇ ਹਨ। ਗੁਰਦੁਆਰਾ ਰਤਵਾੜਾ ਸਾਹਿਬ ਕੰਪਲੈਕਸ ਅੰਦਰ ਵੀ ਸਕੂਲ ਅਤੇ ਕਾਲਜ ਬਹੁਤ ਹੀ ਸਫਲਤਾ ਪੂਰਵਕ ਚਲ ਰਹੇ ਹਨ। ਇਨ੍ਹਾਂ ਸਕੂਲਾਂ ਕਾਲਜਾਂ ਅੰਦਰ ਦਾਖਲ ਹੋਣ ਵਾਸਤੇ ਲਗਾਤਾਰ ਸੂਝ ਵਾਲੇ ਪ੍ਰੇਮੀਆਂ ਦੀ ਤਾਂਘ ਰਹਿੰਦੀ ਹੈ। ਉਹ ਆਪਣੇ ਬੱਚਿਆਂ ਦੇ ਭਵਿੱਖ ਨੂੰ ਸਵਾਰਨ ਵਾਸਤੇ ਇਨ੍ਹਾਂ ਸਕੂਲਾਂ ਕਾਲਜਾਂ ਵਿੱਚ ਦਾਖਲ ਕਰਵਾ ਰਹੇ ਹਨ। ਮਹਾਂਪੁਰਸ਼ਾਂ ਦੀ ਚਲਾਈ ਪਰੰਪਰਾ ਅਨੁਸਾਰ ਹਰ ਮਹੀਨੇ ਪੂਰਨਮਾਸ਼ੀ ਸਮਾਗਮ ਹੁਣ ਰਾਤ ਦੀ ਰੈਣ ਸਬਾਈ ਵਿੱਚ ਬਦਲ ਚੁਕਿਆ ਹੈ। ਹਰ ਪੂਰਨਮਾਸ਼ੀ ਨੂੰ ਰਾਤ ਅੱਠ ਵਜੇ ਅੰਮ੍ਰਿਤ ਦੇ ਬਾਟੇ ਤਿਆਰ ਹੁੰਦੇ ਹਨ। ਚੰਦਰਮਾਂ ਦੀਆਂ ਕਿਰਨਾਂ ਵਿੱਚ ਜੜੀ ਬੂਟੀਆਂ ਨਾਲ ਖੀਰ ਤਿਆਰ ਕੀਤੀ ਜਾਂਦੀ ਹੈ। ਬਹੁਤ ਸਾਰੇ ਸੰਤ ਅਤੇ ਸੰਗਤਾਂ ਸਾਰੀ ਰਾਤ ਰੈਣ ਸਬਾਈ ਕੀਰਤਨ ਵਿੱਚ ਹਾਜਰੀ ਭਰਦੀਆਂ ਹਨ। ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਦਾ ਸ਼ਾਂਤ ਕੁਦਰਤੀ ਦਾਂਤਾਂ ਨਾਲ ਭਰਪੂਰ ਮਹੌਲ ਆਪਣੇ ਅੰਦਰ ਵਸਦੇ ਨਾਮ ਨਾਲ ਜੁੜਨ ਦਾ ਸਰੋਤ ਬਣਦਾ ਹੈ। ਸਰੀਰਕ ਇਸ਼ਨਾਨ ਕਰਨ ਵਾਸਤੇ ਅਤਿਆਧੁਨਿਕ ਤਰੀਕੇ ਨਾਲ ਤਿਆਰ ਕੀਤਾ ਪਵਿੱਤਰ ਸਰੋਵਰ ਸਸ਼ੋਭਿਤ ਹੈ। ਸੈਂਕੜੇ ਏਕੜ ਜ਼ਮੀਨ ਵਿੱਚ ਚੌਗਿਰਦੇ ਨੂੰ ਸੰਭਾਲਣ ਵਾਸਤੇ ਦਰਖਤ ਲਗਾਏ ਜਾ ਰਹੇ ਹਨ। ਕੀਟਨਾਸ਼ਕ ਦਵਾਈਆਂ ਦੇ ਸਪਰੇਅ ਤੋਂ ਬਿਨ੍ਹਾਂ ਜੜ੍ਹੀ ਬੂਟੀਆਂ ਅਤੇ ਲੰਗਰ ਵਾਸਤੇ ਖਾਦ ਪਦਾਰਥਾਂ ਦੀ ਖੇਤੀ ਕੀਤੀ ਜਾਂਦੀ ਹੈ। ਪ੍ਰਤੱਖ ਵੇਖਣ ਨੂੰ ਮਿਲ ਰਿਹਾ ਹੈ ਕਿ ਜਿਨ੍ਹਾਂ ਬਿਮਾਰੀਆਂ ਦਾ ਇਲਾਜ ਲੱਖਾਂ ਰੁਪਏ ਖਰਚ ਕੇ ਵੀ ਨਹੀਂ ਹੋਇਆ ਸੀ, ਉਨ੍ਹਾਂ ਦਾ ਇਲਾਜ ਕੁਦਰਤੀ ਵਾਤਾਵਰਣ ਦੀ ਨੇੜਤਾ ਪ੍ਰਾਪਤ ਰਤਵਾੜਾ ਸਾਹਿਬ ਵਿਖੇ ਸੇਵਾ ਸਿਮਰਨ ਕਰਕੇ ਹੋ ਰਿਹਾ ਹੈ।

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਦੇ ਮੁੱਖ ਕੇਂਦਰ ਗੁਰੂਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਪੁਰਾਤਨ ਜੜ੍ਹੀ ਬੂਟੀਆਂ ਦਾ ਲੋੜਵੰਦ ਗਰੀਬਾਂ ਨੂੰ ਬਿਲਕੁੱਲ ਫਰੀ ਮੁਫਤ ਪੂਰਨਮਾਸ਼ੀ ਦੀ ਰਾਤ ਨੂੰ ਵਿਤਰਣ ਕੀਤਾ ਜਾਂਦਾ ਹੈ। ਇਸ ਲਈ ਜਰੂਰ ਹੀ ਜਿੰਦਗੀ ਵਿੱਚ ਜੋ ਅਜੇ ਤੱਕ ਗੁਰੂ ਵਾਲੇ ਨਹੀਂ ਬਣੇ ਉਹ ਪੂਰਨਮਾਸ਼ੀ ਦੀ ਰਾਤ ਜਰੂਰ ਹੀ ਰਤਵਾੜਾ ਸਾਹਿਬ ਆ ਕੇ ਅੰਮ੍ਰਿਤ ਛਕਣ ਦੀ ਕ੍ਰਿਪਾਲਤਾ ਕਰਨ। ਆਤਮ ਮਾਰਗ ਦੇ ਸਾਰੇ ਪਾਠਕਾਂ ਦੇ ਚਰਨਾਂ ਵਿੱਚ ਨਿਮਰਤਾ ਸਹਿਤ ਬੇਨਤੀ ਹੈ ਕਿ ਜਰੂਰ ਹੀ ਸ਼ਬਦ ਲੰਗਰ ਵਿੱਚ ਆਪਣਾ ਬਣਦਾ ਯੋਗਦਾਨ ਜਰੂਰ ਹੀ ਪਾਉਣ ਦੀ ਕ੍ਰਿਪਾਲਤਾ ਕਰਨ। ਗੁਰੂ ਪਾਤਿਸ਼ਾਹ ਦੀਆਂ ਖੁਸ਼ੀਆਂ ਗੁਰੂ ਕੇ ਲੰਗਰਾਂ ਵਿੱਚ ਸੇਵਾ ਕਰਨ ਨਾਲ ਪ੍ਰਾਪਤ ਹੁੰਦੀਆਂ ਹਨ। ਸੰਗਤਾਂ ਦੀ ਸਰੀਰਕ ਭੁੱਖ ਦੀ ਤ੍ਰਿਪਤੀ ਵਾਸਤੇ ਰਤਵਾੜਾ ਸਾਹਿਬ 24 ਘੰਟੇ ਲੰਗਰ ਅਤੁੱਟ ਵਰਤਦੇ ਹਨ ਉਥੇ ਨਾਲ ਹੀ ਗੁਰ-ਸ਼ਬਦ ਲੰਗਰ ਮਾਨਸਿਕ ਤ੍ਰਿਪਤੀ ਦੀ ਪੂਰਤੀ ਕਰ ਰਹੇ ਹਨ। ਇਸ ਲਈ ਜਰੂਰ ਹੀ ਮਹਾਂਪੁਰਸ਼ਾਂ ਦੀ ਸੰਗਤ ਸੋਭਤ ਸ਼ੋਹਰਤ ਲਾਹਾ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ।

# ਬਾਰਹਮਾਹਾ
# ਫਲਗੁਨਿ

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ।***

ਵਾਹਿਗੁਰੂ ਜੀ ਨੇ ਆਪਣੀ ਮੌਜ ਵਿਚ ਸ੍ਰਿਸ਼ਟੀ ਦੀ ਰਚਨਾ ਕੀਤੀ। ਸ਼ਬਦ ਤੋਂ ਪਸਾਰਾ ਹੋਇਆ –

***ਕੀਤਾ ਪਸਾਉ ਏਕੋ ਕਵਾਉ॥***
***ਤਿਸ ਤੇ ਹੋਏ ਲਖ ਦਰੀਆਉ॥ ਅੰਗ – 3***

ਜੋ ਕੁਝ ਵੀ ਅਸੀਂ ਦ੍ਰਿਸ਼ਟਮਾਨ ਵਿਚ ਤੱਕ ਰਹੇ ਹਾਂ ਉਹ ਸਾਰਾ ਪਸਾਰਾ ਗੁਰਮਤਿ ਅਨੁਸਾਰ ਇਕ ਸ਼ਬਦ ਤੋਂ ਵਜੂਦ ਵਿਚ ਆਇਆ–

***ਏਕ ਕਵਾਵੈ ਤੇ ਸਭਿ ਹੋਆ॥ ਕਰਣੈਹਾਰਾ ਬੂਝਹੁ ਰੇ॥***
***ਅੰਗ – 1003***

ਹੁਕਮ ਦੀ ਕ੍ਰਿਆ ਤੋਂ ਆਕਾਰ ਬਣ ਗਏ, ਅਨੇਕ ਜੀਵ ਜੰਤੂ, ਜੂਨਾਂ ਹੋਂਦ ਵਿਚ ਆ ਗਈਆਂ। ਇਨ੍ਹਾਂ ਸਾਰੀਆਂ ਜੂਨਾਂ ਵਿਚੋਂ ਮਨੁੱਖ ਜੂਨੀ ਸਭ ਤੋਂ ਉਤਮ ਹੈ। ਜਿਉਂ-ਜਿਉਂ ਚੇਤਨਾ ਵਿਚ ਵਸਦਾ ਗਿਆ, ਸੂਝ ਵਧਦੀ ਗਈ। ਇਹ ਸਾਰੀਆਂ ਜੂਨਾਂ ਇਕ ਗੋਲ ਚੱਕਰ ਦੀ ਸ਼ਕਲ ਵਿਚ ਚੱਕਰ ਤੇ ਚੜ੍ਹੀਆਂ ਘੁੰਮਣ ਲੱਗੀਆਂ। ਜਿਉਂ-ਜਿਉਂ ਵਿਕਾਸ ਹੁੰਦਾ ਗਿਆ ਤਿਉਂ-ਤਿਉਂ ਇਹ ਪੂਰਨ ਚੇਤਨਾ ਦੇ ਗੇੜੇ ਉਸ ਚੱਕਰ ਤੇ ਚੜ੍ਹੀਆਂ, ਆਹਿਸਤਾ-ਆਹਿਸਤਾ ਘੁੰਮਦੀਆਂ ਅੱਗੇ ਵਧਦੀਆਂ ਗਈਆਂ ਅਤੇ ਕ੍ਰਮਵਾਰ ਮਨੁੱਖ ਸ਼੍ਰੇਣੀ ਵਿਚ ਦਾਖਲ ਹੁੰਦੀਆਂ ਰਹੀਆਂ–

***ਕਈ ਜਨਮ ਭਏ ਕੀਟ ਪਤੰਗਾ॥***
***ਕਈ ਜਨਮ ਗਜ ਮੀਨ ਕੁਰੰਗਾ॥***
***ਕਈ ਜਨਮ ਪੰਖੀ ਸਰਪ ਹੋਇਓ॥***
***ਕਈ ਜਨਮ ਹੈਵਰ ਬ੍ਰਿਖ ਜੋਇਓ॥***
***ਮਿਲੁ ਜਗਦੀਸ ਮਿਲਨ ਕੀ ਬਰੀਆ॥***
***ਚਿਰੰਕਾਲ ਇਹ ਦੇਹ ਸੰਜਰੀਆ॥ ਅੰਗ – 176***

ਮਨੁੱਖ ਦੀ ਦੇਹ ਕ੍ਰੋੜਾਂ ਸਾਲਾਂ ਦਾ ਇੰਤਜ਼ਾਰ ਕਰਨ ਪਿਛੋਂ ਪ੍ਰਾਪਤ ਹੋਈ। ਇਸ ਦਾ ਮੁੱਖ ਮੰਤਵ ਗੁਰੂ ਮਹਾਰਾਜ ਜੀ ਨੇ ਬਹੁਤ ਸਪਸ਼ਟ ਕਰਕੇ ਦੱਸਿਆ ਹੈ। ਉਹ ਇਹ ਹੈ ਕਿ ਇਸ ਸਰੀਰ ਦੇ ਅੰਦਰ ਵਾਹਿਗੁਰੂ ਜੀ ਆਪ ਵਸਦੇ ਹਨ। ਪੂਰਨ ਮਹਾਂਪੁਰਸ਼ਾਂ ਨੂੰ ਮਿਲ ਕੇ ਵਾਹਿਗੁਰੂ ਜੀ ਦੇ ਦਰ ਤੱਕ ਪਹੁੰਚਣਾ ਹੈ ਪਰ ਹੋਇਆ ਕੀ, ਇਹ ਮਨੁੱਖ ਮਾਇਆ ਦੇ ਛਲ ਵਿਚ ਆ ਗਿਆ ਅਤੇ ਉਸਦੀਆਂ ਪ੍ਰਬਲ ਸ਼ਕਤੀਆਂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ; ਸ਼ਬਦ, ਸਪਰਸ਼, ਰੂਪ, ਰਸ, ਗੰਧ ਵਰਗੇ ਵਿਸ਼ਿਆਂ ਅਤੇ ਰਾਜ, ਮਾਲ, ਰੂਪ, ਜਾਤ, ਜੋਬਨ ਵਰਗੇ ਠੱਗਾਂ ਦੇ ਧੱਕੇ ਚੜ੍ਹ ਗਿਆ; ਆਸਾ, ਅੰਦੇਸਾ ਦੇ ਜਾਲ ਵਿਚ ਫਸ ਗਿਆ। ਤ੍ਰਿਸ਼ਨਾ ਦੀ ਅੱਗ ਦੇ ਭਾਂਬੜ ਵਿਚ ਜਲਣ ਲੱਗਿਆ, ਵੈਰ, ਵਿਰੋਧ, ਕਾਮ, ਕ੍ਰੋਧ, ਝੂਠ, ਬਿਕਾਰ, ਮਹਾ ਲੋਭ, ਧ੍ਰੋਹ ਦੀਆਂ ਪ੍ਰਬਲ ਸ਼ਕਤੀਆਂ ਦੇ ਅਸਰ ਵਿਚ ਫਸਿਆ ਆਪਣੇ ਜੀਵਨ ਦਾ ਸਮਾਂ ਵਿਅਰਥ ਗੁਆ ਲਿਆ। ਇਸ ਜੀਵ ਅੰਦਰ ਹਉਮੈ ਤੱਤ ਉਭਰ ਕੇ ਪੂਰੇ ਜੋਬਨ ਨਾਲ ਇਸਦੀ ਸੋਝੀ ਨੂੰ ਦੂਸ਼ਿਤ ਕਰਦਾ ਰਿਹਾ, ਇਸ ਜੀਵ ਨੇ ਕਰਮ ਕੀਤਾ ਅਤੇ ਉਨ੍ਹਾਂ ਨੂੰ ਆਪਣੀ ਸੋਝੀ ਵਿਚ ਧਾਰਨ ਕਰ ਲਿਆ ਕਿ ਇਹ ਸਾਰੇ ਕੰਮ ਮੈਂ ਕੀਤੇ ਹਨ। 'ਮੈਂ' ਦੇ ਭਾਵ ਨਾਲ ਕਰਮਾਂ ਦਾ ਚੱਕਰ ਇਸ ਦੇ ਦੁਆਲੇ ਚਿੰਬੜ ਗਿਆ ਅਤੇ ਇਹ ਕਰਮ ਜਾਲ ਵਿਚ ਫਸ ਗਿਆ। ਇਸ ਕਿਰਤ ਕਰਮ ਨੇ ਪ੍ਰਭੂ ਜੋਤ ਨੂੰ ਭੁਲਾ ਦਿਤਾ ਅਤੇ ਮੁੜ ਕੇ ਇਹ ਪਤਨ ਵਲ ਨੂੰ ਉਸੇ ਕਾਲ ਚੱਕਰ ਤੇ ਘੁੰਮਣ ਲਗਿਆ। ਹੌਲੀ-ਹੌਲੀ ਫੇਰ ਮਾਨਸ ਦੇਹ ਪ੍ਰਾਪਤ ਕਰਨ ਦੇ ਅਵਸਰ ਦੇ ਨੇੜੇ ਆਉਣ ਲੱਗਿਆ ਪਰ ਫੇਰ ਮਨੁੱਖ ਬਣ ਕੇ ਉਸੇ ਚੱਕਰ ਵਿਚ ਗ੍ਰਸਤ ਹੋ ਗਿਆ। ਇਹ ਸਾਡੀ ਦਸ਼ਾ ਹੈ ਜਿਸ ਵਿਚ ਪ੍ਰਵਿਰਤ ਹੋਏ ਹੋਏ ਅਸੀਂ ਬਾਣੀ ਦੀ ਸਤਿ ਅਵਾਜ਼ ਨੂੰ ਅੰਦਰ ਸੁਣ ਨਹੀਂ ਰਹੇ ਜੋ ਬਾਰ-ਬਾਰ ਇਹ ਕਹਿ ਰਹੀ ਹੈ –

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥ ਅੰਗ – 12***

ਬਾਣੀ ਦੱਸ ਰਹੀ ਹੈ ਕਿ ਤੇਰੀ ਵਾਰੀ ਆ ਗਈ, ਤੂੰ ਸਾਵਧਾਨ ਹੋ। ਜਿਹੜੇ ਕੰਮਾਂ ਵਿਚ ਤੂੰ ਰੁਝਿਆ ਹੈਂ ਇਹ ਤੇਰੀ ਮਦਦ ਕਰਨ ਲਈ ਨਾਲ ਨਹੀਂ ਜਾਣੇ। ਤੈਨੂੰ ਅਸੀਂ ਬਹੁਤ ਹੀ ਪਿਆਰ ਨਾਲ ਸਲਾਹ ਦਿੰਦੇ ਹਾਂ, ਉਹਨੂੰ ਸੁਣ–

***ਕਰਉ ਬੇਨੰਤੀ ਸੁਨਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ॥***
***ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ॥***
***ਅਉਧ ਘਟੈ ਦਿਨਸੁ ਰੈਨਾਰੇ॥ ਮਨ ਗੁਰ ਮਿਲਿ ਕਾਜ ਸਵਾਰੇ॥***
***ਇਹੁ ਸੰਸਾਰੁ ਬਿਕਾਰੁ ਸੰਸੇ ਮਹਿ ਤਰਿਓ ਬ੍ਰਹਮ ਗਿਆਨੀ॥***
***ਜਿਸਹਿ ਜਗਾਇ ਪੀਆਏ ਹਰਿ ਰਸੁ ਅਕਥ ਕਥਾ ਤਿਨਿ ਜਾਨੀ॥***
***ਜਾ ਕਉ ਆਏ ਸੋਈ ਬਿਹਾਝਹੁ ਹਰਿ ਗੁਰ ਤੇ ਮਨਹਿ ਬਸੇਰਾ॥***
***ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ॥***
***ਅੰਗ – 205***

ਅਤੇ ਜਿਨ੍ਹਾਂ ਕੰਮਾਂ ਵਿਚ ਅਸੀਂ ਰੁਝੇ ਹਾਂ ਉਨ੍ਹਾਂ ਦੀ ਅਸਾਰਤਾ ਦਰਸਾਉਂਦੇ ਹੋਏ ਆਪ ਫੁਰਮਾਨ ਕਰਦੇ ਹਨ ਕਿ

ਇਹ ਮਹਿਲ ਮਾੜੀਆਂ ਜਿਨ੍ਹਾਂ ਵਿਚ ਤੂੰ ਖਚਿਤ ਹੋਇਆ ਹੋਇਆ ਹੈਂ, ਇਹ ਕੁਝ ਵੀ ਨਹੀਂ, ਕੇਵਲ ਮਿਟੀ ਦੀਆਂ ਢੇਰੀਆਂ ਹਨ। ਮਾਇਆ ਕਮਾਉਣ ਦੇ ਚੱਕਰ ਵਿਚ ਪਿਆ ਹੋਇਆ ਤੂੰ ਗਫਲਤ ਕਰ ਰਿਹਾ ਹੈਂ ਤੇ ਤੇਰਾ ਸਮਾਂ ਲੰਘਦਾ ਤੁਰਿਆ ਜਾ ਰਿਹਾ ਹੈ। ਇਹ ਸਮਾਂ ਬਾਰ-ਬਾਰ ਨਹੀਂ ਆਉਣਾ -

***ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ॥***
***ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ॥***
***ਅੰਗ - 1366***

ਇਸ ਤਰ੍ਹਾਂ ਦੀਆਂ ਘੁਮੇਟਣੀਆਂ ਖਾਂਦੇ ਨੂੰ ਜੁਗਾਂ ਦੇ ਜੁਗ ਬਤੀਤ ਹੋ ਗਏ। ਕ੍ਰੋੜਾਂ ਸਾਲ ਲੰਘ ਗਏ। ਗੁਰੂ ਮਹਾਰਾਜ ਜੀ ਸਾਵਧਾਨ ਕਰਦੇ ਹੋਏ ਫੁਰਮਾਨ ਕਰਦੇ ਹਨ-

***ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ॥***
***ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ॥***
***ਅੰਗ - 631***

***ਫਰੀਦਾ ਕੋਠੇ ਮੰਡਪ ਮਾੜੀਆ ਏਤੁ ਨ ਲਾਏ ਚਿਤੁ॥***
***ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ॥***
***ਅੰਗ - 1380***

***ਤੁਰੇ ਪਲਾਣੇ ਪਉਣ ਵੇਗ ਹਰ ਰੰਗੀ ਹਰਮ ਸਵਾਰਿਆ॥***
***ਕੋਠੇ ਮੰਡਪ ਮਾੜੀਆ ਲਾਇ ਬੈਠੇ ਕਰਿ ਪਾਸਾਰਿਆ॥***
***ਚੀਜ ਕਰਨਿ ਮਨਿ ਭਾਵਦੇ ਹਰਿ ਬੁਝਨਿ ਨਾਹੀ ਹਾਰਿਆ॥***
***ਕਰਿ ਫੁਰਮਾਇਸਿ ਖਾਇਆ ਵੇਖਿ ਮਹਲਤਿ ਮਰਣੁ ਵਿਸਾਰਿਆ॥***
***ਜਰੁ ਆਈ ਜੋਬਨਿ ਹਾਰਿਆ॥ ਅੰਗ - 472***

ਸੋ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਪਿਆਰਿਆ! ਤੈਨੂੰ ਬਹੁਤ ਮੁਸ਼ਕਲਾਂ ਦੇ ਨਾਲ ਇਹ ਮਾਨਸ ਦੇਹੀ ਪ੍ਰਾਪਤ ਹੋਈ ਹੈ। ਇਹ ਕੇਵਲ ਪ੍ਰਭੂ ਨੂੰ ਮਿਲਣ ਵਾਸਤੇ ਹੈ। ਤੂੰ ਬਹੁਤ ਦੁਖਾਂ ਦੇ ਵਿਚ ਪਿਆ ਹੋਇਆ ਮਾਇਆ ਦੀ ਪਕੜ ਵਿਚ ਆ ਕੇ ਘੁੰਮ ਰਿਹਾ ਹੈਂ। ਐ ਜੀਵ! ਤੂੰ ਉਨ੍ਹਾਂ ਪੁਰਸ਼ਾਂ ਦੀ ਸੰਗਤ ਵਿਚ ਜਾਹ, ਜਿਨ੍ਹਾਂ ਨੇ ਵਾਹਿਗੁਰੂ ਜੀ ਨਾਲ ਮਿਲਾਪ ਕਰ ਲਿਆ ਹੈ ਜਿਨ੍ਹਾਂ ਨੂੰ ਇਕ ਸੁਆਸ ਭੀ ਪ੍ਰਭੂ ਨਹੀਂ ਵਿਸਰਦਾ, ਉਹ ਤੱਤ ਬੇਤੇ ਸੰਤ, ਗੁਰੂ ਲੋਕ ਤੈਨੂੰ ਪ੍ਰਭੂ ਦੇ ਨਾਲ ਮਿਲਾ ਦੇਣਗੇ -

***ਅਵਰਿ ਕਾਜ ਤੇਰੈ ਕਿਤੈ ਨ ਕਾਮ॥***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥ ਅੰਗ - 12***

ਸੋ ਗੁਰੂ ਮਹਾਰਾਜ ਜੀ ਮਾਝ ਰਾਗ ਦੇ ਬਾਰਾਮਾਹ ਵਿਚ ਹੋਰ ਸਪਸ਼ਟ ਕਰਦਿਆਂ ਹੋਇਆਂ ਫੁਰਮਾਨ ਕਰਦੇ ਹਨ-

***ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ॥***
***ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ॥***
***ਅੰਗ - 133***

ਸੰਤਾਂ ਨੂੰ ਮਿਲ ਕੇ ਨਾਮ ਦੀ ਸੋਝੀ ਆਉਂਦੀ ਹੈ -

***ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ॥***
***ਅੰਗ - 133***

ਉਹ ਫੁਰਮਾਉਂਦੇ ਹਨ ਕਿ ਇਕ ਖਿਨ ਮਾਤਰ ਵੀ ਵਾਹਿਗੁਰੂ ਤੋਂ ਬਿਨਾਂ ਜਿਉਣਾ ਬਿਰਥਾ ਹੋਇਆ ਕਰਦਾ ਹੈ। ਜਿਹੜਾ ਇਸ ਪ੍ਰਭੂ ਨੂੰ ਨਹੀਂ ਮਿਲਦਾ ਉਸਨੂੰ ਕਿੰਨੇ ਕੁ ਦੁਖਾਂ ਦਾ ਸਾਮ੍ਹਣਾ ਕਰਨਾ ਪੈਂਦਾ ਹੈ ਇਸ ਦਾ ਕੋਈ ਵੀ ਅੰਦਾਜ਼ਾ ਨਹੀਂ ਲਗਦਾ ਕਿਉਂਕਿ ਸਾਰੇ ਕਲੇਸ਼, ਸਾਰੇ ਵਿਘਨ ਇਸ ਜੀਵ ਦੇ ਗਲ ਪੈ ਜਾਂਦੇ ਹਨ। ਅਵਿਦਿਆ, ਅਸਮਿਤਾ, ਅਭਿਨਿਵੇਸ਼, ਰਾਗ, ਦ੍ਵੈਸ਼ ਵਰਗੇ ਕਲੇਸ਼ਾਂ ਵਿਚ ਪਿਆ ਜੀਵ ਆਪਣਾ ਜਨਮ ਬਿਰਥਾ ਗਵਾ ਲੈਂਦਾ ਹੈ। ਸੋ ਗੁਰੂ ਮਹਾਰਾਜ ਜੀ ਫੁਰਮਾਉਂਦੇ ਹਨ -

***ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ॥***
***ਅੰਗ - 133***

***ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ॥***
***ਅੰਗ - 522***

ਬਾਰਾਮਾਹ ਇਸ ਜੀਵ ਨੂੰ ਪ੍ਰਭੂ ਮਿਲਾਪ ਦੀ ਲਗਨ ਲਾਉਂਦਾ ਹੈ ਅਤੇ ਸੰਗਤ ਵਿਚ ਮਿਲ ਕੇ ਵਿਚਾਰ ਕਰਦਾ ਹੈ ਕਿ ਅੱਜ ਸਾਲ ਦਾ ਇਕ ਚੱਕਰ ਪੂਰਾ ਕਰਕੇ ਆਖਰੀ ਪੜਾਅ ਤੇ ਪਹੁੰਚ ਚੁਕਿਆ ਹੈ। ਮਾਘ ਦੇ ਮਹੀਨੇ ਵਿਚ ਸੰਤਾਂ ਦੀ ਸੰਗਤ ਅਤੇ ਉਨ੍ਹਾਂ ਦੀ ਧੂੜੀ ਦਾ ਮਹਾਤਮ ਦਸਿਆ ਗਿਆ ਸੀ ਜਿਸ ਦੇ ਫਲਸਰੂਪ ਇਸ ਜੀਵ ਨੇ ਜੀਵਨ ਢਾਲਿਆ ਤੇ ਹੁਣ ਫਲਗੁਣ ਦੇ ਮਹੀਨੇ ਇਸ ਦੀ ਕ੍ਰੋੜਾਂ ਅਰਬਾਂ ਸਾਲਾਂ ਦੀ ਲੱਗੀ ਹੋਈ ਲੋਚਾ ਪੂਰੀ ਕਰ ਦਿਤੀ। ਵਾਹਿਗੁਰੂ ਜੀ ਪ੍ਰਗਟ ਹੋ ਗਏ, ਸੰਤਾਂ ਨੇ ਪੂਰੀ ਸਹਾਇਤਾ ਕੀਤੀ। ਇਸ ਤੋਂ ਪਹਿਲਾਂ ਵਾਹਿਗੁਰੂ ਜੀ ਰਹਿੰਦੇ ਕਿਥੇ ਸਨ? ਗੁਰਬਾਣੀ ਦੇ ਅੰਦਰ ਬਹੁਤ ਹੀ ਵਿਸਥਾਰ ਨਾਲ ਖੋਲ੍ਹ ਕੇ ਦੱਸਿਆ ਗਿਆ ਹੈ ਕਿ ਇਸ ਸਰੀਰ ਦੀ ਮਹੱਤਤਾ ਇਸੇ ਕਰਕੇ ਹੈ ਕਿ ਵਾਹਿਗੁਰੂ ਜੀ ਨੇ ਆਪਣਾ ਆਸਣ ਇਸ ਸਰੀਰ ਵਿਚ ਸਥਾਪਿਤ ਕੀਤਾ ਹੋਇਆ ਹੈ ਅਤੇ ਆਪਣੇ ਤੱਕ ਪਹੁੰਚਣ ਦਾ ਰਸਤਾ ਤੱਤ ਬੇਤੇ ਮਹਾਂਪੁਰਸ਼ਾਂ ਨੂੰ ਪ੍ਰਗਟ ਕੀਤਾ ਹੋਇਆ ਹੈ। ਉਹ ਸੰਸਾਰ ਦੇ ਭਲੇ ਲਈ ਘਾਲ ਕਮਾਈਆਂ ਕਰਕੇ ਜਗਿਆਸੂਆਂ ਨੂੰ ਦਸਦੇ ਰਹਿੰਦੇ ਹਨ ਕਿ ਇਸ ਸਰੀਰ ਦੇ ਨੌਂ ਦਰਵਾਜ਼ਿਆਂ ਵਿਚੋਂ ਕੋਈ ਵੀ ਦਰਵਾਜ਼ਾ ਵਾਹਿਗੁਰੂ ਜੀ ਵਲ ਨਹੀਂ ਖੁਲ੍ਹਦਾ। ਇਹ ਸਾਰੇ ਦਰਵਾਜ਼ੇ ਬਾਹਰ ਨੂੰ ਖੁਲ੍ਹਦੇ ਹਨ। ਅੱਖੀਆਂ ਦੇਖ ਕੇ ਰਜਦੀਆਂ ਨਹੀਂ, ਕੰਨ ਗੀਤ ਅਤੇ ਨਾਦ ਸੁਣ-ਸੁਣ ਕੇ ਪਰਚੇ ਰਹਿੰਦੇ ਹਨ, ਜੀਭ ਅਨੇਕ ਕਿਸਮ ਦੇ ਸਵਾਦਾਂ ਵਿਚ ਪਰਚੀ ਰਹਿੰਦੀ ਹੈ। ਬਹੁਤ ਕਿਸਮ ਦੇ ਕੁ-ਰਸ ਮਾਣ ਕੇ ਨਿਤਾਣੀ ਬਣਦੀ ਜਾਂਦੀ ਹੈ, ਨੱਕ ਅਨੇਕ ਕਿਸਮ ਦੀਆਂ ਸੁਗੰਧੀਆਂ ਵਿਚ

ਪਰਚਦਾ ਹੈ ਤੇ ਹੋਰ ਇੰਦ੍ਰੇ ਵਿਸ਼ੇ ਭੋਗਾਂ ਵਿਚ ਪਰਚੇ ਰਹਿੰਦੇ ਹਨ। ਇਹ ਸਾਰੇ ਵਾਹਿਗੁਰੂ ਜੀ ਨੂੰ ਮਿਲਾਉਣ ਵਾਸਤੇ ਜਦੋਂ ਤੱਕ ਸੋਧੇ ਨਾ ਜਾਣ, ਸਹਾਇਤਾ ਕਰਨ ਦੀ ਥਾਂ ਇਸ ਜੀਵ ਨੂੰ ਬੁਰੀ ਤਰ੍ਹਾਂ ਫਸਾ ਦਿੰਦੇ ਹਨ ਪਰ ਜਦੋਂ ਮਹਾਂਪੁਰਸ਼ਾਂ ਦੀ ਕ੍ਰਿਪਾ ਹੋ ਜਾਵੇ ਤੇ ਇਸ ਜੀਵ ਨੂੰ ਸਮਰੱਥ ਗੁਰੂ ਦਾ ਮੰਤ੍ਰ ਪ੍ਰਾਪਤ ਹੋ ਜਾਵੇ ਤਾਂ ਇਹੀ ਇੰਦ੍ਰੇ ਸਹਾਇਤਾ ਕਰਦੇ ਹਨ। ਰਸਨਾ ਨਾਮ ਜਪਦੀ ਹੈ, ਸਰਵਣ ਹਰੀ ਦਾ ਜਸ ਸੁਣਦੇ ਹਨ ਜਿਸ ਦਾ ਫਲ ਕਈ ਕ੍ਰੋੜਾਂ ਜੱਗਾਂ ਤੋਂ ਵੱਧ ਹੁੰਦਾ ਹੈ –

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥***
***ਅੰਗ – 546***

ਨੇਤਰ ਪ੍ਰਭੂ ਪਿਆਰਿਆਂ ਦੇ ਦਰਸ਼ਨ ਕਰਕੇ, ਚਰਨ ਸਤਿਸੰਗ ਤੇ ਜਾਣ ਕਰਕੇ, ਹੱਥ ਸੇਵਾ ਕਰਕੇ, ਹਿਰਦਾ ਵਾਹਿਗੁਰੂ ਦਾ ਪਿਆਰ ਹਿਰਦੇ ਵਿਚ ਵਸਣ ਕਰਕੇ, ਮੱਥਾ ਸੰਤਾਂ ਦੀ ਧੂੜੀ ਨਾਲ ਛੁਹਾ ਕੇ ਪਵਿੱਤਰ ਹੋ ਜਾਂਦਾ ਹੈ –

***ਚਰਨਹ ਗੋਬਿੰਦ ਮਾਰਗੁ ਸੁਹਾਵਾ॥***
***ਆਨ ਮਾਰਗ ਜੇਤਾ ਕਿਛੁ ਧਾਈਐ ਤੇਤੋ ਹੀ ਦੁਖੁ ਹਾਵਾ॥***
***ਨੇਤ੍ਰ ਪੁਨੀਤ ਭਏ ਦਰਸੁ ਪੇਖੇ ਹਸਤ ਪੁਨੀਤ ਟਹਲਾਵਾ॥***
***ਰਿਦਾ ਪੁਨੀਤ ਰਿਦੈ ਹਰਿ ਬਸਿਓ ਮਸਤ ਪੁਨੀਤ ਸੰਤ ਧੂਰਾਵਾ॥***
***ਸਰਬ ਨਿਧਾਨ ਨਾਮਿ ਹਰਿ ਹਰਿ ਕੈ***
***ਜਿਸੁ ਕਰਮਿ ਲਿਖਿਆ ਤਿਨਿ ਪਾਵਾ॥***
***ਜਨ ਨਾਨਕ ਕਉ ਗੁਰੁ ਪੂਰਾ ਭੇਟਿਓ***
***ਸੁਖਿ ਸਹਜੇ ਅਨਦ ਬਿਹਾਵਾ॥ ਅੰਗ – 1212***

ਗੁਰੂ ਮਹਾਰਾਜ ਜੀ ਵਾਹਿਗੁਰੂ ਜੀ ਦੇ ਟਿਕਾਣੇ ਬਾਰੇ ਫੁਰਮਾਨ ਕਰਦੇ ਹਨ –

***ਕਾਇਆ ਨਗਰੁ ਨਗਰ ਗੜ ਅੰਦਰਿ॥***
***ਸਾਚਾ ਵਾਸਾ ਪੁਰਿ ਗਗਨੰਦਰਿ॥***
***ਅਸਥਿਰੁ ਥਾਨੁ ਸਦਾ ਨਿਰਮਾਇਲੁ ਆਪੇ ਆਪੁ ਉਪਾਇਦਾ॥***
***ਅੰਦਰਿ ਕੋਟ ਛਜੇ ਹਟਨਾਲੇ॥***
***ਆਪੇ ਲੇਵੈ ਵਸਤੁ ਸਮਾਲੇ॥***
***ਬਜਰ ਕਪਾਟ ਜੜੇ ਜੜਿ ਜਾਣੈ ਗੁਰ ਸਬਦੀ ਖੋਲਾਇਦਾ॥***
***ਭੀਤਰਿ ਕੋਟ ਗੁਫਾ ਘਰ ਜਾਈ॥***
***ਨਉ ਘਰ ਥਾਪੇ ਹੁਕਮਿ ਰਜਾਈ॥***
***ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ॥***
***ਅੰਗ – 1033***

ਇਕ ਹੋਰ ਥਾਂ ਸਪਸ਼ਟ ਕਰਦੇ ਹੋਏ ਫੁਰਮਾਨ ਕਰਦੇ ਹਨ –

***ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ॥***
***ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ॥***
***ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ॥***
***ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ॥***
***ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ॥***
***ਅੰਗ – 954***

ਸੋ ਇਸ ਸਰੀਰ ਦੇ ਵਿਚ ਉਪਮਾ ਰਹਿਤ ਵਾਹਿਗੁਰੂ ਜੀ ਦਾ ਨਿਵਾਸ ਅਸਥਾਨ ਹੈ। ਪਰ ਇਹ ਜੀਵ ਮਾਇਆ ਵਿਚ ਖਚਿਤ ਹੋਇਆ ਹੋਇਆ ਅੰਦਰਲੇ ਰਾਹ ਦੀ ਪਛਾਣ ਨਹੀਂ ਕਰਦਾ ਅਤੇ ਨਾ ਹੀ ਇਹਦੇ ਅੰਦਰ ਰੁਚੀ ਪੈਦਾ ਹੁੰਦੀ ਹੈ ਕਿ ਮੈਂ ਵਾਹਿਗੁਰੂ ਜੀ ਦੇ ਦਰਸ਼ਨ ਪਾਵਾਂ। ਇਹ ਜੀਵ ਨਾਮ ਰੂਪੀ ਮੋਤੀ ਚੁਗਣ ਦੀ ਥਾਂ ਮਰੇ ਹੋਏ ਵਿਸ਼ਿਆਂ ਰੂਪੀ ਡੰਗਰਾਂ ਦਾ ਮਾਸ ਚੂੰਡ-ਚੂੰਡ ਖਾਂਦਾ ਹੈ ਅਤੇ ਆਪਣਾ ਜਨਮ ਬਿਰਥਾ ਗੁਆਉਂਦਾ ਹੈ। ਜਦੋਂ ਬਾਰਾਮਾਹ ਵਿਚ ਦੱਸੇ ਹੋਏ ਉਪਦੇਸ਼ ਇਸ ਜੀਵ ਨੇ ਕਮਾ ਲਏ ਤਾਂ ਉਸਨੂੰ ਪ੍ਰਭੂ ਦੇ ਦਰਸ਼ਨ ਹੋ ਜਾਂਦੇ ਹਨ। ਉਸਨੂੰ ਉਹ ਗੁਪਤ ਰਸਤਾ ਮਿਲ ਜਾਂਦਾ ਹੈ ਜੋ ਦਸਵੇਂ ਦੁਆਰ ਵਲ ਨੂੰ ਜਾਂਦਾ ਹੈ। ਇਸ ਮਹੀਨੇ ਦੇ ਵਿਚ ਪ੍ਰਗਟ ਕਰਦਿਆਂ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ –

***ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ॥***
***ਅੰਗ – 136***

ਵਾਹਿਗੁਰੂ ਜੀ ਦੇ ਮਿਲਾਪ ਦਾ ਕਿੰਨਾ ਅਨੰਦ ਆਇਆ, ਇਹ ਕਹਿਣ ਸੁਣਨ ਤੋਂ ਬਾਹਰ ਹੈ। ਜਿਸ ਥਾਂ ਵਾਹਿਗੁਰੂ ਜੀ ਇਸ ਸਰੀਰ ਵਿਚ ਰਹਿੰਦੇ ਹਨ ਉਸੇ ਬਾਰੇ ਭਾਈ ਗੁਰਦਾਸ ਜੀ ਪ੍ਰਗਟ ਕਰਦੇ ਹੋਏ ਦਸਦੇ ਹਨ ਕਿ ਜੋ ਇਸ ਸਰੀਰ ਦੇ ਵਿਚ ਦਸਵੇਂ ਦੁਆਰ ਦਾ ਟਿਕਾਣਾ ਹੈ ਉਸਨੂੰ ਵਰਨਣ ਕਰਨਾ ਅਤਿ ਕਠਿਨ ਹੈ ਕਿਉਂਕਿ ਉਸਦੇ ਬਰਾਬਰ ਦਾ ਕੋਈ ਹੋਰ ਟਿਕਾਣਾ ਹੈ ਹੀ ਨਹੀਂ।

ਦਸਮ ਦੁਆਰ ਉਹ ਸ੍ਰੋਤ ਹੈ, ਉਹ ਸਥਾਨ ਹੈ ਜਿਥੋਂ ਮਨ ਤੇ ਇੰਦ੍ਰੀਆਂ ਦੀਆਂ ਬਿਰਤੀਆਂ ਤਾਕਤ ਲੈ ਕੇ ਬਾਹਰਮੁਖ ਦੌੜਦੀਆਂ ਅਤੇ ਬਾਹਰ ਆਪਣੇ-ਆਪਣੇ ਪਦਾਰਥ ਤੱਕ ਗੰਮਤਾ ਪਾ ਕੇ ਪਿਛਾਹਾਂ ਆਪਣੇ ਅੰਦਰ ਉਕਤ ਕੇਂਦਰ ਵਲ ਮੁੜ-ਲਗਾਤਾਰ ਬਾਹਰਲੀ ਅੰਦਰਲੀ ਕਾਰਵਾਈ ਵਿਚ ਵਰਤਿਆ ਕਰਦੀਆਂ ਹਨ। ਓਥੋਂ ਸਤ੍ਹਾ ਮਿਲਦੀ ਹੈ ਅਤੇ ਇਹ ਜੀਵ ਉਹ ਸਤ੍ਹਾ ਪਾ ਕੇ ਆਪਣੇ ਸੁਭਾਅ ਮੁਤਾਬਿਕ ਕਰਮ ਕਰਦਾ ਹੈ –

***ਇਸ ਕਾ ਬਲੁ ਨਾਹੀ ਇਸੁ ਹਾਥ॥***
***ਕਰਨ ਕਰਾਵਨ ਸਰਬ ਕੋ ਨਾਥ॥ ਅੰਗ – 277***

ਸੋ ਸਾਰੀਆਂ ਬਿਰਤੀਆਂ ਬਾਹਰਲੀ ਖਬਰ ਅੰਦਰ ਭੇਜਦੀਆਂ ਰਹਿੰਦੀਆਂ ਹਨ। ਜਦੋਂ ਜੀਵ ਘਾਲ ਕਮਾਈ ਕਰਕੇ ਦਸਮ ਦੁਆਰ ਵਿਚ ਸੁਰਤ ਨਾਲ ਪਹੁੰਚਦਾ ਹੈ ਤਾਂ ਇਸ ਅਸਥਾਨ ਤੇ ਜੋਤੀ ਦੇ ਦਰਸ਼ਨ ਹੁੰਦੇ ਹਨ ਜਿਸ ਨੂੰ ਉਨਮਨੀ

ਜੋਤ ਕਿਹਾ ਗਿਆ ਹੈ। ਪਰਪੱਕ ਅਭਿਆਸ ਕਾਰਨ ਇਹ ਜੋਤੀ ਸਾਖਸ਼ਾਤਕਾਰ ਹੋ ਜਾਇਆ ਕਰਦੀ ਹੈ ਅਤੇ ਅੰਦਰ ਅਨਹਤ ਨਾਦ ਦੀ ਸਹਿਜ ਧੁਨ ਦੇ ਰੂਪ ਵਿਚ ਨਾਮ ਦੀ ਤਾਰ ਬੱਝ ਜਾਇਆ ਕਰਦੀ ਹੈ ਜਿਸਨੂੰ ਅਨਹਦ ਧੁਨੀ ਕਿਹਾ ਜਾਂਦਾ ਹੈ। ਇਸ ਧੁਨ ਵਿਚ ਸੁਰਤ ਇਕ ਸਾਰ ਜੁਟਦੀ ਹੈ ਅਤੇ ਇਸ ਜੀਵ ਦੀ ਸੁਰਤ ਅਦਭੁੱਤ ਰਸ ਨੂੰ ਅਨੁਭਵ ਕਰਿਆ ਕਰਦੀ ਹੈ। ਜਿਸ ਦੀ ਤੇਲ ਧਾਰਾ ਵਤ ਪ੍ਰਵਾਹਿਤ ਅਵਸਥਾ ਨੂੰ, ਅਪਾਰ ਨਿਝਰ ਧਾਰ, ਕਹਿ ਕੇ ਕਥਨ ਕੀਤਾ ਗਿਆ ਹੈ। ਇਹ ਜੀਵ ਇਸ ਅੰਮ੍ਰਿਤ ਵਾਲੇ ਜੋਤੀ ਸਰੂਪ ਅਕਾਲ ਪੁਰਖ ਵਿਚ ਸਮਾਅ ਜਾਇਆ ਕਰਦਾ ਹੈ। ਆਪੇ ਤੋਂ ਪਾਰ ਹੋ ਕੇ ਇਹ ਛੋਟਾ ਆਪਾ ਵੱਡੇ ਆਪੇ ਵਿਚ ਲੀਨ ਹੋ ਜਾਇਆ ਕਰਦਾ ਹੈ। ਆਪ ਜੀ ਨੇ ਸਪਸ਼ਟ ਕਰਦਿਆਂ ਫੁਰਮਾਨ ਕੀਤਾ ਹੈ –

***ਦਸਮ ਸਥਾਨ ਕੇ ਸਮਾਨ ਕੌਨ ਭੌਨ ਕਹੌਂ***
***ਗੁਰ ਮੁਖਿ ਪਾਵੈ ਸੁ ਤਉ ਅਨਤ ਨ ਪਾਵਈ॥***
***ਉਨਮਨੀ ਜੋਤਿ ਪਟੰਤਰ ਦੀਜੈ ਕਉਨ ਜੋਤਿ***
***ਦਯਾ ਕੈ ਦਿਖਾਵੈ ਜਾਹੀ ਤਾਹੀ ਬਨ ਆਵਈ॥***
***ਅਨਹਦ ਨਾਦ ਸਮਸਰ ਨਾਦ ਬਾਦ ਕਉਨ***
***ਸ੍ਰੀ ਗੁਰੂ ਸੁਨਾਵੈ ਜਾਂਹਿ ਸੋਈ ਲਿਵ ਲਾਵਈ॥***
***ਨਿਝਰ ਅਪਾਰ ਧਾਰ ਤੁੱਲ ਨ ਅੰਮ੍ਰਿਤਰਸ***
***ਅਪਿਉ ਪੀਆਵੈ ਜਾਂਹਿ ਤਾਹੀ ਮੈ ਸਮਾਵਈ॥***

***ਅੰਗ – 36 (ਕਬਿੱਤ ਸ੍ਵਯੇ ਭਾਈ ਗੁਰਦਾਸ ਜੀ)***

ਜਦੋਂ ਇਸ ਅਸਥਾਨ ਤੇ ਸੁਰਤੀ ਪਹੁੰਚਦੀ ਹੈ ਤਾਂ ਬ੍ਰਹਮ ਸਾਖਸ਼ਾਤਕਾਰ ਹੋ ਜਾਇਆ ਕਰਦਾ ਹੈ। ਦਰਸ਼ਨ ਦੇਖਦੇ ਹੀ ਨਾ ਸੁਧ ਰਹਿੰਦੀ ਹੈ ਕਿਉਂਕਿ ਐਸਾ ਝਲਕਾਰਾ ਵਜਦਾ ਹੈ ਅਤੇ ਅੰਦਰ ਐਨਾਂ ਰਸ ਤਾਰੀ ਹੋ ਜਾਂਦਾ ਹੈ ਅਤੇ ਇਕ ਅਕਹਿ ਰਸ ਅਕਹਿ ਅਨੰਦ ਇਸ ਜੀਵ ਨੂੰ ਅਨੁਭਵ ਹੁੰਦਾ ਹੈ ਕਿ ਕੁਝ ਵੀ ਯਾਦ ਨਹੀਂ ਰਹਿੰਦਾ। ਕੋਈ ਸੰਸਕਾਰ ਸੁਰਤ ਵਿਚ ਨਹੀਂ ਆਉਂਦਾ, ਬੁੱਧ ਬੁੱਝਣ ਵਾਲੀ ਸ਼ਕਤੀ ਐਥੇ ਗੁੰਮ ਹੋ ਜਾਇਆ ਕਰਦੀ ਹੈ। ਬੁਧੀ ਦੇ ਵਿਚੋਂ, ਥਹੁ ਲਾ ਲੈਣ ਦਾ ਬਲ ਅਲੋਪ ਹੋ ਜਾਇਆ ਕਰਦਾ ਹੈ। ਸੁਰਤ ਨੂੰ ਸੋਝੀ ਨਾ ਰਹੀ ਅਤੇ ਸੋਚ ਵਿਚਾਰ ਵਿਚ ਧਿਆਨ ਕਰਨ ਦੀ ਹਿੰਮਤ ਨਾ ਰਹੀ, ਗਿਆਨ ਵਿਚ ਗਿਆਨ ਨਾ ਰਿਹਾ, ਜੋ ਕੁਝ ਹੁਣ ਤਾਈਂ ਜਾਣਿਆ ਸੀ ਉਹ ਸਾਰੇ ਦਾ ਸਾਰਾ ਗਿਆਨ ਉਠ ਗਿਆ ਅਤੇ ਗੱਲ ਦੀ ਤਹਿ ਵਿਚ ਪਹੁੰਚਣ ਅਥਵਾ ਪ੍ਰਵਿਰਤ ਹੋਣ ਵਾਲੀ ਜੋ ਸ਼ਕਤੀ ਸੀ ਉਸਦੀ ਗਤਿ ਨਾ ਰਹੀ। ਧੀਰਜ ਦਾ ਧੀਰਜ, ਹੰਗਤਾ ਦਾ ਹੰਗਤਾਪੁਣ (ਅਹੰਭਾਵ) ਚਲਾ ਗਿਆ, ਕੇਵਲ ਪਿਆਰ ਰਹਿ ਗਿਆ ਅਤੇ ਪ੍ਰਤਿਸ਼ਠਾ (ਮਨੁੱਖੀ ਗੌਰਵਤਾ ਦੀ ਮਨੌਤ) ਲਤ ਪਤ, ਲੜਖੜਾ, ਖੁਆਰ ਹੋ ਗਈ। ਇਕ ਅਦਭੁੱਤ ਰਸ ਵਿਚ ਲੀਨ ਹੋ ਗਿਆ। ਅਚੰਭੇ ਤੋਂ ਵੀ ਅਚੰਭਾ ਸਰੂਪ, ਅਸਚਰਜ ਹੈਰਾਨੀ ਵਿਚ ਪਾਉਣ ਵਾਲੀ ਦਸ਼ਾ ਤੋਂ ਵੀ ਅਤਿਅੰਤ ਕਰਕੇ ਚਮਤਕਾਰ ਵਾਲੀ ਦਸ਼ਾ ਵਿਚ ਲੀਨ ਹੋ ਗਈ। ਇਹ ਅਭੇਦ ਅਵਸਥਾ ਦਾ ਜੋ ਅਨੰਦ ਹੈ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਜਦੋਂ ਵਾਹਿਗੁਰੂ ਜੀ ਦਾ ਮਿਲਾਪ ਹੋਇਆ ਉਹ ਦਸਮ ਦੁਆਰ ਵਿਚ ਹੀ ਪ੍ਰਗਟ ਹੋ ਗਏ, ਤਾਂ ਮਹਾਨ ਅਨੰਦ ਦੀ ਪ੍ਰਾਪਤੀ ਹੋਈ। ਇਹ ਮਹਾਨ ਕ੍ਰਿਪਾ ਗੁਰੂ ਰੂਪ ਸੰਤਾਂ ਨੇ ਕੀਤੀ। ਹੁਣ ਅਨੁਭਵ ਦੀ ਸੇਜ ਉਤੇ ਰੌਣਕਾਂ ਲਗ ਗਈਆਂ। ਅਨੇਕ ਕਿਸਮ ਦੇ ਪ੍ਰਕਾਸ਼, ਅਨੇਕ ਕਿਸਮ ਦੀਆਂ ਸੰਗੀਤਕ ਲਹਿਰਾਂ ਦੇ ਵਾਜੇ ਵਜ ਰਹੇ ਹਨ ਅਤੇ ਸਾਰੇ ਦੁਖਾਂ ਦਾ ਖਾਤਮਾ ਹੋ ਗਿਆ ਹੈ। ਭਾਈ ਗੁਰਦਾਸ ਜੀ ਇਸ ਅਵਸਥਾ ਦਾ ਵਰਨਣ ਕਰਦੇ ਹੋਏ ਫੁਰਮਾਨ ਕਰਦੇ ਹਨ –

***ਦਰਸਨ ਦੇਖਤ ਹੀ ਸੁਧ ਕੀ ਨ ਸੁਧ ਰਹੀ***
***ਬੁਧਿ ਕੀ ਨ ਬੁਧਿ ਰਹੀ ਮਤਿ ਮੈਂ ਨ ਮਤਿ ਹੈ॥***
***ਸੁਰਤਿ ਮੈਂ ਨ ਸੁਰਤਿ ਅਉ ਧਯਾਨ ਮੈਂ ਨ ਧਯਾਨ ਰਹਯੋ***
***ਗਯਾਨ ਮੈ ਨ ਗਯਾਨ ਰਹਯੋ ਗਤਿ ਮੈਂ ਨ ਗਤਿ ਹੈ॥***
***ਧੀਰਜ ਕੋ ਧੀਰਜ ਗਰਬ ਕੋ ਗਰਬ ਗਯੋ***
***ਰਤਿ ਮੈਂ ਨ ਰਤਿ ਰਹੀ ਪਤਿ ਰਤਿ ਪਤਿ ਹੈ॥***
***ਅਦਭੁਤ ਪਰਮਦਭੁਤ ਬਿਸਮੈ ਬਿਸਮ***
***ਅਸਚਰਜੈ ਅਸਚਰਜ ਅਤਿ ਅਤਿ ਹੈ।।***

***ਅੰਗ – 34 (ਕਬਿੱਤ ਸ੍ਵਯੇ ਭਾਈ ਗੁਰਦਾਸ ਜੀ)***

ਹੁਣ ਹਿਰਦੇ ਰੂਪ ਸੇਜ ਸੁਹਾਵੀ ਹੋ ਗਈ, ਦੁਖਾਂ ਦਾ ਖਾਤਮਾ ਹੋ ਗਿਆ। ਜਨਮਾਂ-ਜਨਮਾਂਤਰਾਂ ਦੀ ਲੱਗੀ ਹੋਈ ਪ੍ਰਭੂ ਦੇ ਮਿਲਾਪ ਦੀ ਇਛਿਆ ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਹੋ ਗਈ ਕਿਉਂਕਿ ਸਮਰੱਥ ਗੁਰੂ ਨੇ ਉਹ ਘਰ ਦਿਖਾ ਦਿਤਾ, ਜਿਥੇ ਮੇਰੇ ਪ੍ਰਭੂ ਦਾ ਸਦੀਵ ਹੀ ਵਾਸਾ ਹੈ। ਸਮਰੱਥ ਗੁਰੂ ਦੀ ਇਹੀ ਨਿਸ਼ਾਨੀ ਹੋਇਆ ਕਰਦੀ ਹੈ –

***ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ॥***
***ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ॥***
***ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ॥***
***ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ॥***
***ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵ ਲਾਇ॥***
***ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ।।***
***ਉਲਟਿ ਕਮਲੁ ਅੰਮ੍ਰਿਤਿ ਭਰਿਆ ਇਹੁ ਮਨੁ ਕਤਹੁ ਨ ਜਾਇ॥***
***ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ॥***
***ਸਭਿ ਸਖੀਆ ਪੰਚੇ ਮਿਲੇ ਗੁਰਮਖਿ ਨਿਜ ਘਰਿ ਵਾਸੁ॥***
***ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸੁ॥***

***ਅੰਗ – 1291***

ਹੁਣ ਸਾਰੀਆਂ ਸੰਗਣਾਂ-ਸਾਥਣਾਂ ਜੀਵ ਰੂਪ ਇਸਤ੍ਰੀ

ਨਾਲ ਮਿਲ ਕੇ ਵਾਦੀ-ਏ-ਨੂਰ ਵਿਚ ਮੰਗਲ ਗਾ ਰਹੀਆਂ ਹਨ। ਸਾਰੀਆਂ ਸੁਰਤੀਆਂ-ਬਿਰਤੀਆਂ, ਕਰਮ ਇੰਦ੍ਰੀਆਂ ਮਿਲ ਕੇ ਇਸ ਨਿਜ ਘਰੁ ਦੇ ਗੁਣ ਗਾ ਰਹੀਆਂ ਹਨ -

***ਸਭਿ ਸਖੀਆ ਪੰਚੇ ਮਿਲੇ ਗੁਰਮੁਖਿ ਨਿਜ ਘਰਿ ਵਾਸੁ॥***
***ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸੁ॥***
***ਅੰਗ - 1291***

ਇਹ ਜੀਵ ਆਤਮਾ ਹੈਰਾਨ ਹੋ ਗਈ ਕਿ ਵਾਹਿਗੁਰੂ ਜੀ ਵਰਗਾ ਤਾਂ ਹੋਰ ਕੋਈ ਹੈ ਹੀ ਨਹੀਂ ਜਿਨ੍ਹਾਂ ਨੇ ਮੇਰਾ ਹਲਤ ਵੀ ਸਵਾਰ ਦਿਤਾ ਅਤੇ ਦਰਗਾਹ ਵਿਚ ਨਿਹਚਲ ਥਾਂ ਬਖਸ਼ ਦਿਤੀ। ਹੁਣ ਸੰਸਾਰ ਦੇ ਭਿਆਨਕ ਸਾਗਰ ਵਿਚ ਗੋਤੇ ਖਾਣ ਲਈ ਜੰਮਣ ਮਰਨ ਦਾ ਚੱਕਰ ਹੀ ਬੰਦ ਕਰ ਦਿਤਾ। ਜਿਹਬਾ ਮੇਰੀ ਇਕ ਹੈ, ਤੇਰੇ ਗੁਣਾਂ ਦਾ ਸ਼ੁਮਾਰ ਨਹੀਂ, ਮੈਂ ਕਿਵੇਂ ਤੇਰੇ ਗੁਣ ਗਾਵਾਂ। ਵਾਹਿਗੁਰੂ ਜੀ ਨੂੰ ਨਿਤ ਹੀ ਸਲਾਹੁਣਾ ਉਚਿਤ ਹੈ ਭਾਵੇਂ ਉਸਨੂੰ ਇਕ ਤਿਲ ਜਿੰਨੀ ਵੀ ਤਮ੍ਹਾ ਨਹੀਂ ਹੈ, ਉਸਦੇ ਗੁਣ ਗਾਉਣ ਨਾਲ ਜੀਵ ਦਾ ਹੀ ਭਲਾ ਹੈ -

***ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ॥***
***ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ॥***
***ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ॥।***
***ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ॥***
***ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ॥***
***ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ॥***
***ਅੰਗ - 136***

ਨਾਮ ਦੀ ਮਹਿਮਾ ਦਸਦੇ ਹੋਏ ਆਪ ਫੁਰਮਾਨ ਕਰਦੇ ਹਨ ਕਿ ਜਿਸ-ਜਿਸ ਨੇ ਵੀ ਨਾਮ ਆਪਣੇ ਧਿਆਨ ਵਿਚ ਵਸਾ ਲਿਆ ਹੈ ਉਸ ਦੇ ਦੋਹਾਂ ਜਹਾਨਾਂ ਦੇ ਕਾਰਜ ਵਾਹਿਗੁਰੂ ਜੀ ਆਪ ਪੂਰਾ ਕਰਦੇ ਹਨ। ਪੂਰਾ ਗੁਰੂ ਅਰਾਧਣ ਨਾਲ ਦਰਗਾਹ ਵਿਚ ਖਰੇ ਸਮਝ ਕੇ ਆਦਰ ਮਿਲਦਾ ਹੈ, ਸਾਰੇ ਸੁਖਾਂ ਦਾ ਖਜ਼ਾਨਾ ਵਾਹਿਗੁਰੂ ਜੀ ਦੀ ਯਾਦ ਵਿਚ ਸੰਮਿਲਤ ਹੈ ਅਤੇ ਉਨ੍ਹਾਂ ਦੀ ਯਾਦ ਹਿਰਦੇ ਵਿਚ ਵਸਾਉਣ ਨਾਲ ਮਹਾਂਭਿਆਨਕ ਭਵਜਲ ਤਰ ਜਾਈਦਾ ਹੈ। ਭਗਤੀ ਕਰਕੇ, ਹਰੀ ਦੇ ਗੁਣ ਗਾ ਕੇ, ਸਰਵਣ, ਸਿਮਰਨ, ਅਰਦਾਸ ਕਰਕੇ ਸਾਨੂੰ ਪ੍ਰੇਮਾ ਭਗਤੀ ਪ੍ਰਾਪਤ ਹੋ ਜਾਂਦੀ ਹੈ ਤਾਂ ਮਾਇਆ ਮੁੜ ਕੇ ਆਪਣੀ ਅੱਗ ਵਿਚ ਜਾਲ ਨਹੀਂ ਸਕਦੀ। ਇਹ ਜੋ ਮਾਇਆ ਜਾਲ ਹੈ ਇਸ ਦਾ ਮਿਥਿਆਪਣ ਪ੍ਰਗਟ ਹੋ ਕੇ ਸਦੀਵੀ ਇਕੋ ਵਾਹਿਗੁਰੂ ਜੀ ਹੀ ਹਰ ਥਾਂ ਦੇ ਉਤੇ ਦ੍ਰਿਸ਼ਟੀਗੋਚਰੇ ਹੁੰਦਾ ਹੈ। ਸੋ ਜਿਨ੍ਹਾਂ ਨੇ ਇਸ ਪ੍ਰਮੇਸ਼ਰ ਨੂੰ ਹਿਰਦੇ ਵਿਚ ਵਸਾ ਲਿਆ ਹੈ ਅਤੇ ਉਨ੍ਹਾਂ ਦੀ ਸੇਵਾ ਕਰਦੇ ਹਨ, ਉਨ੍ਹਾਂ ਉਪਰ ਵਾਹਿਗੁਰੂ ਜੀ ਦੀ ਨਦਰ ਹੋ ਜਾਇਆ ਕਰਦੀ ਹੈ ਉਸ ਦੇ ਵਾਸਤੇ ਮਾਹ, ਦਿਵਸ, ਮਹੂਰਤ, ਵਿਘਨਕਾਰੀ ਨਹੀਂ ਹੁੰਦੇ, ਉਨ੍ਹਾਂ ਨੂੰ ਚੰਗੇ ਮੰਦੇ ਦਿਨ ਗਿਣਨ ਦੀ, ਜਾਚਣ ਦੀ ਕੋਈ ਲੋੜ ਨਹੀਂ ਹੁੰਦੀ। ਉਨ੍ਹਾਂ ਵਾਸਤੇ ਸਾਰੇ ਹੀ ਦਿਨ ਸ਼ੁਭ ਹੋਇਆ ਕਰਦੇ ਹਨ। ਜਿੰਨੇ ਵੀ ਵਿਘਨ ਹੁੰਦੇ ਹਨ ਉਹ ਸਾਰੇ ਦੇ ਸਾਰੇ ਉਨ੍ਹਾਂ ਨੂੰ ਲਗਦੇ ਹਨ ਜਿਨ੍ਹਾਂ ਨੇ ਪ੍ਰਭੂ ਪਿਆਰੇ ਨੂੰ ਭੁਲਾ ਕੇ ਜ਼ਿੰਦਗੀ ਦੇ ਅੰਧਕਾਰ ਵਿਚ ਧੱਕਾ ਖਾਧਾ ਹੈ। ਅਖੀਰ ਵਿਚ ਗੁਰੂ ਮਹਾਰਾਜ ਜੀ ਸਾਨੂੰ ਅਰਦਾਸ ਕਰਨ ਦੀ ਜਾਚ ਦਸਦੇ ਹੋਏ ਫੁਰਮਾਨ ਕਰਦੇ ਹਨ ਕਿ ਹੇ ਵਾਹਿਗੁਰੂ ਜੀ! ਅਸੀਂ ਭੁਲੇ ਹੋਏ ਜੀਵ ਹਾਂ, ਤੁਸੀਂ ਸਾਡੇ ਉਤੇ ਕ੍ਰਿਪਾ ਕਰਕੇ ਸਾਨੂੰ ਪੂਰਨ ਤੱਤ ਬੇਤੇ ਸਮਰੱਥ ਗੁਰੂ ਦਾ ਮਿਲਾਪ ਬਖਸ਼ੋ, ਆਪਣੇ ਪਿਆਰਿਆਂ ਦੇ ਦਰਸ਼ਨ ਬਖਸ਼ੋ, ਅਸੀਂ ਮਾਇਕ ਸੋਝੀ ਦੀ ਥਾਂ ਆਪ ਦੇ ਨਾਮ ਵਿਚ ਲੀਨ ਹੋ ਜਾਈਏ ਅਤੇ ਅਸਾਡਾ ਜੋ ਮੁਖ ਮੰਤਵ ਪ੍ਰਭੂ ਪ੍ਰਾਪਤੀ ਦਾ ਹੈ ਉਹ ਪੂਰਾ ਹੋ ਜਾਵੇ-

***ਜਿਨਿ ਜਿਨਿ ਨਾਮੁ ਧਿਆਇਆ ਤਿਨ ਕੇ ਕਾਜ ਸਰੇ॥***
***ਹਰਿ ਗੁਰੁ ਪੂਰਾ ਆਰਾਧਿਆ ਦਰਗਹ ਸਚਿ ਖਰੇ॥***
***ਸਰਬ ਸੁਖਾ ਨਿਧਿ ਚਰਣ ਹਰਿ ਭਉਜਲੁ ਬਿਖਮੁ ਤਰੇ॥***
***ਪ੍ਰੇਮ ਭਗਤਿ ਤਿਨ ਪਾਈਆ ਬਿਖਿਆ ਨਾਹਿ ਜਰੇ॥***
***ਕੂੜ ਗਏ ਦੁਬਿਧਾ ਨਸੀ ਪੂਰਨ ਸਚਿ ਭਰੇ॥***
***ਪਾਰਬ੍ਰਹਮੁ ਪ੍ਰਭੁ ਸੇਵਦੇ ਮਨ ਅੰਦਰਿ ਏਕੁ ਧਰੇ॥***
***ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ॥***
***ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ॥***
***ਅੰਗ - 136***

ਸਮੁੱਚੇ ਬਾਰਾਂਮਾਹ ਵਿਚ ਆਈ ਗੁਰਬਾਣੀ ਇਸ ਕਿਰਤ ਕਰਮ ਕਰਕੇ ਵਿਛੜੇ ਜੀਵ ਨੂੰ ਜੋ ਕ੍ਰੋੜਾਂ ਸਾਲਾਂ ਤੋਂ ਚਉਰਾਸੀ ਦੇ ਚੱਕਰ ਖਾਂਦਾ ਅਤਿ ਦੁਖੀ ਹੋ ਰਿਹਾ ਸੀ, ਪ੍ਰਭੂ ਮਿਲਾਪ ਦੀ ਲਗਨ ਲਾਉਂਦਾ ਹੈ। ਫ਼ਲਗੁਣ ਦੇ ਮਹੀਨੇ ਰਾਹੀਂ ਪ੍ਰਗਟ ਹੁੰਦਾ ਹੈ ਕਿ ਗੋਬਿੰਦ ਦੇ ਅਰਾਧਣ ਨਾਲ ਘਣਾ ਅਨੰਦ ਮਿਲਦਾ ਹੈ। ਇਹ ਅਨੰਦ ਸੰਤਾਂ ਨੂੰ ਮਿਲ ਕੇ ਪ੍ਰਾਪਤ ਹੁੰਦਾ ਹੈ। ਸੰਸਾਰ ਵਿਚ ਆਏ ਉਹ ਸਫਲ ਹਨ ਜਿਹੜੇ ਪ੍ਰਭੂ ਨੂੰ ਪ੍ਰਾਪਤ ਕਰ ਲੈਂਦੇ ਹਨ ਪ੍ਰਭੂ ਮਿਲਾਪ ਤੋਂ ਬਿਨਾਂ ਮਾਨਸ ਜਨਮ ਬਿਰਥਾ ਹੈ। ਉਹ ਪ੍ਰਭੂ ਜਲਾਂ-ਥਲਾਂ, ਪਰਬਤਾਂ, ਵਣਾਂ ਵਿਚ ਇਕ ਰਸ ਪ੍ਰੀਪੂਰਨ ਹੈ। ਕਿੰਨਾਂ ਦੁਖ ਹੈ ਜੇ ਉਸ ਪ੍ਰਭੂ ਨੂੰ ਨਹੀਂ ਮਿਲਦੇ। ਭਾਗਾਂ ਵਾਲੇ ਹਨ ਜਿਨ੍ਹਾਂ ਨੇ ਪ੍ਰਭੂ ਪ੍ਰਾਪਤੀ ਕਰ ਲਈ ਹੈ। ਇਹ ਜਾਣ ਕੇ ਜੀਵ ਅੰਦਰ ਲੋਚਾ ਪੈਦਾ ਹੁੰਦੀ ਹੈ ਕਿ ਮੈਨੂੰ ਭੀ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਹੋ ਜਾਵੇ। ਇਸੇ ਤਰ੍ਹਾਂ ਹਰ ਮਹੀਨੇ ਵਿਚ ਜਾਚ ਦਸਦੇ, ਸੰਤ ਮਹਿਮਾਂ, ਨਾਮ ਮਹਿਮਾਂ ਦਸਦੇ ਫਲਗੁਣ ਦੇ ਮਹੀਨੇ ਪ੍ਰਭੂ ਨੂੰ ਪ੍ਰਾਪਤ ਕਰਨ ਦੀ ਮਹੱਤਤਾ ਦੱਸੀ ਗਈ ਹੈ।

(******)

# ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ

### (ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਸਮਾਪਤੀ ਉਪਰੰਤ ਕੀਤੇ ਬਚਨ)

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

ਸਾਧਸੰਗਤ ਜੀ!

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਹਿ।

ਆਪ ਸਾਰੇ ਗੁਰੂ ਮਹਾਰਾਜ ਜੀ ਦੀ ਹਜ਼ੂਰੀ ਵਿਚ ਸ਼ਸ਼ੋਭਿਤ ਹੋ ਕੇ ਬਾਣੀ ਸਰਵਣ ਕਰ ਰਹੇ ਸੀ। ਥਾਂ ਕਿਸ ਦੀ ਪੈਂਦੀ ਹੈ ਕਿਉਂਕਿ ਗਾਉਂਦੇ ਸਾਰੇ ਨੇ, ਪੜ੍ਹਦੇ ਸਾਰੇ ਨੇ। ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ ਜੋ ਘਰ ਤੋਂ ਚੱਲ ਕੇ ਆਉਂਦਾ ਹੈ ਮਨ ਵਿਚ ਸ਼ਰਧਾ ਹੋਵੇ, ਪੂਰਾ ਭਰੋਸਾ ਹੋਵੇ ਕਿ ਮੈਂ ਗੁਰੂ ਨਾਨਕ ਪਾਤਸ਼ਾਹ ਦੇ ਦਰ ਤੇ ਜਾ ਰਿਹਾ ਹਾਂ ਉਸ ਵੇਲੇ ਤੋਂ ਹੀ ਉਸ ਦੇ ਪੁੰਨ ਕਰਮ ਬਣਨੇ ਸ਼ੁਰੂ ਹੋ ਜਾਂਦੇ ਨੇ ਤੇ ਇਕ ਕਦਮ ਦਾ ਫਲ ਇਕ ਅਸ੍ਵਮੇਧ ਜਗ ਦੇ ਫਲ ਦੇ ਬਰਾਬਰ ਹੁੰਦਾ ਹੈ। ਇਥੇ ਜਦੋਂ ਮਨ ਚਿਤ ਇਕਾਗਰ ਕਰਕੇ ਬਾਣੀ ਸੁਣਦਾ ਹੈ, ਮਹਾਰਾਜ ਜੀ ਕਹਿੰਦੇ ਉਸ ਦਾ ਤਰੀਕਾ ਹੈ। ਇਕ ਕੋਲ ਆ ਕੇ ਖਾਲੀ ਰਹਿ ਜਾਂਦੇ ਨੇ, ਇਕ ਭਰ ਕੇ ਲੈ ਜਾਂਦੇ ਨੇ ਕਹਿੰਦੇ –

*ਸੇਵਕ ਸਿਖ ਪੂਜਣ ਸਭਿ ਆਵਹਿ*
*ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥*
*ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ*
*ਜਿਨ ਸਤਿਗੁਰ ਕੀ ਆਗਿਆ*
*ਸਤਿ ਸਤਿ ਕਰਿ ਮਾਨੀ ।।          ਅੰਗ – ੬੬੯*

ਗੁਰੂ ਦੀ ਜੋ ਆਗਿਆ ਹੈ ਉਸ ਨੂੰ ਜਿੰਨੀ ਦੇਰ ਤਕ ਅਸੀਂ ਮੰਨਦੇ ਨਹੀਂ ਹਾਂ ਓਨਾਂ ਚਿਰ 'ਗਾਵਿਆ ਸੁਣਿਆ' ਥਾਂ ਨਹੀਂ ਪਿਆ ਕਰਦਾ।

ਜਦੋਂ ਥਾਂ ਪੈਂਦਾ ਹੈ ਤਾਂ ਫਲ ਕਿੰਨਾ ਹੈ –

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥*
*ਅੰਗ – ੫੪੬*

ਕਈ ਕਰੋੜ ਜੱਗਾਂ ਦਾ ਫਲ ਮਿਲ ਜਾਂਦਾ ਹੈ ਜਿਹੜੇ ਸੁਣਦੇ ਨੇ ਤੇ ਗਾਉਂਦੇ ਨੇ। ਸਾਧਸੰਗਤ ਜੀ! ਕਲਜੁਗ ਦਾ ਸਮਾਂ ਹੈ, ਭਜਨ ਕਰਨ ਵਾਸਤੇ ਕੋਈ ਸਮਾਂ ਨਹੀਂ ਮਿਲਦਾ। ਜਨਮ ਤਾਂ ਲੈ ਲਿਆ–

*ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ ॥*
*ਅੰਗ – ੨੫੧*

ਪਰ ਜੇ ਗੱਲ ਬੁੱਝੀ ਨਹੀਂ ਤਾਂ ਮਹਾਰਾਜ ਜੀ ਕਹਿੰਦੇ ਜਿਹੋ–ਜਿਹਾ ਪਸ਼ੂ ਤੇ ਉਹੋ ਜਿਹਾ ਮਨੁੱਖ ਹੈ; ਕੋਈ ਫਰਕ ਨਹੀਂ ਹੈ। ਜਿਸ ਨੇ ਗੁਰੂ ਤੋਂ ਮੰਤਰ ਨਹੀਂ ਲਿਆ ਮਨੁਖਾ ਜਨਮ ਧਾਰ ਕੇ ਤਾਂ ਮਹਾਰਾਜ ਹੀ ਕਹਿੰਦੇ ਉਸਨੂੰ ਬੰਦਾ ਨਾ ਆਖੋ –

*ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥*
*ਅੰਗ – ੧੩੫੬*

ਗੁਰਮੰਤਰ ਤੋਂ ਹੀਣਾ ਜਿਹੜਾ ਪ੍ਰਾਣੀ ਹੈ; ਪੰਜ ਪਿਆਰਿਆਂ ਤੋਂ ਜਿਸ ਨੇ ਮੰਤਰ ਨਹੀਂ ਲਿਆ ਕਹਿੰਦੇ ਉਹ ਤਾਂ –

*ਕੂਕਰਹ ਸੂਕਰਹ ਗਰਧਭਹ*
*ਕਾਕਹ ਸਰਪਨਹ ਤੁਲਿ ਖਲਹ ॥     ਅੰਗ – ੧੩੫੬*

ਕੁੱਤੇ, ਬਿੱਲੇ, ਸੂਰ, ਸੱਪ ਤੇ ਗਧੇ, ਕਾਵਾਂ ਦੇ ਬਰਾਬਰ ਉਸ ਦੀ ਤੁਲਨਾ ਹੋਇਆ ਕਰਦੀ ਹੈ। ਸੋ ਸੰਸਾਰ ਵਿਚ ਆਉਣ ਦਾ ਸਾਡਾ ਕੋਈ ਪ੍ਰਯੋਜਨ ਹੈ। ਬੜੀ ਮੁਸ਼ਕਲ ਦੇ ਨਾਲ ਸਾਨੂੰ ਦੇਹੀ ਪ੍ਰਾਪਤ ਹੋਈ ਹੈ।

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ ਅੰਗ – ੧੭੬*

ਇਸ ਦੇ ਵਿਚ ਮਹਾਰਾਜ ਜੀ ਨੇ ਇਹ ਦੱਸਿਆ ਹੈ ਕਿ ਤੂੰ ਪਹਿਲਾਂ ਤੋਂ ਹੀ ਮਨੁਖ ਨਹੀਂ ਬਣਿਆ, ਮਨੁੱਖ ਬਣਨ ਤੋਂ ਪਹਿਲਾਂ ਤੈਨੂੰ ਬਹੁਤ ਸਾਰੀਆਂ ਜੂਨਾਂ 'ਚੋਂ ਲੰਘ ਕੇ ਆਉਣਾ ਪਿਆ–

*ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥*
*ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ ॥*
*ਅੰਗ – ੧੫੬*

ਮਹਾਰਾਜ ਜੀ ਕਹਿੰਦੇ ਦਰਖਤ ਵੀ ਬਣਿਆ ਹੈ ਪਿਆਰਿਆ! ਚੌਵੀ ਲੱਖ ਕਿਸਮ ਦੀਆਂ ਜੜ੍ਹੀਆਂ-ਬੂਟੀਆਂ ਤੇ ਦਰਖਤ ਨੇ, ਸਾਢੇ ਸੱਤ ਲੱਖ ਕਿਸਮ ਦੇ ਪੰਛੀ ਨੇ, ਸਾਢੇ ਸੱਤ ਲੱਖ ਕਿਸਮ ਦੇ ਪੇਟ ਭਾਰ ਤੁਰਨ ਵਾਲੇ ਜਾਨਵਰ ਨੇ, ਚਾਰ ਲੱਖ ਕਿਸਮ ਦੇ ਉਹ ਜੀਵ ਨੇ ਜਿਹੜੇ ਲੱਤਾਂ ਨਾਲ ਤੁਰਦੇ ਨੇ; ਕਿਸੇ ਦੀਆਂ ਦੋ ਲੱਤਾਂ ਨੇ, ਕਿਸੇ ਦੀਆਂ ਚਾਰ ਨੇ, ਕਿਸੇ ਦੀਆਂ ਸੈਂਕੜੇ ਨੇ। ਇਨ੍ਹਾਂ ਦੇ ਵਿਚੀਂ ਹੁੰਦਾ-ਹੁੰਦਾ, ਸਮੁੰਦਰਾਂ ਦੇ ਵਿਚੀਂ ਮੱਛੀਆਂ ਵਗੈਰਾ ਬਣਦਾ-ਬਣਦਾ ਹੁਣ ਮਨੁੱਖ ਬਣ ਗਿਆ, ਹੁਣ ਗੱਲ ਸਮਝ। ਇਹ ਚੌਰਾਸੀ ਦਾ ਗੇੜਾ ਫੇਰ ਤੇਰੇ ਗਲ ਪੈ ਜਾਣਾ ਹੈ ਜੇ ਤੂੰ ਹੁਣ ਨਾ ਸਮਝਿਆ। ਹੁਣ ਤੂੰ ਗੁਰੂ ਵਾਲਾ ਹੋ ਕੇ ਮੰਤਰ ਲੈ ਤੇ ਓਸ ਮੰਤਰ ਦੀ ਕਮਾਈ ਕਰ, ਉਸ ਦੇ ਵਾਸਤੇ ਹੀ ਤੂੰ ਆਇਆ ਹੈਂ। ਤੇਰਾ ਜਨਮ ਜੋ ਹੈ ਉਹ ਬਹੁਤ ਕੀਮਤੀ ਹੈ –

*ਚਿਰੰਕਾਲ ਇਹ ਦੇਹ ਸੰਜਰੀਆ ॥  ਅੰਗ – ੧੭੬*

ਬੜੀ ਦੇਰ ਤੋਂ ਬਾਅਦ ਤੈਨੂੰ ਆਹ ਦੇਹੀ ਪ੍ਰਾਪਤ ਹੋਈ ਹੈ। ਇਸ ਦਾ ਜੋ ਮੰਤਵ ਹੈ –

*ਭਈ ਪਰਾਪਤਿ ਮਾਨੁਖ ਦੇਹੁਰੀਆ ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥*
*ਅੰਗ - ੧੨*

ਮਨੁੱਖ ਦੀ ਦੇਹੀ ਮਿਲ ਗਈ ਹੈ ਤੇ ਗੋਬਿੰਦ ਨੂੰ ਮਿਲਣ ਵਾਸਤੇ ਤੈਨੂੰ ਸਮਾਂ ਮਿਲ ਗਿਆਂ, ਜੇ ਹੁਣ ਲੰਘ ਗਿਆ ਤਾਂ -

*ਇਸੁ ਪਉੜੀ ਤੇ ਜੋ ਨਰੁ ਚੂਕੈ*
*ਸੋ ਆਇ ਜਾਇ ਦੁਖੁ ਪਾਇਦਾ ॥ ਅੰਗ - ੧੦੭੫*

ਜੰਮਣਾ ਮਰਨਾ ਫੇਰ ਤੇਰੇ ਗਲ ਪੈ ਜਾਏਗਾ, ਕੀਤੇ ਹੋਏ ਕਰਮ ਭੋਗਣ ਵਾਸਤੇ ਤੈਨੂੰ ਜੂਨਾਂ ਵਿਚ ਘੁੰਮਣਾ ਪਏਗਾ। ਸੋ ਐਨੀ ਕੁ ਗੱਲ ਹੈ ਜਿਹੜੀ ਮਨੁੱਖ ਦੇ ਸਮਝ ਵਿਚ ਨਹੀਂ ਆਉਂਦੀ। ਮਹਾਰਾਜ ਜੀ ਕਹਿੰਦੇ ਜੇ ਸਮਝ 'ਚ ਨਹੀਂ ਆਉਂਦੀ ਤਾਂ ਬੰਦਾ ਨਾ ਉਸ ਨੂੰ ਆਖੋ, ਪਸ਼ੂ ਹੈ ਉਹ -

*ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ ॥*
*ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ ॥*
*ਅੰਗ - ੨੫੨*

ਸੋ ਬੁੱਝਣ ਵਾਸਤੇ ਸਤਿਸੰਗ ਵਿਚ ਆਉਂਦੇ ਹਾਂ। ਸਤਿਸੰਗ 'ਚ ਆਉਣ ਦਾ ਮਨੋਰਥ ਇਹੀ ਹੈ ਕਿ ਸਾਨੂੰ ਕੋਈ ਸਮਝ 'ਚ ਪੈ ਜਾਵੇ ਗੱਲ, ਸਾਨੂੰ ਕੋਈ ਰਾਹ ਲੱਭ ਜਾਵੇ। ਕਿਉਂਕਿ ਜਿੰਨਾ ਚਿਰ ਰਾਹ ਨਹੀਂ ਲੱਭਦਾ, ਓਨਾਂ ਚਿਰ ਅਸੀਂ ਕਿਸੇ ਨੂੰ ਮਿਲ ਨਹੀਂ ਸਕਦੇ। ਹੁਣ ਚੰਡੀਗੜ੍ਹ ਜਾਣਾ ਹੋਵੇ, ਕਿਸੇ ਨੂੰ ਮਿਲਣਾ ਹੋਵੇ ਤਾਂ ਪਹਿਲਾਂ ਤਾਂ ਉਸ ਦੇ ਘਰ ਦਾ ਨੰਬਰ ਚਾਹੀਦਾ ਹੈ, ਸੈਕਟਰ ਦਾ ਪਤਾ ਹੋਣਾ ਚਾਹੀਦਾ ਹੈ, ਸੈਕਟਰ ਅੱਗੇ ਏ, ਬੀ, ਸੀ, ਡੀ; ਵਿਚ ਵੰਡੇ ਹੋਏ ਨੇ, ਚਾਰ ਹਿੱਸਿਆਂ ਵਿਚ ਉਸ ਦਾ ਪਤਾ ਹੋਣਾ ਚਾਹੀਦਾ ਹੈ, ਫੇਰ ਅਸੀਂ ਜਾ ਕੇ ਓਸ ਨੂੰ ਮਿਲਦੇ ਹਾਂ। ਫੇਰ ਇਹ ਪਤਾ ਕਰਦੇ ਹਾਂ ਕਿ ਉਹ ਬਾਹਰ ਤਾਂ ਨਹੀਂ ਹੈ? ਕਿਹੜੇ ਦਿਨ ਮਿਲਦਾ ਹੈ, ਕਦੋਂ ਮਿਲਦਾ ਹੈ? ਇਕ ਬੰਦੇ ਨੂੰ ਮਿਲਣ ਵਾਸਤੇ ਕਿੰਨਾ ਪ੍ਰਬੰਧ ਕਰਨਾ ਪੈਂਦਾ ਹੈ, ਰੱਬ ਨੂੰ ਮਿਲਣ ਵਾਸਤੇ ਤਾਂ ਸਾਨੂੰ ਬਹੁਤ ਹੀ ਸੋਚਣਾ ਪੈਣਾ ਹੈ ਪਰ ਮਹਾਰਾਜ ਜੀ ਕਹਿੰਦੇ ਪਿਆਰਿਆ! ਰੱਬ ਦੂਰ ਨਹੀਂ ਹੈ, ਤੂੰ ਕਲਜੁਗ ਵਿਚ ਪੈਦਾ ਹੋਇਆ ਹੈਂ, ਤੈਨੂੰ ਬਹੁਤ ਹੀ ਵੱਡੇ concession (ਰਿਆਇਤ) ਮਿਲੇ ਹੋਏ ਨੇ, ਮਹਾਰਾਜ ਜੀ ਕਹਿੰਦੇ -

*ਅਬ ਕਲੂ ਆਇਓ ਰੇ ॥*
*ਇਕੁ ਨਾਮੁ ਬੋਵਹੁ ਬੋਵਹੁ ॥*
*ਅਨ ਰੂਤਿ ਨਾਹੀ ਨਾਹੀ ॥*
*ਮਤੁ ਭਰਮਿ ਭੂਲਹੁ ਭੂਲਹੁ ॥ ਅੰਗ - ੧੧੮੫*

ਕ੍ਰਿਸ਼ਨ ਮਹਾਰਾਜ ਕਹਿਣ ਲੱਗੇ ਪਾਂਡਵਾਂ ਨੂੰ ਕਿ ਭਾਈ! ਕਲਜੁਗ ਆ ਗਿਆ; ਹੈਰਾਨ ਹੋ ਗਏ ਕਹਿਣ ਲੱਗੇ, ਮਹਾਰਾਜ! ਓਸ ਵੇਲੇ ਧੁੱਪ ਕਿਹੋ ਜਿਹੀ ਹੋਏਗੀ, ਸੂਰਜ ਦਾ ਚਾਨਣਾ ਕਿੰਨਾ ਕੁ ਜ਼ਬਰਦਸਤ ਹੋਏਗਾ? ਪਾਣੀ ਦਾ ਰੰਗ ਕਿਹੋ-ਜਿਹਾ ਹੋਏਗਾ? ਹਵਾ ਕਿਹੋ ਜਿਹੀ ਚੱਲੇਗੀ? ਹੋਰ ਕੀ ਫਰਕ ਪਏਗਾ? ਫਸਲਾਂ ਕਿਹੋ ਜਿਹੀਆਂ ਹੋਣਗੀਆਂ? ਲੋਕਾਂ ਦਾ ਰਹਿਣ-ਸਹਿਣ ਕਿਹੋ-ਜਿਹਾ ਹੋਏਗਾ?

ਕ੍ਰਿਸ਼ਨ ਮਹਾਰਾਜ ਜੀ ਕਹਿੰਦੇ, ਭਾਈ! ਐਉਂ ਕਰੋ ਜੇ ਇਸ ਗੱਲ ਦਾ ਪਤਾ ਲੈਣਾ ਹੈ ਤਾਂ ਅੱਜ ਭਜਨ ਕਰਕੇ ਸਮਾਧੀ ਵਿਚ ਬੈਠੇ ਰਹਿਓ, ਤੁਹਾਨੂੰ ਦ੍ਰਿਸ਼ਟਾਂਤ ਆਉਣਗੇ, ਉਨ੍ਹਾਂ ਵਿਚ ਤੁਸੀਂ ਦੇਖ ਲਿਓ, ਉਸੇ ਤਰ੍ਹਾਂ ਵਰਤ-ਵਿਹਾਰ ਹੋਏਗਾ।

ਜਦੋਂ ਅੰਮ੍ਰਿਤ ਵੇਲੇ ਉਠ ਕੇ ਨਾਮ ਜਪਣ ਤੋਂ ਬਾਅਦ ਸਮਾਧੀ ਵਿਚ ਹੀ ਲੀਨ ਰਹੇ ਸਾਰਿਆਂ ਦੇ ਅੱਗੇ ਵੱਖਰੀਆਂ-ਵੱਖਰੀਆਂ ਚੀਜ਼ਾਂ ਦ੍ਰਿਸ਼ਟਾਂਤ ਵਿਚ ਆਈਆਂ। ਸਵੇਰ ਵੇਲੇ ਆ ਕੇ ਕ੍ਰਿਸ਼ਨ ਮਹਾਰਾਜ ਜੀ ਨੂੰ ਕਹਿਣ ਲੱਗੇ ਕਿ ਮਹਾਰਾਜ! ਸਾਨੂੰ ਤਾਂ ਬਹੁਤ ਅਜੀਬ ਬਾਤਾਂ ਦੇਖਣ ਨੂੰ ਮਿਲੀਆਂ ਨੇ।

ਕ੍ਰਿਸ਼ਨ ਮਹਾਰਾਜ ਕਹਿੰਦੇ, ਕੀ-ਕੀ ਦਿਸਿਆ ਹੈ?

ਯੁਧਿਸ਼ਟਰ ਕਹਿੰਦਾ, ਮਹਾਰਾਜ! ਮੈਨੂੰ ਤਾਂ ਇਕ ਹਾਥੀ ਦਿੱਸਿਆ ਹੈ, ਉਸ ਦੇ ਦੋ ਸੁੰਡਾਂ ਨੇ। ਹਾਥੀ ਕਦੇ ਮਾਸ ਨਹੀਂ ਖਾਂਦਾ ਪਰ ਉਹ ਇਕ ਸੁੰਡ ਨਾਲ ਮਾਸ ਖਾਂਦਾ ਹੈ ਤੇ ਇਕ ਨਾਲ ਘਾਹ ਖਾਂਦਾ ਹੈ। ਇਸ ਦਾ ਮਤਲਬ ਕੀ ਹੈ?

ਕਹਿੰਦੇ, ਭਾਈ ਗੁਰਮੁਖੋ! ਕਲਜੁਗ ਦੇ ਅੰਦਰ ਜਿਹੜੇ ਹਾਕਮ ਹੋਣਗੇ, ਉਹ ਰਿਸ਼ਵਤੀ ਹੋਣਗੇ। ਉਹ ਸੱਚੇ ਤੋਂ ਵੀ ਪੈਸੇ ਲੈਣਗੇ ਤੇ ਝੂਠੇ ਤੋਂ ਵੀ ਪੈਸੇ ਲੈਣਗੇ, ਇਨਸਾਫ ਕੋਈ ਨਹੀਂ ਕਰਨਗੇ।

ਦੂਸਰਾ ਕਹਿੰਦਾ, ਮਹਾਰਾਜ! ਮੈਨੂੰ ਦਿਸਿਆ ਹੈ ਕਿ ਖੇਤ ਭਰਿਆ ਹੋਇਆ ਹੈ, ਮੇਰੇ ਦੇਖਦੇ-ਦੇਖਦੇ ਵਾੜ ਨੂੰ ਮੂੰਹ ਲਗ ਗਿਆ ਤੇ ਉਹ ਵਾੜ ਖੇਤ ਵਲ ਨੂੰ ਤੁਰ ਪਈ ਤੇ ਉਸ ਨੇ ਸਾਰਾ ਹੀ ਖੇਤ ਖਾ ਲਿਆ।

ਕ੍ਰਿਸ਼ਨ ਮਹਾਰਾਜ ਨੇ ਕਿਹਾ ਕਿ ਇਹ ਕਲਜੁਗ ਨੇ ਦੱਸ ਦਿਤਾ ਹੈ ਕਿ ਮੇਰੇ ਜੁੱਗ ਦੇ ਅੰਦਰ ਰਾਜੇ ਪਰਜਾ ਦੇ ਵਫਾਦਾਰ ਨਹੀਂ ਹੋਣਗੇ। ਉਹ ਪਰਜਾ ਨੂੰ ਲੁਟਣਗੇ, ਕਸੁਟਣਗੇ, ਟੈਕਸ ਲਾਉਣਗੇ, ਪਰਜਾ ਨੂੰ ਗਰੀਬ ਰੱਖਣਗੇ, ਉਨ੍ਹਾਂ ਦੀ ਮਿਹਨਤ ਦਾ ਪੂਰਾ ਫਲ ਨਹੀਂ ਦੇਣਗੇ, ਆਪ ਖਾਈ ਜਾਣਗੇ।

ਤੀਸਰਾ ਕਹਿਣ ਲਗਿਆ, ਮਹਾਰਾਜ! ਮੈਂ ਇਕ ਹੰਸ ਦੇਖਿਆ। ਉਸ ਦੇ ਦੋਹੇਂ ਫੰਗਾਂ ਦੇ ਉਤੇ ਸਲੋਕ ਲਿਖੇ ਹੋਏ ਨੇ, ਵੇਦਾਂ ਦੇ ਪਰ ਮੈਂ ਹੈਰਾਨ ਰਹਿ ਗਿਆ ਕਿ ਉਸ ਹੰਸ ਦੇ ਅੱਗੇ ਮੋਤੀ ਪਏ ਸੀ, ਉਹ ਤਾਂ ਖਾਂਦਾ ਨਹੀਂ ਹੈ, ਮੋਤੀਆਂ ਦੀ ਥਾਂ ਤੇ ਉਹ ਕੀੜੇ ਚੁਗ ਰਿਹਾ ਹੈ। ਇਹ ਤਾਂ ਹੰਸ ਦਾ ਖਾਜਾ ਨਹੀਂ ਹੈ, ਹੰਸ ਦਾ ਖਾਜਾ ਤਾਂ ਮੋਤੀ ਹੋਇਆ ਕਰਦਾ ਹੈ।

ਕਹਿਣ ਲੱਗੇ, ਕਲਜੁਗ ਵਿਚ ਜਿਹੜੇ ਪ੍ਰਚਾਰ ਕਰਨ ਵਾਲੇ ਹੋਣਗੇ, ਉਹ ਪ੍ਰਮੇਸ਼ਰ ਦਾ ਪ੍ਰਚਾਰ ਨਹੀਂ ਕਰਨਗੇ, ਨਾਮ ਦਾ ਨਹੀਂ ਕਰਨਗੇ, ਰੱਬ ਨਾਲ ਮੇਲਣ ਦਾ ਪ੍ਰਚਾਰ ਨਹੀਂ ਕਰਨਗੇ ਸਗੋਂ ਉਹ ਵਿਸ਼ੇ-ਵਿਕਾਰਾਂ ਵਿਚ ਪਏ ਹੋਏ ਮਾਸ ਵੀ ਖਾਣਗੇ, ਸ਼ਰਾਬਾਂ ਵੀ ਪੀਣਗੇ ਤੇ ਲੋਕਾਂ ਨੂੰ ਵੀ ਇਸ ਪਾਸੇ ਲਾ ਲੈਣਗੇ, ਵਿਕਾਰਾਂ ਵਿਚ ਬਿਰਤੀ ਹੋਏਗੀ ਉਨ੍ਹਾਂ ਦੀ; ਪੜ੍ਹ-ਪੜ੍ਹ ਕੇ ਸਲੋਕ ਸੁਣਾਉਣਗੇ ਪਰ ਆਪਣਾ ਜੀਵਨ ਉਨ੍ਹਾਂ ਦਾ ਬਹੁਤ ਘਟੀਆ ਹੋਏਗਾ।

ਚੌਥਾ ਕਹਿਣ ਲੱਗਿਆ, ਮੈਂ ਇਕ ਖੂਹ ਦੇਖਿਆ ਹੈ ਕਿ ਡੋਲ ਭਰਿਆ ਹੈ ਤੇ ਉਸ ਤੋਂ ਬਾਅਦ ਦੱਸ ਭਾਂਡਿਆਂ ਵਿਚ ਪਾ ਦਿਤਾ, ਦਸੇ ਭਾਂਡੇ ਭਰ ਗਏ। ਮੇਰੇ ਦੇਖਦੇ-ਦੇਖਦੇ ਪਾਣੀ ਫੇਰ ਪਲਟਿਆ ਗਿਆ ਤੇ ਮੈਂ ਕੀ ਦੇਖਦਾ ਹਾਂ ਕਿ ਡੋਲ ਦਾ ਚੌਥਾ

ਹਿੱਸਾ ਵੀ ਨਹੀਂ ਭਰਿਆ, ਬਾਕੀ ਦਾ ਪਾਣੀ ਕਿੱਥੇ ਚਲਿਆ ਗਿਆ?

ਕ੍ਰਿਸ਼ਨ ਮਹਾਰਾਜ ਜੀ ਕਹਿਣ ਲੱਗੇ, ਕਲਜੁਗ ਦੇ ਅੰਦਰ ਐਨੀ ਤ੍ਰਿਸ਼ਨਾ ਵਧ ਜਾਏਗੀ ਕਿ ਇਨ੍ਹਾਂ ਜੁਗਾਂ ਵਿਚ ਇਕ ਬੰਦਾ ਕਮਾਈ ਕਰਦਾ ਹੈ ਸਾਰੇ ਖਾਂਦੇ ਨੇ ਪਰ ਕਲਜੁਗ ਦੇ ਅੰਦਰ ਸਾਰੇ ਕਮਾਈ ਕਰਨਗੇ ਪਰ ਬਰਕਤ ਕਿਤੇ ਵੀ ਨਹੀਂ ਹੋਏਗੀ, ਤੋਟਾ ਹੀ ਤੋਟਾ ਰਹੇਗਾ।

ਪੰਜਵਾਂ ਕਹਿਣ ਲੱਗਿਆਂ, ਮਹਾਰਾਜ! ਮੈਂ ਦੇਖਿਆ ਕਿ ਇਕ ਬਹੁਤ ਵੱਡਾ ਪਹਾੜ ਹੈ ਉਥੋਂ ਇਕ ਪੱਥਰ ਰੁੜ੍ਹਿਆ ਆਉਂਦਾ ਹੈ, ਉਸ ਨੇ ਸਾਰੇ ਦਰਖਤ ਤੋੜ ਦਿਤੇ ਪਰ ਜਦੋਂ ਉਹ ਖੱਡ ਵਿਚ ਗਿਰਨ ਲੱਗਿਆ ਤਾਂ ਇਕ ਘਾਹ ਦੇ ਤਿਣਕੇ ਨੇ ਉਸ ਨੂੰ ਰੋਕ ਲਿਆ। ਮਹਾਰਾਜ! ਘਾਹ ਦਾ ਤਿਣਕਾ ਤਾਂ ਰੋਕ ਨਹੀਂ ਸਕਦਾ, ਹਜ਼ਾਰਾਂ ਕੁਇੰਟਲ ਦਾ ਉਹ ਪੱਥਰ ਸੀ ਇਹ ਗੱਲ ਅਜੀਬ ਹੋਈ ਹੈ।

ਕਹਿਣ ਲੱਗੇ, ਪ੍ਰੇਮੀਓ! ਜਿਥੇ ਕਲਜੁਗ ਵਿਚ ਪਾਪ ਤੇ ਪ੍ਰਮੇਸ਼ਰ ਨੂੰ ਭੁਲਾਉਣ ਵਾਲੀਆਂ ਗੱਲਾਂ ਵਧ ਜਾਣੀਆਂ ਨੇ, ਆਦਮੀ ਨੇ ਭੁੱਲਿਆ ਰਹਿਣਾ ਹੈ, ਜੋੜਨ ਵਾਲੀਆਂ ਗੱਲਾਂ ਥੋੜ੍ਹੀਆਂ ਰਹਿ ਜਾਣੀਆਂ ਨੇ, ਭੁਲਾਉਣ ਵਾਲੀਆਂ ਬੇਅੰਤ ਨੇ।

ਆਹ ਟੈਲੀਵੀਜ਼ਨ ਹਰ ਵਕਤ ਬੱਚੇ ਦੇਖੀ ਜਾਂਦੇ ਨੇ, ਹਰ ਵਕਤ ਬੰਦਾ ਦੇਖੀ ਜਾਂਦਾ ਹੈ। ਕਿੰਨਾ ਮਾੜਾ ਅਸਰ ਇਸ ਦਾ ਸਮਾਜ ਤੇ ਪੈਂਦਾ ਹੈ, ਕਿੰਨੀਆਂ ਬੁਰੀਆਂ ਚੀਜ਼ਾਂ ਵਿਚ ਸਾਡਾ ਧਿਆਨ ਜਾਂਦਾ ਹੈ। ਵਾਹਿਗੁਰੂ ਕਿੱਥੇ ਯਾਦ ਰਹਿ ਜਾਏ, ਮਾਇਆ ਦਾ ਕੰਮ ਹੈ ਵਾਹਿਗੁਰੂ ਨੂੰ ਭੁਲਾਉਣਾ -

***ਇਨਿ ਮਾਇਆ ਜਗਦੀਸ ਗੁਸਾਈ***
***ਤੁਮ੍ਰੇ ਚਰਨ ਬਿਸਾਰੇ ॥*** ***ਅੰਗ - ੮੫੭***

ਭੁਲਾਉਣ ਵਾਸਤੇ ਆਈ ਹੈ। ਕਹਿੰਦੇ ਕਿ ਕਲਜੁਗ ਦੇ ਅੰਦਰ ਬੰਦਾ ਭੁੱਲ ਜਾਏਗਾ, ਕੋਈ ਕਰਮ-ਕਾਂਡ, ਕੋਈ ਜਪ-ਤਪ, ਪੂਜਾ ਕਿਸੇ ਦਾ ਬਲ ਨਹੀਂ ਚਲਣਾ, ਕੋਈ ਪਾਠਾਂ ਦਾ ਬਲ ਨਹੀਂ ਚਲਦਾ। ਉਨ੍ਹਾਂ ਸਾਰੇ ਕਰਮਾਂ-ਧਰਮਾਂ ਨੂੰ ਪਾਪਾਂ ਦੇ ਪੱਥਰ ਨੇ ਤੋੜ ਦੇਣਾ ਹੈ ਤੇ ਇਕ ਜਿਹੜਾ ਤਿਣਕਾ ਤੁਸੀਂ ਕਹਿੰਦੇ ਹੋ, ਉਹ ਹੈ ਪ੍ਰਮੇਸ਼ਰ ਦਾ ਨਾਮ। ਚਾਰ ਅੱਖਰ ਨੇ, ਵਾਹਿਗੁਰੂ ਦੇ, ਦੋ ਅੱਖਰ ਨੇ ਰਾਮ ਦੇ, ਚਾਰ ਨਾਰਾਇਣ ਦੇ ਨੇ, ਤਿੰਨ ਗੋਬਿੰਦ ਦੇ ਨੇ, ਤਿੰਨ ਅੱਲਾਹ ਦੇ ਨੇ। ਕਹਿੰਦੇ, ਇਹ ਨਾਮ ਜਦੋਂ ਆਦਮੀ ਜਪੇਗਾ ਤਾਂ ਪਾਪਾਂ ਦਾ ਪਹਾੜ ਤੋੜ ਦਏਗਾ, ਪਾਪਾਂ ਦਾ ਵਸ ਨਹੀਂ ਚੱਲੇਗਾ। ਸੋ ਕਲਜੁਗ ਦੇ ਅੰਦਰ ਕ੍ਰਿਸ਼ਨ ਮਹਾਰਾਜ ਜੀ ਕਹਿੰਦੇ ਨਾਮ ਦਾ ਫਲ ਹੈ।

ਜਦੋਂ ਗੁਰੂ ਨਾਨਕ ਪਾਤਸ਼ਾਹ ਨੂੰ ਕਲਜੁਗ ਮਿਲਿਆ ਉਸ ਨੇ ਆਪਣਾ ਹਾਲ ਦੱਸਿਆ ਕਿ ਮੇਰੇ ਰਾਜ ਦੇ ਅੰਦਰ ਸਭ ਪਾਖੰਡੀ ਹੋ ਜਾਣਗੇ, ਕੋਈ ਵੀ ਬੰਦਾ ਸੱਚਾ ਨਹੀਂ ਰਹੇਗਾ, ਰਿਸ਼ਵਤਾਂ ਲੈਣਗੇ, ਧੋਖੇ ਦੇਣਗੇ, ਝੂਠ ਬੋਲਣਗੇ, ਵਿਸ਼ੇ-ਵਿਕਾਰਾਂ ਵਿਚ ਪੈ ਜਾਣਗੇ ਤੇ ਨਰਕਾਂ ਨੂੰ ਜਾਣਗੇ।

ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ, ਤੂੰ ਤਾਂ ਬਹੁਤ ਜ਼ੁਲਮ ਕਰ ਰਿਹਾ ਹੈ ਕਿ ਤੇਰੇ ਇਸ ਕਰਮ ਦਾ ਲੇਖਾ ਅਸੀਂ ਲੈਣਾ ਹੈ ਤੇ ਜਦੋਂ ਅਸੀਂ ਲੇਖਾ ਲਵਾਂਗੇ ਫੇਰ ਤੈਨੂੰ ਔਖਾ ਹੋ ਜਾਣਾ ਹੈ, ਕਲਜੁਗ! ਫੇਰ ਤੂੰ ਹੀ ਜਵਾਬ ਦਏਂਗਾ।

ਉਸ ਵੇਲੇ ਡਰ ਗਿਆ ਤੇ ਕਹਿਣ ਲੱਗਿਆ, ਮਹਾਰਾਜ! ਮੇਰਾ ਤਾਂ ਜੁਗ ਹੀ ਐਸਾ ਹੈ। ਇਸ ਦੇ ਵਿਚ ਕਿਸੇ ਨੇ ਵੀ ਪ੍ਰਮੇਸ਼ਰ ਦੀ ਭਗਤੀ ਨਹੀਂ ਕਰਨੀ, ਕਿਸੇ ਦਾ ਚਿੱਤ ਨਹੀਂ ਲਗਣਾ, ਕਿਸੇ ਨੂੰ ਵੀ ਨਾਮ ਵਿਚ ਰਸ ਨਹੀਂ ਆਉਣਾ ਤੇ ਐਵੇਂ ਹੀ ਉਤੋਂ-ਉਤੋਂ ਕਰਨਗੇ।

ਜਦੋਂ ਚਰਨ ਫੜ ਲਏ ਤਾਂ ਮਹਾਰਾਜ ਜੀ ਕਹਿਣ ਲੱਗੇ, ਦੇਖ! ਤੇਰੇ ਉਤੇ ਸਾਨੂੰ ਰਹਿਮ ਆਇਆ -

***ਜਿਸੁ ਸਿਕਦਾਰੀ ਤਿਸਹਿ ਖੁਆਰੀ***
***ਚਾਕਰ ਕੇਹੇ ਡਰਣਾ ॥***
***ਜਾ ਸਿਕਦਾਰੈ ਪਵੈ ਜੰਜੀਰੀ***
***ਤਾ ਚਾਕਰ ਹਥਹੁ ਮਰਣਾ ॥*** ***ਅੰਗ - ੯੦੩***

ਦੇਖ ਕੇ ਡਰ ਗਿਆ ਕਿ ਮਹਾਰਾਜ! ਮੇਰਾ ਵੀ ਕਿਵੇਂ ਉਧਾਰ ਹੋਵੇ। ਅਧੀਨਤਾ ਵਿਚ ਆ ਗਿਆ।

ਮਹਾਰਾਜ ਜੀ ਕਹਿੰਦੇ, ਦੇਖ! ਸਾਡੇ ਸਿੱਖਾਂ ਨੂੰ ਤੰਗ ਨਾ ਕਰੀਂ ਤੇਰਾ ਉਧਾਰ ਹੋ ਜਾਏਗਾ ਤੇ ਅਸੀਂ ਤੈਨੂੰ ਇਕ ਬਹੁਤ ਵੱਡੀ ਚੀਜ਼ ਦਿੰਦੇ ਹਾਂ, ਉਹ ਇਹ ਹੈ ਕਿ ਜੇ ਕੋਈ ਬੰਦਾ ਸਾਰੀ ਜ਼ਿੰਦਗੀ ਪਾਪ ਕਰਦਾ-ਕਰਦਾ ਰੱਬ ਵਲ ਆ ਜਾਵੇ ਤੇ ਨਾਮ ਜਪਣ ਲਗ ਜਾਵੇ, ਇਕ ਛਿਨ ਵਾਸਤੇ ਵੀ ਜੇ ਉਸ ਨੇ ਨਾਮ ਜਪ ਲਿਆ ਤਾਂ ਉਸ ਦੇ ਸਾਰੇ ਪਾਪਾਂ ਦਾ ਖਾਤਮਾ ਹੋ ਜਾਏਗਾ -

***ਏਕ ਚਿਤ ਜਿਹ ਇਕ ਛਿਨ ਧਿਆਇਓ***
***ਕਾਲ ਫਾਸ ਕੇ ਬੀਚ ਨ ਆਇਓ।***

ਇਕ ਵਾਰੀ 'ਵਾਹਿਗੁਰੂ' ਕਹਿਣ ਦੇ ਨਾਲ ਪਰ ਉਹ 'ਵਾਹਿਗੁਰੂ' ਸੁਰਤ ਨਾਲ ਕਹਿਣਾ ਪੈਂਦਾ ਹੈ। ਜਦੋਂ ਸੁਰਤ ਪ੍ਰਮੇਸ਼ਰ ਨਾਲ ਜੁੜ ਜਾਵੇ ਇਕੋ ਵਾਰੀ ਉਸ ਦੇ ਨਾਲ ਸਾਰੇ ਪਾਪਾਂ ਦਾ ਨਾਸ਼ ਹੋ ਜਾਏਗਾ।

ਕਲਜੁਗ ਦੇ ਅੰਦਰ ਤਰਨ ਵਾਸਤੇ ਗੁਰੂ ਨਾਨਕ ਪਾਤਸ਼ਾਹ ਨੇ ਕਿੱਡੀ ਵੱਡੀ ਛੋਟ ਦਿਤੀ ਹੈ। ਸਤਿਸੰਗ ਦੋ ਘੜੀਆਂ ਕੀਤਾ ਹੋਇਆ ਦਸ ਹਜ਼ਾਰ ਸਾਲ ਦੇ ਕੀਤੇ ਤਪ ਤੋਂ ਵੱਧ ਹੋਏਗਾ, ਸਤਿਜੁਗ ਦੇ ਅੰਦਰ। ਤ੍ਰੇਤੇ ਜੁਗ ਦੇ ਅੰਦਰ ਹਜ਼ਾਰ ਸਾਲ ਦਾ ਤਪ ਕੀਤਾ ਹੋਇਆ ਤੇ ਏਧਰ ਦੋ ਘੜੀਆਂ ਸਤਿਸੰਗ ਕੀਤਾ ਹੋਇਆ, ਇਹ ਵੱਧ ਹੋਏਗਾ। ਸੋ ਇਸ ਤਰ੍ਹਾਂ ਕਲਜੁਗ ਦੇ ਅੰਦਰ -

***ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ***
***ਆਧ॥ ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ ॥***
***ਅੰਗ - ੧੩੭੭***

ਥੋੜ੍ਹਾ ਜਿਹਾ ਵੀ ਮਨ ਚਿਤ ਲਾ ਕੇ ਸਤਿਸੰਗ ਕਰ ਲਓ ਤੇ ਸਤਿਸੰਗ ਦੇ ਜੋ ਬਚਨ ਨੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਉਨ੍ਹਾਂ ਨੂੰ ਹਿਰਦੇ 'ਚ ਵਸਾ ਲਓ ਉਸ ਦੇ ਨਾਲ ਹੀ ਉਧਾਰ ਹੋ ਜਾਏਗਾ। ਸੋ ਮਹਾਰਾਜ ਜੀ ਕਹਿੰਦੇ, ਕਲਜੁਗ ਦੇ ਵਿਚ ਨਾਮ

ਜਪਣ ਦੀ ਰੁੱਤ ਆ ਗਈ -

*ਅਬ ਕਲੂ ਆਇਓ ਰੇ ॥*
*ਇਕੁ ਨਾਮੁ ਬੋਵਹੁ ਬੋਵਹੁ ॥*
*ਅਨ ਰੂਤਿ ਨਾਹੀ ਨਾਹੀ ॥*
*ਮਤੁ ਭਰਮਿ ਭੂਲਹੁ ਭੂਲਹੁ ॥ ਅੰਗ - ੧੧੮੫*

ਜਦੋਂ ਅਸੀਂ ਨਾਮ ਜਪਦੇ ਹਾਂ, ਮੰਤਰ ਦਾ ਜਾਪ ਕਰਦੇ ਹਾਂ, 'ਵਾਹਿਗੁਰੂ' ਮੰਤਰ ਦਾ ਤਾਂ ਇਸ ਦੇ ਨਾਲ ਕੀ ਹੁੰਦਾ ਹੈ, ਅਸੀਂ ਪ੍ਰਮੇਸ਼ਰ ਨੂੰ ਮਿਲਣਾ। ਪ੍ਰਮੇਸ਼ਰ ਤੇ ਸਾਡੇ ਵਿਚ ਇਕ ਕੰਧ ਬਣੀ ਹੋਈ ਹੈ, ਜਿਸ ਨੂੰ ਹਉਮੈ ਦੀ ਕੰਧ ਕਹਿੰਦੇ ਹਨ।

*ਹਉ ਹਉ ਭੀਤਿ ਭਇਓ ਹੈ ਬੀਚੋ*
*ਸੁਨਤ ਦੇਸਿ ਨਿਕਟਾਇਓ ॥*
*ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥*
*ਅੰਗ - ੬੨੪*

ਉਹ ਕੰਧ ਤਾਂ ਟੁਟਦੀ ਹੈ -

*ਵਾਹਿਗੁਰੂ ਗੁਰਮੰਤ੍ਰ ਹੈ ਜਪੁ ਹਉਮੈ ਖੋਈ।।*

ਹਉਮੈ ਦਾ ਨਾਸ਼ ਹੋ ਗਿਆ ਤੇ ਹਉਮੈ ਦੇ ਨਾਸ਼ ਹੋਣ ਦੇ ਨਾਲ ਵਾਹਿਗੁਰੂ ਜੀ ਦੇ ਦਰਸ਼ਨ ਹੋ ਜਾਂਦੇ ਨੇ। ਵਾਹਿਗੁਰੂ ਸਭ ਦੇ ਅੰਦਰ ਹੈ ਬਾਹਰ ਨਹੀਂ ਹੈ ਕਿਤੇ, ਨਾ ਢੂੰਡ ਕਹਿੰਦੇ -

*ਫਰੀਦਾ ਜੰਗਲੁ ਜੰਗਲੁ ਕਿਆ ਭਵਹਿ*
*ਵਣਿ ਕੰਡਾ ਮੋੜੇਹਿ ॥*
*ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥*
*ਅੰਗ - ੧੩੭੮*

ਤੇਰੇ ਅੰਦਰ ਵਾਹਿਗੁਰੂ ਦਾ ਵਾਸਾ ਹੈ; ਬਾਹਰ ਨਾ ਟੋਲ੍ਹ ਅੰਦਰ ਹੀ ਟੋਲ੍ਹ ਪਰ ਰਸਤਾ ਨਹੀਂ ਲੱਭਦਾ ਜਿੰਨਾ ਚਿਰ ਕੋਈ ਭੇਤੀ ਨਾ ਹੋਵੇ ਕਿਉਂਕਿ ਉਹ ਦਰਵਾਜ਼ੇ ਬੰਦ ਨੇ -

*ਨਉ ਦਰਵਾਜੇ ਕਾਇਆ ਕੋਟੁ ਹੈ*
*ਦਸਵੈ ਗੁਪਤੁ ਰਖੀਜੈ ॥ ਅੰਗ - ੯੫੪*

ਦਸਵਾਂ ਗੁਪਤ ਪਿਆ ਹੈ ਜਿਥੇ ਪ੍ਰਮੇਸ਼ਰ ਦਾ ਰਾਹ ਹੈ -

*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*
*ਅੰਗ - ੯੫੪*

ਉਥੇ ਇਹੋ-ਜਿਹੇ ਸਖਤ ਦਰਵਾਜ਼ੇ ਲਾਏ ਹੋਏ ਨੇ ਕਿ ਉਹ ਖੁਲ੍ਹਦੇ ਨਹੀਂ ਜੇ ਖੁਲ੍ਹਦੇ ਨੇ ਤਾਂ ਗੁਰੂ ਦੇ ਸ਼ਬਦ ਦੀ ਕਮਾਈ ਕਰਕੇ ਖੁਲ੍ਹਦੇ ਨੇ। ਜਦੋਂ ਖੁਲ੍ਹ ਗਏ ਤਾਂ ਨਿਸ਼ਾਨੀ ਕੀ ਹੈ? -

*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥*
*ਅੰਗ - ੯੫੪*

ਬਗੈਰ ਵਜਾਏ ਹੋਏ ਅੰਦਰ ਵਾਜੇ ਸੁਣਦੇ ਨੇ, ਸਾਰੇ ਰਾਗ ਸੁਣਦੇ ਨੇ, ਸਾਰੇ ਸਾਜ ਸੁਣਦੇ ਨੇ। ਆਪਣੇ ਆਪ ਹੀ ਪ੍ਰਮੇਸ਼ਰ ਦੀ ਦਰਗਾਹ ਵਿਚ ਵਾਜੇ ਵਜਦਿਆਂ ਨਾਲ ਸੁਰਤ ਦਾ ਸਬੰਧ ਜੁੜ ਜਾਂਦਾ ਹੈ। ਉਹ ਸਾਰੇ ਸਾਜ਼, ਆਦਮੀ ਦੇ ਅੰਦਰ ਸੁਣਦੇ ਨੇ। ਮਹਾਰਾਜ ਜੀ ਕਹਿੰਦੇ ਐਵੇਂ ਐਉਂ ਨਾ ਸਮਝੀਂ ਕਿ ਮੈਨੂੰ ਕੁਝ ਲੱਭ ਗਿਆ। ਲੱਭਣ ਦੀ ਪਹਿਲੀ ਨਿਸ਼ਾਨੀ ਇਹ ਹੈ ਕਿ ਤੇਰੇ ਅੰਦਰ ਰਾਗ ਸੁਣੇਗਾ -

*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥*
*ਅੰਗ - ੯੫੪*

ਫੇਰ ਹਨ੍ਹੇਰਾ ਨਹੀਂ ਹੈ ਉਥੇ ਪ੍ਰਕਾਸ਼ ਹੈ -

*ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥*
*ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥*
*ਅੰਗ - ੪੬੩*

ਸੈਂਕੜੇ ਸੂਰਜ ਚੜ੍ਹ ਜਾਣ, ਹਜ਼ਾਰਾਂ ਚੰਦਰਮਾ ਚੜ੍ਹ ਜਾਣ ਪਰ ਜੇ ਗੁਰੂ ਦਾ ਸ਼ਬਦ ਨਹੀਂ ਮਿਲਿਆਂ, ਗੁਰੂ ਨਹੀਂ ਮਿਲਿਆ ਤਾਂ ਕਹਿੰਦੇ ਅੰਦਰ ਹਨ੍ਹੇਰਾ ਹੈ। ਉਹ ਹਨ੍ਹੇਰਾ ਦੂਰ ਹੋ ਜਾਂਦਾ ਹੈ, ਕਹਿੰਦੇ-

*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥*
*ਅੰਗ - ੯੫੪*

ਜਦੋਂ ਹਨ੍ਹੇਰਾ ਦੂਰ ਹੋ ਗਿਆ ਤਾਂ ਚਾਨਣੇ ਵਿਚ ਕੀ ਦੇਖਦਾ ਹੈ ਕਿ -

*ਸਭ ਮਹਿ ਏਕੁ ਵਰਤਦਾ*
*ਜਿਨਿ ਆਪੇ ਰਚਨ ਰਚਾਈ ॥ ਅੰਗ - ੯੫੪*
*ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥*
*ਅੰਗ - ੯੪੭*

ਉਹ ਅੰਦਰ ਹੀ ਰਹਿੰਦਾ ਹੈ ਤੇ ਅੰਦਰ ਰਹਿੰਦੇ ਨੂੰ ਲੱਭਣ ਵਾਸਤੇ ਮਹਾਰਾਜ ਜੀ ਕਹਿੰਦੇ ਕਿਸੇ ਭੇਤੀ ਨੂੰ ਲੱਭ ਲੈ, ਉਹ ਤੈਨੂੰ ਜੁਗਤ ਦੱਸ ਦਏਗਾ। ਆਪਣੇ-ਆਪ ਨਹੀਂ ਲੱਭਣਾ ਚਾਹੇ ਤੂੰ ਕਿੰਨਾ ਹੀ ਜ਼ੋਰ ਲਾਈ ਜਾਹ, ਨੱਠੀ ਜਾਹ, ਭੱਜੀ ਜਾਹ ਜੋ ਕਰਨਾ ਹੈ ਕਰ ਲੈ, ਪਰ ਚਾਬੀ ਹੱਥ ਨਹੀਂ ਆਉਣੀ -

*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ*
*ਕੁੰਜੀ ਗੁਰ ਸਉਪਾਈ ॥*
*ਅਨਿਕ ਉਪਾਵ ਕਰੇ ਨਹੀ ਪਾਵੈ*
*ਬਿਨੁ ਸਤਿਗੁਰ ਸਰਣਾਈ ॥ ਅੰਗ - ੨੦੫*

ਪੰਜ ਪਿਆਰਿਆਂ ਨੇ ਤੈਨੂੰ ਚਾਬੀ ਦੇ ਦਿਤੀ ਹੁਣ ਚਾਬੀ ਲਾਉਣ ਦੀ ਜੁਗਤ ਸਿੱਖ ਲੈ, ਸੰਤਾਂ ਦੀ ਸੰਗਤ ਕਰ। ਦੋ ਚੀਜ਼ਾਂ ਨਹੀਂ ਮਿਲਣੀਆਂ-

*ਹਰਿ ਕੀਰਤਿ ਸਾਧਸੰਗਤਿ ਹੈ*
*ਸਿਰਿ ਕਰਮਨ ਕੈ ਕਰਮਾ ॥ ਅੰਗ - ੬੪੨*

ਹਰੀ ਦਾ ਜਸ ਤੇ ਸਾਧੂ ਦੀ ਸੰਗਤ ਇਹ ਦੋ ਨਹੀਂ ਮਿਲਿਆ ਕਰਦੀਆਂ, ਇਹ ਸਾਰੇ ਕਰਮਾਂ ਦੇ ਸ਼੍ਰੋਮਣੀ ਕਰਮ ਨੇ-

*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥ ਅੰਗ - ੬੪੨*

ਪਰ ਮਿਲਦੀ ਉਸਨੂੰ ਹੈ ਜਿਸ ਦੇ ਮੱਥੇ ਵਿਚ ਲੇਖ ਹੋਵੇ। ਸੋ ਬੇਅੰਤ ਸਾਖੀਆਂ ਨੇ। ਸੋ ਜੋ ਬਚਨ ਹੁੰਦੇ ਨੇ, ਧਿਆਨ ਦੇ ਨਾਲ ਸਰਵਣ ਕਰੋ ਤੇ ਆਪਣੇ ਜੀਵਨ ਦਾ ਲਾਹਾ ਖੱਟ ਲਓ, ਬਾਜ਼ੀ ਹਾਰ ਕੇ ਨਾ ਚਲੇ ਜਾਇਓ, ਫੇਰ ਮੁੜ ਕੇ ਮਿਲਣਾ ਔਖਾ ਹੈ -

*ਇਸੁ ਪਉੜੀ ਤੇ ਜੋ ਨਰੁ ਚੂਕੈ*
*ਸੋ ਆਇ ਜਾਇ ਦੁਖੁ ਪਾਇਦਾ ॥ ਅੰਗ - ੧੦੭੫*

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਹਿ॥

# ਕਰਮਾਂ ਦੀ ਗਤੀ

***ਸੰਤ ਵਰਿਆਮ ਸਿੰਘ ਜੀ ਬਾਨੀ ਵਿ. ਗੁ. ਰੂ. ਮਿਸ਼ਨ***

*ਸਤਿਨਾਮ ਸ੍ਰੀ ਵਾਹਿਗੁਰੂ*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥*
*ਅੰਗ - ੨੮੯*

*ਧਾਰਨਾ - ਮਹਿਮਾ ਤੇਰੀ ਨਾ ਵੇਦ ਜਾਣਦੇ,*
*ਤੇਰਾ ਬ੍ਰਹਮਾ ਨੇ ਅੰਤ ਨਾ ਪਾਇਆ।*

*ਮਹਿਮਾ ਨ ਜਾਨਹਿ ਬੇਦ ॥*
*ਬ੍ਰਹਮੇ ਨਹੀ ਜਾਨਹਿ ਭੇਦ ॥*
*ਅਵਤਾਰ ਨ ਜਾਨਹਿ ਅੰਤੁ ॥*
*ਪਰਮੇਸਰੁ ਪਾਰਬ੍ਰਹਮ ਬੇਅੰਤੁ ॥੧॥*
*ਅਪਨੀ ਗਤਿ ਆਪਿ ਜਾਨੈ ॥*
*ਸੁਣਿ ਸੁਣਿ ਅਵਰ ਵਖਾਨੈ ॥੧॥ ਰਹਾਉ ॥*
*ਅੰਗ - ੮੯੪*

*ਧਾਰਨਾ - ਵਾਹਿਗੁਰੂ ਮਹਿਮਾ ਨ ਤੇਰੀ ਵੇਦ ਜਾਣਦੇ।*
*ਤੇਰਾ ਬ੍ਰਹਮਾ ਨੇ ਅੰਤ ਨ ਪਾਇਆ।*

*ਸੰਕਰਾ ਨਹੀ ਜਾਨਹਿ ਭੇਵ ॥*
*ਖੋਜਤ ਹਾਰੇ ਦੇਵ ॥*
*ਦੇਵੀਆ ਨਹੀ ਜਾਨੈ ਮਰਮ ॥*
*ਸਭ ਊਪਰਿ ਅਲਖ ਪਾਰਬ੍ਰਹਮ ॥੨॥*
*ਅਪਨੈ ਰੰਗਿ ਕਰਤਾ ਕੇਲ ॥*
*ਆਪਿ ਬਿਛੋਰੈ ਆਪੇ ਮੇਲ ॥*
*ਇਕਿ ਭਰਮੇ ਇਕਿ ਭਗਤੀ ਲਾਏ ॥*
*ਅਪਣਾ ਕੀਆ ਆਪਿ ਜਣਾਏ ॥੩॥*
*ਸੰਤਨ ਕੀ ਸੁਣਿ ਸਾਚੀ ਸਾਖੀ ॥*
*ਸੋ ਬੋਲਹਿ ਜੋ ਪੇਖਹਿ ਆਖੀ ॥*
*ਨਹੀ ਲੇਪੁ ਤਿਸੁ ਪੁੰਨਿ ਨ ਪਾਪਿ ॥*
*ਨਾਨਕ ਕਾ ਪ੍ਰਭੁ ਆਪੇ ਆਪਿ ॥ ਅੰਗ - ੮੯੪*

ਸਾਧਸੰਗਤ ਜੀ! ਚਿੱਤ ਬਿਰਤੀਆਂ ਇਕਾਗਰ ਕਰੋ, ਨੇਤਰਾਂ ਦੇ ਨਾਲ ਗੁਰੂ ਸਰੂਪ ਦੇ ਦਰਸ਼ਨ ਕਰੋ, ਕੰਨਾਂ ਦੇ ਨਾਲ ਬਾਣੀ ਸਰਵਣ ਕਰੋ, ਬੁੱਧੀ ਦੇ ਨਾਲ ਵਿਚਾਰ ਕਰਕੇ ਹਿਰਦੇ 'ਚ ਧਾਰਨ ਕਰੋ। ਹਿਰਦੇ ਵਿਚ ਧਾਰਨ ਕਰਨ ਤੋਂ ਬਾਅਦ ਬਾਣੀ ਨੂੰ ਕਮਾਓ, ਰਸਨਾ ਦੇ ਨਾਲ ਗੱਜ-ਵੱਜ ਕੇ ਬੋਲੋ। ਵੱਡਿਆਂ ਭਾਗਾਂ ਦੇ ਨਾਲ ਸਤਿਸੰਗ ਦੀ ਪ੍ਰਾਪਤੀ ਹੁੰਦੀ ਹੈ। ਜਦ ਤਕ ਪੁੰਨ ਕਰਮ ਜਮ੍ਹਾਂ ਨਾ ਹੋਣ ਓਨੀਂ ਦੇਰ ਤਕ ਸਤਿਸੰਗ ਨਹੀਂ ਪ੍ਰਾਪਤ ਹੋਇਆ ਕਰਦਾ। ਭਾਵੇਂ ਇਕੱਲਾ ਬੰਦਾ ਹੋਵੇ, ਚਾਹੇ ਇਲਾਕਾ ਹੋਵੇ, ਚਾਹੇ ਕੋਈ ਦੇਸ਼ ਹੋਵੇ, ਚਾਹੇ ਕੁਝ ਵੀ ਹੋਵੇ, ਪਹਿਲਾਂ ਪੁੰਨ ਕਰਮ ਬਣਦੇ ਨੇ, ਫੇਰ ਜਾ ਕੇ ਸਤਿਪੁਰਸ਼ਾਂ ਦੇ ਬਚਨ ਸੁਣਨ ਨੂੰ ਮਿਲਦੇ ਨੇ।

*ਹਰਿ ਕੀਰਤਿ ਸਾਧਸੰਗਤਿ ਹੈ*
*ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥ ਅੰਗ - ੬੪੨*

ਸਤਿਸੰਗ 'ਚ ਆ ਕੇ, ਜੀਵ ਨੂੰ ਇਹ ਸੁਮੱਤ ਮਿਲਦੀ ਹੈ ਕਿ ਮੈਂ ਕਿਸ ਤਰ੍ਹਾਂ ਦੇ ਨਾਲ ਜਿਹਦੇ ਨਾਲੋਂ ਵਿਛੜ ਕੇ ਦੁਖੀ ਹੋ ਰਿਹਾ ਹਾਂ, ਉਹਦੇ ਨਾਲ ਮੇਰਾ ਕਿਵੇਂ ਮਿਲਾਪ ਹੋ ਸਕਦਾ ਹੈ। ਸੋ ਬਾਣੀ ਦਾ ਜੋ ਫਲ ਪ੍ਰਾਪਤ ਹੁੰਦਾ ਹੈ, ਮਹਾਰਾਜ ਕਹਿੰਦੇ ਗਾਉਂਦੇ ਤਾਂ ਸਾਰੇ ਹੀ ਨੇ, ਸੁਣਦੇ ਵੀ ਸਾਰੇ ਨੇ, ਕਿਸੇ ਨੂੰ ਫਲ ਘੱਟ ਮਿਲਦਾ ਹੈ, ਕਿਸੇ ਨੂੰ ਵੱਧ ਮਿਲਦਾ ਹੈ, ਸੁਣਨ ਵਾਲੇ ਵੀ ਉਥੇ ਹੀ ਬੈਠੇ ਨੇ, ਗਾਉਣ ਵਾਲੇ ਵੀ ਉਥੇ ਹੀ ਬੈਠੇ ਨੇ। ਕਈ ਵਾਰੀ ਗਾਉਣ ਵਾਲੇ ਖਾਲੀ ਰਹਿ ਜਾਂਦੇ ਨੇ। ਸੁਣਨ ਵਾਲੇ ਬਹੁਤ ਕੁਛ ਲੈ ਜਾਂਦੇ ਨੇ। ਇਹ ਗੱਲ ਕੀ ਹੈ, ਮਹਾਰਾਜ ਕਹਿੰਦੇ -

*ਸੇਵਕ ਸਿਖ ਪੂਜਣ ਸਭਿ ਆਵਹਿ*
*ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥*
*ਅੰਗ - ੬੬੯*

ਸਾਰੇ ਹੀ ਗਾਉਂਦੇ ਨੇ ਇਸ ਉਤਮ ਬਾਣੀ ਨੂੰ। ਪਰ -

*ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ*
*ਜਿਨ ਸਤਿਗੁਰ ਕੀ ਆਗਿਆ*
*ਸਤਿ ਸਤਿ ਕਰਿ ਮਾਨੀ ॥ ਅੰਗ - ੬੬੯*

ਜਿਹਨੇ ਆਗਿਆ ਤੇ ਬਚਨਾਂ ਨੂੰ ਸਤਿ ਕਰਕੇ ਹਿਰਦੇ 'ਚ ਧਾਰਨ ਕਰ ਲਿਆ, ਉਹਦਾ ਥਾਂ ਪੈਂਦਾ ਹੈ। ਕਿੰਨਾਂ ਥਾਂ ਪੈਂਦਾ ਹੈ, ਅੰਦਾਜ਼ਾ ਹੀ ਨਹੀਂ ਲਾ ਸਕਦੇ, ਐਸੇ ਗੁਰੂ ਮਹਾਰਾਜ ਦੇ ਬ੍ਰਹਮ ਵਾਕ ਨੇ, ਜੇ ਇਕ ਦੇ ਉਤੇ ਵੀ ਅਸੀਂ ਨਿਸ਼ਚਾ ਕਰ ਲਈਏ, ਤਾਂ ਵੀ ਸਾਡਾ ਉਧਾਰ ਹੋ ਸਕਦਾ ਹੈ। ਮਹਾਰਾਜ ਕਹਿੰਦੇ -

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥*
*ਅੰਗ - ੫੪੬*

ਕੋਟਿਕ ਕਹਿੰਦੇ ਨੇ ਕਰੋੜ। ਕਈ ਕਰੋੜ ਜਗ ਦਾ ਫਲ ਉਹਨੂੰ ਮਿਲਦਾ ਹੈ, ਜੇ ਹੁਣ ਵਿਚਾਰੀਏ, ਗੱਲ ਤਾਂ ਮੈਂ ਕਹਿ ਦਿਤੀ, ਪਰ ਜੇ ਗਹਿਰਾਈ ਨਾਲ ਵਿਚਾਰੀਏ ਕਿੰਨਾਂ ਫਲ ਹੁੰਦਾ ਹੈ। ਅੰਦਾਜ਼ਾ ਲਾਓ ਤੁਸੀਂ, ਇਕ ਬੰਦਾ ਪੈਦਾ ਹੁੰਦੇ ਸਾਰ, ਓਸ ਵੇਲੇ ਤਾਂਈ ਯੱਗ ਕਰਨਾ ਸ਼ੁਰੂ ਕਰ ਦੇਵੇ, ਮਾਂ-ਬਾਪ ਕਰਨ ਜਦ ਤਕ ਸੁਰਤ ਨਹੀਂ ਆਉਂਦੀ ਉਹਦੇ ਨਮਿਤ। ਸੌ ਸਾਲ ਦੀ ਉਮਰ ਦਾ ਹੋਵੇ, ਇਕ ਵੀ ਦਿਨ ਉਹ ਬਰਬਾਦ ਨਾ ਕਰੇ। ਸੌ ਸਾਲ ਯੱਗ ਕਰੀ ਜਾਵੇ, ਕਿੰਨੇ ਯੱਗ ਹੋਣਗੇ ਸਾਰੀ ਉਮਰ ਦੇ ਅੰਦਰ। 36 ਹਜ਼ਾਰ 500 ਯੱਗ ਹੋਏਗਾ। ਜੇ ਹਜ਼ਾਰ ਸਾਲ ਦੀ ਉਮਰ ਹੋਏਗੀ ਤਾਂ ਤਿੰਨ ਲੱਖ ਸੱਠ ਹਜ਼ਾਰ ਹੋਏਗਾ। ਜੇ ਦੱਸ ਹਜ਼ਾਰ ਸਾਲ ਦੀ ਉਮਰ ਹੋਏਗੀ, ਤਾਂ ਹੋਰ ਲਾ ਲਓ ਤੁਸੀਂ ਤਿੰਨ ਕਰੋੜ। ਸੱਠ ਲੱਖ ਯੱਗ ਕਰੇਗਾ, ਐਨੀ ਨਾ ਉਮਰ ਸਾਨੂੰ ਮਿਲੇ, ਨਾ ਐਨਾ ਕੋਈ ਬੰਦਾ ਅੱਜ ਤਕ ਦੁਨੀਆਂ ਤੇ ਨਹੀਂ ਆਇਆ ਜਿਹਨੇ ਐਨਾ ਪੁੰਨ ਕਰਿਆ ਹੋਵੇ। ਅੰਦਾਜ਼ਾ ਨਹੀਂ ਆਉਂਦਾ ਕਿ ਐਨਾ ਵੱਡਾ ਪੁੰਨ। ਕਿਉਂਕਿ ਪੁੰਨਾਂ ਦਾ ਜੋ ਸਭ ਤੋਂ ਵੱਡਾ ਫਲ ਹੈ, ਗੁਰੂ ਦਾ ਮਿਲਾਪ ਹੈ। ਪੂਰਨ ਗੁਰੂ, ਸਮਰੱਥ ਗੁਰੂ। ਜਿਹੜਾ ਇਸ ਜੀਵ ਨੂੰ ਚੁੱਕ ਕੇ ਪ੍ਰਮੇਸ਼ਰ ਦੇ ਨਾਲ ਮਿਲਾ ਦੇਵੇ, ਜਿਸ ਦੇ ਬਾਰੇ ਐਸਾ ਫੁਰਮਾਨ ਹੈ –

*ਧਾਰਨਾ – ਨਿਰਵੈਰ ਨਿਰਾਲਾ ਜੀ,*
*ਸਤਿਗੁਰ ਪੁਰਖ ਅਗੰਮ ਹੈ।*
*ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।*
*ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ।*
*ਜੇਹਾ ਬੀਜੈ ਸੋ ਲੁਣੈ ਫਲ ਕਰਮ ਸਮਾਲਾ।*
*ਜਿਉਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।*
*ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।*
*ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹਕਾਲਾ।*
*ਭਾਈ ਗੁਰਦਾਸ ਜੀ, ਵਾਰ ੩੪/੧*

ਐਸਾ ਸਤਿਗੁਰੂ ਮਿਲ ਜਾਵੇ, ਬੇਅੰਤ-ਬੇਅੰਤ ਪੁੰਨਾਂ ਦਾ ਫਲ ਹੋਇਆ ਕਰਦਾ ਹੈ, ਅਰਬਾਂ ਪੁੰਨ ਇਕੱਠੇ ਹੋਣ ਤਾਂ ਸਮਰੱਥ ਗੁਰੂ ਦੀ ਪ੍ਰਾਪਤੀ ਹੁੰਦੀ ਹੈ। ਕਿਉਂਕਿ ਜੀਵ ਪ੍ਰਮੇਸ਼ਰ ਤੋਂ ਵਿਛੜ ਕੇ, ਅਰਬਾਂ-ਖਰਬਾਂ ਸਾਲਾਂ ਤੋਂ ਦੁਖੀ ਹੋ ਰਿਹਾ ਹੈ। ਐਨਾ ਭੁੱਲ ਚੁਕਿਆ ਹੈ ਕਿ ਇਹਨੂੰ ਪਤਾ ਹੀ ਨਹੀਂ ਕਿ ਮੈਂ ਕੌਣ ਹਾਂ। ਮਹਾਰਾਜ ਕਹਿੰਦੇ, ਤੈਨੂੰ ਪਤਾ ਹੈ –

*ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ ॥*
*ਅੰਗ – ੯੯੯*

ਤੂੰ ਕੌਣ ਹੈਂ? ਕਿਥੋਂ ਆਇਆ ਹੈਂ? ਅਸੀਂ ਕਹਿੰਦੇ ਜੀ ਅਸੀਂ ਫਲਾਣੇ ਸ਼ਹਿਰ ਤੋਂ ਆਏ ਹਾਂ, ਫਲਾਣੇ ਪਿੰਡ ਤੋਂ ਆਏ ਹਾਂ।

*ਏਤੀ ਨ ਜਾਨਉ ਕੇਤੀਕ ਮੁਦਤਿ*
*ਚਲਤੇ ਖਬਰਿ ਨ ਪਾਇਓ ॥੧॥ ਅੰਗ – ੯੯੯*

ਤੈਨੂੰ ਤਾਂ ਇਹ ਨਹੀਂ ਪਤਾ ਹੈਗਾ ਕਿ ਤੂੰ ਕਦ ਤੋਂ ਚੱਲਿਆ ਹੋਇਆਂ ਹੈਂ। ਬੇਹੋਸ਼ੀ ਛਾ ਗਈ ਉਤੇ। ਆਪਣੇ ਆਪ ਦਾ ਗਿਆਨ ਭੁੱਲ ਗਿਆ ਕਿ ਮੈਂ ਕੌਣ ਹਾਂ? ਮਾਇਆ ਦਾ ਅਸਰ ਪੈ ਗਿਆ, ਉਹਦੇ ਵਿਚ ਗੇੜੇ ਖਾਂਦਾ ਫਿਰਦਾ ਹੈ, ਕਹਿੰਦਾ ਹੈ ਕਿ ਮੈਂ ਅਕਲਮੰਦ ਹਾਂ, ਮੈਨੂੰ ਵਾਹਿਗੁਰੂ ਨੇ ਅਕਲ ਦਿਤੀ ਹੈ, ਸਾਰਾ ਸੰਸਾਰ ਮੈਨੂੰ ਅਕਲਮੰਦ ਕਹਿੰਦਾ ਹੈ, ਵੱਡੀਆਂ-ਵੱਡੀਆਂ ਡਿਗਰੀਆਂ ਨੇ, ਵੱਡੇ-ਵੱਡੇ ਸਮਾਰੋਹ ਕਰਕੇ ਉਹਨੂੰ ਸਨਮਾਨਤ ਕੀਤਾ ਜਾਂਦਾ ਹੈ, ਦੁਨੀਆਂ ਦੇ ਵਿਚ ਟੈਲੀਵੀਜ਼ਨ ਵਾਲੇ ਫੋਟੋਆਂ ਲੈ-ਲੈ ਕੇ ਸਾਰੀ ਦੁਨੀਆਂ ਵਿਚ ਦਿਖਾਉਂਦੇ ਨੇ, ਤੇ ਸਾਰੇ ਜਾਣਦੇ ਨੇ ਤੇ ਮੈਨੂੰ ਕਹਿੰਦੇ ਨੇ ਕਿ ਤੈਨੂੰ ਆਪਣੇ ਆਪ ਦਾ ਪਤਾ ਨਹੀਂ ਹੈ। ਜੇ ਆਪਣੇ ਆਪ ਨੂੰ ਜਾਣਦਾ ਹਾਂ ਤਾਂ ਹੀ ਮੇਰਾ ਸਨਮਾਨ ਹੁੰਦਾ ਹੈ। ਮਹਾਰਾਜ ਕਹਿੰਦੇ ਚੰਗਾ ਫੇਰ ਵਿਚਾਰ ਕਰਕੇ ਦੇਖ ਲੈ। ਪਹਿਲਾਂ ਤਾਂ ਤੂੰ ਇਹ ਦੱਸ ਕਿ ਤੂੰ ਕੌਣ ਹੈਂ? ਸ਼ਾਇਦ ਇਕ ਅੱਧਾ ਬੰਦਾ ਨਿਕਲ ਆਵੇ ਜਿਹੜਾ ਇਹ ਜਾਣ ਜਾਵੇ ਕਿ ਮੈਂ ਕੌਣ ਹਾਂ, ਬਾਕੀ ਨਹੀਂ ਜਾਣਦੇ। ਕਹਿਣ ਨੂੰ ਸਾਰੇ ਹੀ ਕਹਿੰਦੇ ਨੇ –

*ਏਕੋ ਏਕੁ ਕਹੈ ਸਭੁ ਕੋਈ ਹਉਮੈ ਗਰਬੁ ਵਿਆਪੈ ॥*
*ਅੰਗ – ੯੩੦*

ਆਪ ਹਉਮੈ ਦੇ ਵਿਚ ਰਹਿ ਕੇ, ਅਭਿਮਾਨ ਦੇ ਵਿਚ ਰਹਿ ਕੇ, ਵਾਹਿਗੁਰੂ ਇਕ ਹੈ-ਵਾਹਿਗੁਰੂ ਇਕ ਹੈ, ਇਹਦੀ ਰੱਟ ਤਾਂ ਬੇਅੰਤ ਲਾ ਰਹੇ ਨੇ, ਮਹਾਰਾਜ ਕਹਿੰਦੇ ਈਮਾਨਦਾਰੀ ਨਾਲ ਜੇ ਤੂੰ ਗੱਲ ਪਰਖਣੀ ਚਾਹੁੰਦਾ ਹੈਂ ਤਾਂ –

*ਅੰਤਰਿ ਬਾਹਰਿ ਏਕੁ ਪਛਾਣੈ*
*ਇਉ ਘਰੁ ਮਹਲੁ ਸਿਞਾਪੈ ॥ ਅੰਗ – ੯੩੦*

ਤੈਨੂੰ ਪਛਾਣ ਆ ਗਈ ਅੰਦਰ ਬਾਹਰ ਇਕ ਦੀ। ਜੇ ਪਿਆਰਿਆ ਪਛਾਣ ਆ ਗਈ ਤਾਂ ਹਉਕੇ ਹਾਵੇ ਕਿਸ ਗੱਲ ਦੇ, ਚਿੰਤਾ ਕਿਹੜੀ ਗੱਲ ਦੀ। ਘਬਰਾਹਟ ਕਿਹੜੀ ਗੱਲ ਦੀ। ਘਬਰਾਹਟ ਤਾਂ ਓਨੀਂ ਦੇਰ ਹੈ, ਜਿੰਨੀ ਦੇਰ ਤਕ ਜਾਣਿਆਂ ਨਹੀਂ ਹੈ, ਜਦੋਂ ਜਾਣ ਲਿਆ ਫੇਰ ਕਿਹੜੀ ਘਬਰਾਹਟ, ਕਿਹੜਾ ਉਚਾ ਕਿਹੜਾ ਨੀਵਾਂ, ਕਿਹੜਾ ਵਿਛੜਿਆ ਹੋਇਆ, ਕਿਹੜਾ ਮਿਲਿਆ ਹੋਇਆ, ਫੇਰ ਤਾਂ ਗੱਲਾਂ ਹੀ ਦਵੈਤ ਦੀਆ ਖਤਮ ਹੋ ਜਾਣਗੀਆਂ। ਪਛਾਣਿਆਂ ਨਹੀਂ ਹੈ ਗੱਲਾਂ ਬਾਤਾਂ ਹੈਗੀਆਂ ਬਥੇਰੀਆਂ। ਕੌਣ ਹੈਂ ਤੂੰ ਪਛਾਣ ਤਾਂ ਸਹੀ। ਬੇਵਸ ਹੋ ਗਿਆ ਕਿ ਨਾਂਹ ਮੈਨੂੰ ਨਹੀਂ ਕੁਛ ਥਾਉ ਲਗਦੀ। ਕਹਿੰਦੇ ਜਦ ਤੂੰ ਏਸ ਸਰੀਰ 'ਚ ਨਹੀਂ ਸੀ ਆਇਆ, ਤੂੰ ਏਹੀ ਕਹਿੰਦਾ ਹੈਂ ਕਿ ਮੈਂ ਫਲਾਣਾ ਸਿੰਘ, ਕਿਹੜੀ ਚੀਜ਼ ਹੈ ਤੇਰੀ। ਇਕੱਲੀ-ਇਕੱਲੀ ਚੀਜ਼ ਦੇਖ ਲੈ, ਕੀ ਤੇਰੇ ਹੱਥ ਹੈ?

ਇਕ ਵਾਰੀ ਸਵਾਮੀ ਰਾਮ ਤੀਰਥ ਅਮਰੀਕਾ ਚਲੇ ਗਏ, ਬੜੇ ਉਚ ਕੋਟੀ ਦੇ ਵਿਦਾਂਤੀ ਸੰਤ ਸੀਗੇ, ਉਥੇ ਕੈਲੇਫੋਰਨੀਆਂ 'ਚ

ਬੜਾ ਲੈਕਚਰ ਦਿਤਾ ਉਨ੍ਹਾਂ ਨੇ। ਤਾਂ ਇਕ ਅਮਰੀਕਨ ਪ੍ਰੇਮੀ ਕਹਿਣ ਲੱਗਿਆ ਸਵਾਮੀ ਜੀ! ਮੈਂ ਤੁਹਾਡੇ ਏਸ ਲੈਕਚਰ ਤੋਂ ਬਹੁਤ ਪ੍ਰਭਾਵਿਤ ਹੋਇਆ ਹਾਂ। ਕੀ ਆਪ ਕ੍ਰਿਪਾ ਕਰ ਸਕਦੇ ਓਂ, ਮੇਰੇ ਘਰ ਦਰਸ਼ਨ ਦੇ ਸਕਦੇ ਓਂ। ਕਹਿੰਦੇ ਹਾਂ, ਐਡਰਸ ਸਹੀ ਹੋਵੇ ਮੈਂ ਆ ਜਾਵਾਂਗਾ। ਐਡਰਸ ਬੜਾ ਸੋਧ ਕੇ ਲਿਖ ਦਿਤਾ, ਸਵਾਮੀ ਜੀ ਗਏ ਨਾ, ਦੂਜੇ ਦਿਨ ਫੇਰ ਉਹਨੇ ਕਿਹਾ ਕਿ ਮੈਂ ਇੰਤਜ਼ਾਰ ਕਰਦਾ ਰਿਹਾ ਤੁਸੀਂ ਆਏ ਨਾ। ਕਹਿੰਦੇ, ਤੇਰਾ ਐਡਰਸ ਗਲਤ ਸੀ। ਕਹਿੰਦੇ, ਮਹਾਰਾਜ ਨਹੀਂ ਮੇਰਾ ਐਡਰਸ ਤਾਂ ਬਿਲਕੁਲ ਸਹੀ ਹੈ, ਦੂਸਰੇ ਦਿਨ ਨਕਸ਼ਾ ਬਣਾ ਕੇ ਦੇ ਦਿਤਾ। ਸਵਾਮੀ ਜੀ ਫੇਰ ਨਾ ਗਏ। ਤੀਸਰੇ ਦਿਨ ਉਹਨੇ ਫੇਰ ਬੇਨਤੀ ਕਰੀ, ਕਹਿੰਦਾ ਸਵਾਮੀ ਜੀ ਮੈਂ ਬੜਾ ਇੰਤਜ਼ਾਰ ਕਰਿਆ, ਆਪ ਆਏ ਨਹੀਂ। ਕਹਿੰਦੇ, ਪ੍ਰੇਮੀਆਂ ਤੇਰਾ ਐਡਰਸ ਗਲਤ ਹੈ। ਕਹਿੰਦਾ ਨਹੀਂ ਸਵਾਮੀ ਜੀ, ਮੇਰਾ ਐਡਰਸ ਬਿਲਕੁਲ ਠੀਕ ਹੈ, ਆਹ ਦੇਖੋ, ਆਹ high way ਜਾਂਦੀ ਹੈ। ਇਸ ਤੋਂ ਐਨੇ ਨੰਬਰ ਜਿਹੜੀ ਹੈ ਉਹ exit ਆਉਂਦੀ ਹੈ, ਉਹਦੇ ਵਿਚੋਂ ਨਿਕਲ ਕੇ, ਇਥੇ ਆ ਕੇ ਮੇਰਾ ਮਕਾਨ ਹੈ। ਕਹਿੰਦੇ ਤੂੰ ਜਾਣਦਾ ਹੈਂ ਕੀ ਆਪਣੇ ਆਪ ਨੂੰ? ਕਹਿੰਦਾ ਹਾਂ ਜਾਣਦਾ ਹੀ ਹਾਂ। ਕਹਿੰਦੇ ਕੀ ਹਾਂ? ਆਪਣਾ ਨਾਉਂ ਦੱਸ ਦਿਤਾ, ਅਹੁਦਾ ਦੱਸ ਦਿਤਾ। ਕਹਿੰਦੇ, ਆਪਾਂ ਵਿਚਾਰ ਕਰ ਲਈਏ। ਕਹਿੰਦੇ, ਆਹ ਤੇਰਾ ਸਰੀਰ ਹੈ ਨਾ ਜਿਹੜਾ ਇਹ ਅੰਗੂਠੇ ਤੋਂ ਲੈ ਕੇ ਸਿਰ ਤਕ ਏਸ ਨੂੰ ਤੂੰ ਕਹਿੰਦਾ ਹੈਂ ਨਾ ਮੈਂ? ਕਹਿੰਦੇ ਹਾਂ? ਕਹਿੰਦੇ, ਹਾਂ, ਚਲੋ ਮੰਨ ਲੈਂਦੇ ਹਾਂ ਘੜੀ ਦੀ ਘੜੀ ਕਿ ਇਹ ਤੂੰ ਹੈਂ। ਕਹਿੰਦੇ ਇਹਦੀਆਂ ਦੋਵੇਂ ਲੱਤਾਂ ਉਥੇ ਰੱਖ ਦੇਈਏ, ਦੋਵੇਂ ਬਾਹਾਂ ਦੂਜੇ ਪਾਸੇ ਰੱਖ ਦੇਈਏ, ਤੂੰ ਕੀ ਕਹੇਂਗਾ? ਕਹਿੰਦਾ ਮੈਂ ਕਹਾਂ ਕਿ ਇਹ ਮੇਰੀਆਂ ਲੱਤਾਂ ਹਨ, ਇਹ ਮੇਰੀਆਂ ਬਾਹਾਂ ਹਨ. ਕਹਿੰਦੇ ਜੇ ਗਲ ਵੱਢ ਕੇ ਉਥੇ ਰੱਖ ਦੇਈਏ ਤੇ ਬਾਕੀ ਦਾ ਧੜ? ਕਹਿੰਦੇ ਫੇਰ ਮੈਂ ਕਹਾਂ ਕਿ ਇਹ ਮੇਰਾ ਗਲ ਹੈ, ਇਹ ਮੇਰਾ ਧੜ ਹੈ। ਚਾਰ ਹਿੱਸੇ ਹੋ ਗਏ ਨਾ ਤੇਰੇ? ਕਹਿੰਦਾ ਹਾਂ। ਕਹਿੰਦਾ ਇਹ ਫੇਰ ਤੇਰੀਆਂ ਹੋਈਆਂ, ਤੂੰ ਤਾਂ ਨਾ ਚਾਰ ਹਿੱਸੇ ਹੋਇਆ? ਤੇਰੇ ਸਰੀਰ ਦੇ ਚਾਰ ਹਿੱਸੇ ਹੋਏ। ਜੇ ਤੇਰੇ ਹੋਏ ਹੁੰਦੇ, ਤੂੰ ਕਹਿੰਦਾ ਆਹ ਮੈਂ ਲੱਤਾਂ ਹਾਂ, ਆਹ ਮੈਂ ਬਾਹਾਂ ਹਾਂ। ਤੂੰ ਤਾਂ ਮੇਰੀਆਂ ਕਹਿੰਦਾ ਹੈਂ। ਤੂੰ ਇਹਦਾ ਮਾਲਕ ਹੈਂ। ਤੂੰ ਆਪਣੇ ਆਪ ਨੂੰ ਜਾਣਦਾ ਹੀ ਨਹੀਂ, ਉਹ ਗੱਲ ਕਹਿਣ ਦੀ ਦੇਰ ਸੀ, ਸਵਾਮੀ ਜੀ ਦੇ ਚਰਨਾਂ 'ਤੇ ਢਹਿ ਪਿਆ। ਕਹਿੰਦਾ, ਤੁਸੀਂ ਤਾਂ ਬੜੇ ਹਨ੍ਹੇਰੇ ਵਿਚ ਪਏ ਨੂੰ ਬਾਹਰ ਕੱਢ ਲਿਆਂਦਾ। ਮੈਂ ਕੀ ਹਾਂ, ਫੇਰ ਮੈਨੂੰ ਦੱਸੋ? ਕਹਿੰਦੇ ਆਹੀ ਗੱਲ ਜੇ ਜਾਨਣੀ ਹੈ ਨਾ, ਐਨੀ ਸੁਖਾਲੀ ਨਹੀਂ ਜਾਣੀ ਜਾਂਦੀ, ਇਹਦੇ ਵਾਸਤੇ ਸਾਧਨ ਕਰਨੇ ਪੈਂਦੇ ਨੇ, ਇਹਦੇ ਵਾਸਤੇ ਸਮਰੱਥ ਗੁਰੂ ਦੇ ਕੋਲ ਆ ਕੇ ਆਪਣਾ ਆਪ ਵੇਚਣਾ ਪੈਂਦਾ ਹੈ। ਜਦ ਤਕ ਤੂੰ ਆਪਣਾ ਆਪ ਵੇਚਦਾ ਨਹੀਂ ਕੰਮ ਨਹੀਂ ਬਣਦਾ, ਗੁਰੂ ਮਹਾਰਾਜ ਏਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਮਨ ਵੇਚ ਦੇ ਗੁਰਾਂ ਨੂੰ ਆਪਣਾ*
*ਕਾਰਜ ਤੇਰੇ ਰਾਸ ਹੋਣਗੇ।*

***ਮਨੁ ਬੇਚੈ ਸਤਿਗੁਰ ਕੈ ਪਾਸਿ ॥***
***ਤਿਸੁ ਸੇਵਕ ਕੇ ਕਾਰਜ ਰਾਸਿ ॥ ਅੰਗ - ੨੮੬***

ਗੁਰੂ ਮਹਾਰਾਜ ਨੇ ਇਕ ਚਾਬੀ ਲਾ ਦਿਤੀ, ਤਾਲਾ ਖੋਹਲਣ ਵਾਸਤੇ। ਕਹਿੰਦੇ, ਆਹ ਚਾਬੀ ਲੈ ਲੈ ਤੇ ਮਨ ਵੇਚ ਦੇ, ਮਨ ਇਥੇ ਬਹੁ ਅਰਥੀ ਸ਼ਬਦ ਹੈ, ਗੁਰੂ ਗ੍ਰੰਥ ਸਾਹਿਬ ਦੇ ਅੰਦਰ। ਕਿਤੇ ਤਾਂ ਇਹ ਸੰਕਲਪ ਵਿਕਲਪ ਕਰਨ ਵਾਲੀ ਸ਼ਕਤੀ ਜੋ ਹੈ ਉਸਨੂੰ ਆਖਿਆ ਜਾਂਦਾ ਹੈ। ਕਿਤੇ ਇਹ ਚਾਰਾਂ ਦਾ ਜੋ ਸਮੂੰਹ ਹੈ ਜਿਹਨੂੰ ਅੰਤਸ਼ਕਰਣ ਕਹਿੰਦੇ ਨੇ, ਉਹਨੂੰ ਆਖਿਆ ਜਾਂਦਾ ਹੈ। ਜਿਹੜੀ ਮੈਂ ਹੈ ਇਹਦੇ ਵਿਚ ਉਸ ਨੂੰ ਆਖਿਆ ਜਾਂਦਾ ਹੈ।

ਗੁਰੂ ਨਾਨਕ ਪਾਤਸ਼ਾਹ ਜਗਤ ਦਾ ਉਧਾਰ ਕਰਦੇ-ਕਰਦੇ ਦੂਰ ਦੇਸ਼ ਵਿਚ ਲੰਘ ਜਾਂਦੇ ਨੇ, ਤੇ ਉਥੇ ਆ ਕੇ ਝੰਡਾ ਬਾਢੀ ਮਹਾਰਾਜ ਜੀ ਦਾ ਇੰਤਜ਼ਾਰ ਕਰ ਰਿਹਾ ਹੈ। ਨਾ ਸੁਣਿਆ ਹੈ, ਨਾ ਦੇਖਿਆ ਹੈ, ਲੇਕਿਨ ਅਰਦਾਸਾਂ ਕਰਦਾ ਹੈ ਕਿ ਹੇ ਪ੍ਰਭੂ! ਕੋਈ ਭੇਖਧਾਰ ਨਾ ਹੋਵੇ। ਮਹਾਰਾਜ ਦੇ ਹੁਣ ਦਰਸ਼ਨ ਹੁੰਦੇ ਨੇ, ਤਾਂ ਉਸ ਵੇਲੇ ਕਹਿਣ ਲੱਗਿਆ ਕਿ ਮਹਾਰਾਜ! ਆਪ ਨੇ ਮੇਰੇ 'ਤੇ ਤਾਂ ਕ੍ਰਿਪਾ ਕਰ ਦਿਤੀ ਤੇ ਮੇਰਾ ਇਕ ਮਿੱਤਰ ਹੈ ਰਾਜੇ ਦਾ ਭਾਣਜਾ ਇੰਦ੍ਰਸੈਨ! ਕ੍ਰਿਪਾ ਕਰੋ, ਉਸ ਦੇ ਉਤੇ ਵੀ ਜੇ ਕ੍ਰਿਪਾ ਕਰ ਦਿਓ, ਅਸੀਂ ਦੋ ਮਿੱਤਰ ਇਕੱਠੇ ਭਗਤੀ ਕਰਦੇ ਰਹੇ ਹਾਂ। ਦੋਵੇਂ ਇਕੱਠੇ ਵਿਚਾਰਾਂ ਕਰਦੇ ਰਹੇ ਹਾਂ, ਮਹਾਰਾਜ ਕਹਿੰਦੇ, ਝੰਡਿਆ! ਲਿਆ ਫੜਾ। ਬੁਲਾ ਲਿਆਂਦਾ ਤਾਂ ਉਹਨੇ ਆ ਕੇ ਨਮਸ਼ਕਾਰ ਕਰੀ, ਪਾਤਸ਼ਾਹ! ਸਾਡੇ ਉਤੇ ਕ੍ਰਿਪਾ ਕਰੋ, ਬੜੀ ਦੇਰ ਹੋ ਗਈ ਸਾਨੂੰ ਖੋਜਦਿਆਂ ਨੂੰ। ਸਾਨੂੰ ਕੁਛ ਥਾਉ ਨਹੀਂ ਲਗਦਾ, ਮਹਾਰਾਜ ਕਹਿੰਦੇ ਕ੍ਰਿਪਾ ਕਰਾਉਣੀ ਹੈ, ਤਾਂ ਜਿਹੜਾ ਤੇਰੇ ਕੋਲ ਕੁਛ ਹੈ, ਉਹ ਭੇਟਾ ਰੱਖ ਦੇ। ਉਸ ਦੇ ਕੋਲ ਦੋ ਚੀਜ਼ਾਂ ਸੀ, ਸਾਰੀਆਂ ਮਹਾਰਾਜ ਦੇ ਕੋਲ ਭੇਟ ਕਰ ਦਿਤੀਆਂ। ਮਹਾਰਾਜ ਕਹਿੰਦੇ, ਅਜੇ ਤਾਂ ਤੇਰੇ ਕੋਲ ਬਹੁਤ ਕੁਛ ਹੈ, ਜਿਹੜਾ ਬਾਕੀ ਹੈ ਉਹ ਵੀ ਭੇਟ ਕਰ ਦੇ। ਉਹਨੇ ਕਿਹਾ, ਮਹਾਰਾਜ ਹੁਣ ਤਾਂ ਮੇਰੇ ਕੋਲ ਵਸਤਰ ਹੀ ਨੇ, ਹੋਰ ਤਾਂ ਕੋਈ ਚੀਜ਼ ਨਹੀਂ, ਕਹਿੰਦੇ ਇਹ ਵੀ ਭੇਟ ਕਰ ਦੇ, ਲਾਹੁੰਣ ਦੀ ਲੋੜ ਨਹੀ, ਫੁਰਨਾ ਕਰ ਦੇ। ਕਹਿੰਦਾ ਇਹ ਵੀ ਕਰ ਦਿਤੇ। ਮਹਾਰਾਜ ਕਹਿੰਦੇ, ਅਜੇ ਤਾਂ ਤੇਰੇ ਕੋਲ ਬਹੁਤ ਕੁਛ ਪਿਆ ਹੈ। ਸੋਚ? ਕਹਿਣ ਲੱਗਿਆ, ਮਹਾਰਾਜ! ਮੇਰੇ ਕੋਲ ਤਾਂ ਸਰੀਰ ਹੈ। ਕਹਿੰਦੇ ਇਹ ਵੀ ਕਰ ਦੇ ਭੇਟ। ਉਹ ਵੀ ਭੇਟਾ ਹੋ ਗਿਆ। ਕਹਿੰਦੇ, ਅਜੇ ਤਾਂ ਤੇਰੇ ਕੋਲ ਹੋਰ ਵੀ ਬਹੁਤ ਕੁਛ ਹੈ, ਬੇਅੰਤ ਤੇਰੇ ਅੰਦਰ ਅਵਿਦਿਆ ਹੈ, ਬੇਅੰਤ ਤੇਰੇ ਅੰਦਰ ਖਿਆਲ ਨੇ, ਤੇਰੇ ਅੰਦਰ ਫੁਰਨਾ ਕਰਨ ਵਾਲੀ ਸ਼ਕਤੀ ਹੈ। ਤੇਰੇ ਅੰਦਰ ਨਿਰਣਾ ਕਰਨ ਵਾਲੀ ਬੁੱਧੀ ਸ਼ਕਤੀ ਹੈ। ਤੇਰੇ ਅੰਦਰ feed ਕਰਨ ਵਾਲੀ ਚੇਤਨ ਸ਼ਕਤੀ ਹੈ। ਇਹ ਵੀ ਪਿਆਰਿਆ! ਭੇਟਾ ਕਰ ਦੇ। ਸੋਚਿਆ!

ਵਿਦਵਾਨ ਸੀ, ਉਸੇ ਵੇਲੇ ਤਿੰਨੇ ਚੀਜ਼ਾਂ ਭੇਟਾ ਕਰ ਦਿਤੀਆਂ, ਕਹਿੰਦਾ ਮਹਾਰਾਜ ਮੇਰੇ ਕੋਲ ਹੋਰ ਤਾਂ ਕੁਛ ਹੈ ਨਹੀਂ। ਕਹਿੰਦਾ, ਆਹ ਜਿਹੜਾ ਮੇਰੇ ਕੋਲ ਕਹਿੰਦਾ ਹੈਂ ਨਾ, ਉਹ ਭੇਟਾ ਕਰ। ਆਹ ਜਿਹੜਾ ਤੂੰ ਕਹਿੰਦਾ ਹੈਂ ਨਾ, ਤੂੰ ਤਾਂ ਬਚਿਆ ਪਿਆ ਹੈਂ, ਸਭ ਕੁਛ ਦੇ ਕੇ ਹੀ ਤੇਰੇ ਕੋਲ ਤਾਂ ਸਾਰਾ ਕੁਛ ਹੀ ਹੈ ਅਜੇ। ਆਹ ਜਿਹੜੀ ਤੇਰੀ ਮਾਇਆ ਹੈ ਇਹਨੂੰ ਭੇਟਾ ਕਰ ਦੇ। ਉਸ ਵੇਲੇ 'ਮੈਂ' ਭੇਟਾ ਕਰ ਦਿਤੀ, ਬਾਕੀ ਕੀ ਰਹਿ ਗਿਆ। ਨਾ ਕੋਈ ਬਚਨ ਕਰ ਸਕਦਾ ਹੈ, ਨਾ ਕੋਈ ਸੋਚ ਸਕਦਾ ਹੈ, ਨਾ ਕੋਈ ਗੱਲ ਕਰ ਸਕਦਾ ਹੈ, ਉਸ ਵੇਲੇ ਲੀਨ ਹੋ ਗਿਆ, ਪਰਮ ਅਨੰਦ ਵਿਚ। ਕਿਉਂਕਿ ਮੈਂ ਗੁਰੂ ਨੂੰ ਸਉਂਪ ਦਿਤੀ, ਕਿਉਂਕਿ 'ਮੈਂ' ਹੀ ਸਾਰੇ ਝਗੜਿਆਂ ਦਾ ਮੂਲ ਹੈ। ਵਾਹਿਗੁਰੂ ਦੇ ਨਾਲੋਂ ਅਸੀਂ ਵਿਛੜੇ ਹਾਂ, ਇਹ ਵਿਛੋੜਨ ਵਾਲੀ ਕਿਹੜੀ ਚੀਜ਼ ਹੈ, ਮੈਂ ਹੈ। ਸਮਾਂ ਲੰਘ ਗਿਆ, ਪਹਿਰ ਲੰਘ ਗਏ, ਉਸੇ ਅਨੰਦ ਵਿਚ ਬੈਠਾ ਹੈ। ਮਹਾਰਾਜ ਕਹਿੰਦੇ, ਕਿਉਂ ਇੰਦਰਸੈਨ! ਇਹ ਜਿਹੜੇ ਪੰਜ ਤੱਤ ਨੇ, 25 ਪ੍ਰਕ੍ਰਿਤੀਆਂ ਨੇ ਜਿਨ੍ਹਾਂ ਦੇ ਨਾਲ ਗਿਆਨ ਇੰਦਰੇ ਬਣੇ ਹੋਏ ਨੇ, ਪੰਜ ਪ੍ਰਾਣ ਨੇ - ਪ੍ਰਾਣ, ਉਪਾਨ, ਉਦਾਨ, ਬਿਆਨ, ਸਮਾਨ; ਫੁਰਨੇ ਕਰਨ ਵਾਲਾ ਮਨ ਹੈ। ਨਿਰਣਾ ਕਰਨ ਵਾਲੀ ਬੁੱਧੀ ਹੈ, feel ਕਰਨ ਵਾਲਾ ਚਿੱਤ ਹੈ, ਤੇ ਜਿਹੜਾ 'ਮੈਂ' ਭਾਵ ਹੈ, ਸਾਰਿਆਂ ਦਾ ਮੂਲ, ਜੜ੍ਹ ਹੈ ਇਹ; ਕਹਿੰਦੇ ਏਸ ਤੋਂ ਪਰ੍ਹੇ ਤਿੰਨੇ ਤੱਤਾਂ ਤੋਂ ਰਜੋ ਗੁਣ, ਤਮੋ ਗੁਣ, ਸਤੋ ਗੁਣ; ਤਿੰਨੋਂ ਅਵਸਥਾ ਤੋਂ ਜਾਗ੍ਰਤ, ਸੁਪਨ, ਸਖੋਪਤ ਤੋਂ ਪਰ੍ਹੇ - ਸ਼ਬਦ, ਸਪਰਸ਼, ਰੂਪ, ਰਸ, ਗੰਧ; ਦੇ ਵਿਸ਼ਿਆਂ ਤੋਂ ਪਰ੍ਹੇ ਤੇਰਾ ਆਪਣਾ ਆਤਮ ਸਰੂਪ ਹੈ ਜਿਹਨੂੰ ਬੁੱਧੀ ਜਾਣ ਸਕਦੀ, ਬੁੱਧੀ ਦੀ ਤਾਕਤ ਨਹੀਂ ਆਪਣੇ ਸਰੂਪ ਨੂੰ ਜਾਨਣ ਦੀ ਕਿਉਂਕਿ ਜੜ੍ਹ ਹੈ ਜੜ੍ਹ ਚੇਤਨ ਨੂੰ ਨਹੀਂ ਜਾਣ ਸਕਦੀ। ਏਸ ਕਰਕੇ ਆਹ ਜਿਹੜਾ ਬਾਕੀ ਬਚਿਆ ਸੀ ਨਾ, ਕੇਵਲ ਅਨੁਭਵ ਮਾਤਰ ਇਹ ਤੇਰਾ ਆਪਣਾ ਸਰੂਪ ਹੈ ਪਿਆਰਿਆ! ਇਹਦੇ ਵਿਚ ਅਨੰਦ ਹੈ। ਮਹਾਰਾਜ ਕਹਿੰਦੇ, ਜਿੰਨੀ ਦੇਰ ਤਕ ਅਸੀਂ ਮੈਂ ਨੂੰ ਬਚਾ ਕੇ ਰਖਦੇ ਹਾਂ, ਗੱਲ ਨਹੀਂ ਬਣਦੀ, ਇਹ ਪੜਦਾ ਹੈ -

***ਹਉ ਹਉ ਭੀਤਿ ਭਇਓ ਹੈ ਬੀਚੋ***
***ਸੁਨਤ ਦੇਸਿ ਨਿਕਟਾਇਓ ॥***
***ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥***
***ਅੰਗ - ੬੨੪***

ਹਉਮੈ ਨੇ ਸੰਸਾਰ ਨੂੰ ਤੋੜ ਦਿਤਾ ਵਾਹਿਗੁਰੂ ਨਾਲੋਂ, ਸਾਰੇ ਸੰਸਾਰ ਨੂੰ। ਐਸਾ ਫੁਰਮਾਨ ਆਉਂਦਾ ਹੈ -

***ਧਾਰਨਾ - ਸਾਰੇ ਜਗ ਨੂੰ ਹਰੀ ਦੇ ਨਾਲੋਂ ਤੋੜਿਆ***
***ਹਉਮੈ ਵਾਲਾ ਰੋਗ ਹੈ ਬੁਰਾ।***

ਪ੍ਰਮੇਸ਼ਰ ਦੇ ਨਾਲੋਂ ਤੋੜ ਦੇਣਾ ਤੇ ਇਕ ਨੂੰ ਦੋ ਰੂਪਾਂ 'ਚ ਦਿਖਾ ਦੇਣਾ, ਇਹਨੂੰ ਹਉਮੈ ਕਹਿੰਦੇ ਨੇ, ਅਸਲ ਨੂੰ ਨਕਲ ਬਣਾ ਦੇਣਾ। ਕਿੰਨਾਂ ਹੀ ਸਮਝਾ ਲਓ, ਕਿੰਨਾਂ ਹੀ ਦਸ ਦਿਓ, ਨਹੀਂ ਮੰਨਦਾ ਇਹ ਚੀਜ਼। ਨਾ ਗੁਰੂ ਦੀ ਮੰਨੇ, ਜ਼ੋਰ ਲਾ ਲਏ ਜਿੰਨਾਂ ਲਗਦਾ ਹੈ, ਮੱਥੇ ਟੇਕੀ ਜਾਵੇ ਸਾਰੀ ਜ਼ਿੰਦਗੀ। ਸੁਣੀ ਜਾਵੇ ਨਹੀਂ ਪਤਾ ਲਗਦਾ, ਏਸ ਗੱਲ 'ਚੋਂ ਨਿਕਲ ਹੀ ਨਹੀਂ ਸਕਦਾ ਬੰਦਾ ਆਪਣੇ ਆਪ। ਕਾਰਨ ਕੀ ਹੈ? ਜਦੋਂ ਅਸੀਂ ਵਿਚਾਰ ਕਰਦੇ ਹਾਂ, ਕਿ ਐਹੋ ਜਿਹੀ ਕਿਹੜੀ ਗੱਲ ਹੋ ਗਈ, ਜਿਹਨੇ ਪ੍ਰਮੇਸ਼ਰ ਨੂੰ ਦੋ ਹਿੱਸਿਆਂ 'ਚ ਕਰ ਦਿਤਾ। ਇਕ ਨੂੰ ਮਾਇਆ ਬਣਾ ਦਿਤਾ, ਇਕ ਨੂੰ ਪ੍ਰਮੇਸ਼ਰ। ਉਹ ਆਪੇ ਹੀ ਆਪ ਹੈ -

***ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥***
***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥***
***ਜਾਪੁ ਸਾਹਿਬ***

ਉਹ ਜਿਹੜਾ ਅਨੁਭਵ ਨੀਵਾਂ ਹੋ ਗਿਆ, ਉਹ ਹਉਮੈ ਕਰਕੇ ਹੋ ਗਿਆ। ਅਸਲ ਦੀ ਥਾਂ 'ਤੇ ਨਕਲ ਦਿਸਣ ਲਗ ਗਿਆ। ਐਉਂ ਸਮਝ ਲਓ, ਸਮਝਣ ਵਾਸਤੇ ਕਿ ਇਕ ਦਰਿਆ ਚੱਲ ਰਿਹਾ ਹੈ, ਉਹ ਦਰਿਆ ਉਛਲਿਆ ਉਹਦਾ ਪਾਣੀ ਬੜੇ ਟੋਭਿਆਂ 'ਚ ਵੀ ਚਲਿਆ ਗਿਆ, ਛੋਟਿਆਂ 'ਚ ਵੀ ਚਲਿਆ ਗਿਆ, ਛਪੜੀਆਂ 'ਚ ਵੀ ਚਲਿਆ ਗਿਆ, ਨਿੱਕੇ-ਨਿੱਕੇ ਥਾਵਾਂ 'ਤੇ ਵੀ ਚਲਿਆ ਗਿਆ। ਉਨ੍ਹਾਂ ਦਾ ਜਦ ਸਬੰਧ ਟੁੱਟ ਗਿਆ, ਦਰਿਆ ਦੇ ਨਾਲੋਂ ਦਰਿਆ ਹੇਠਾਂ ਆ ਗਿਆ, ਉਸ ਵੇਲੇ ਕੀ ਹੋਏਗਾ, ਉਨ੍ਹਾਂ ਦੀ ਆਪਣੀ ਵੱਖਰੀ ਹਸਤੀ ਕਾਇਮ ਹੋ ਗਈ ਕਿ ਇਹ ਰੇਤ ਹੈ ਜੀ, ਇਹ ਟੋਭਾ ਹੈ ਜੀ, ਇਹ ਤਲਾਬ ਹੈ ਇਹ ਛਪੜੀ ਹੈ। ਹੈ ਕੀ, ਹੈ ਤਾਂ ਪਾਣੀ ਹੀ, ਦੋ ਤਾਂ ਨਹੀਂ ਹੋਏ ਲੇਕਿਨ conection (ਸਬੰਧ) ਟੁੱਟ ਗਿਆ। ਉਹਦੇ ਨਾਲ ਕੀ ਹੁੰਦਾ ਹੈ ਕਿ ਉਹ ਪਾਣੀ ਜਿਹੜਾ ਹੈ ਉਹ limit (ਹੱਦ) ਵਿਚ, ਗਿਣਤੀ-ਮਿਣਤੀ ਦਾ ਪਾਣੀ ਉਹਦੇ ਵਿਚ ਮੌਸਮ ਦਾ ਜਿਹੜਾ ਅਸਰ ਸੀ ਉਹ ਪੈਣਾ ਸ਼ੁਰੂ ਹੋ ਗਿਆ, ਧੁੱਪ ਨੇ ਉਸ ਨੂੰ ਬਦਬੂਦਾਰ ਕਰ ਦਿਤਾ। ਉਡ-ਉਡ ਕੇ ਚੀਜ਼ਾਂ ਪੈ ਗਈਆਂ, ਪੱਤੇ ਆ ਕੇ ਗਿਰ ਗਏ, ਉਨ੍ਹਾਂ ਨੂੰ ਗੰਦਾ ਕਰ ਦਿਤਾ। ਉਹਦੇ ਵਿਚ ਜੀਵ ਪੈਦਾ ਹੋ ਗਏ, ਬੇਅੰਤ ਮੱਛਰ ਪੈਦਾ ਹੋ ਗਿਆ, ਬੇਅੰਤ ਚੀਜ਼ਾਂ ਪੈਦਾ ਹੋ ਗਈਆਂ। ਕਿਰਮ ਪੈਦਾ ਹੋ ਗਏ, ਉਹ ਪਾਣੀ, ਜਿਹੜਾ ਸਾਫ ਪਾਣੀ ਸੀ ਉਹਦੇ ਨਾਲੋਂ ਕਿੰਨਾ ਬਦਲ ਗਿਆ, ਗੰਦਾ ਪਾਣੀ ਹੋ ਗਿਆ, ਛੱਪੜੀਆਂ ਬਣ ਗਈਆਂ ਤੇ ਉਹ ਪਾਣੀ ਪੂਰਾ ਜਿਹੜਾ ਸੀ, ਸੁਥਰਾ ਚਲ ਰਿਹਾ ਹੈ ਉਸੇ ਤਰ੍ਹਾ ਦੇ ਨਾਲ। ਇਹ ਜਿਹੜਾ ਕਾਰਨ ਹੈ ਉਹ ਇਹਦੇ ਨਾਲੋਂ conection (ਸਬੰਧ) ਟੁੱਟਣ ਨਾਲ ਹੋਇਆ, ਇਕ ਥਾਂ ਦੇ ਉਤੇ ਭਾਈ ਵੀਰ ਸਿੰਘ ਜੀ ਮਿਸਾਲ ਦਿੰਦੇ ਨੇ ਕਿ ਕਾਲਾ ਕਲੋਟਾ ਪਿਆ ਹੈ ਕੋਲਾ, ਯਤਨ ਕਰਿਆ ਕਿ ਇਹਨੂੰ ਕਿਸੇ ਤਰੀਕੇ ਦੇ ਨਾਲ ਚਿੱਟਾ ਕਰ ਦੇਈਏ। ਕਹਿੰਦੇ -

***ਸਾਬਣ ਲਾ ਲਾ ਧੋਤਾ ਕੋਲਾ***
***ਦੁੱਧ ਦਹੀਂ ਵਿਚ ਪਾਇਆ,***
***ਖੁੰਬ ਚਾੜ੍ਹ ਰੰਗਣ ਭੀ ਧਰਿਆ***

*ਰੰਗ ਨ ਏਸ ਵਟਾਇਆ।        ਭਾਈ ਵੀਰ ਸਿੰਘ*

ਬੜੇ ਸਾਬਣ ਲਾਏ, ਸਰਫ ਵਿਚ ਪਾਇਆ, ਕਹਿੰਦੇ ਕਿਉਂ ਨਾ ਰੰਗ ਵਟਾਇਆ, ਕਹਿੰਦੇ ਕਿਉਂਕਿ ਵਿਛੜ ਚੁਕਿਆ ਸੀ ਆਪਣੀ ਅਸਲ ਚੀਜ਼ ਨਾਲੋਂ।

*ਵਿਛੁੜ ਕੇ ਕਾਲਖ ਸੀ ਆਈ*
*ਬਿਨ ਮਿਲਿਆਂ ਨਹੀਂ ਲਹਿੰਦੀ। ਭਾਈ ਵੀਰ ਸਿੰਘ*

ਰੁਬਾਈ ਹੈ ਚਾਰ ਲਾਇਨਾਂ ਦੀ –

ਲੇਕਿਨ ਬੜਾ ਹੀ ਅਧਿਆਤਮਕ ਸਬਕ ਹੈ ਇਹਦੇ ਅੰਦਰ, ਕਹਿੰਦੇ ਵਿਛੜ ਗਿਆ, ਵਿਛੜ ਕੇ ਕਾਲਖ ਆ ਗਈ। ਹੁਣ ਲਹਿੰਦੀ ਨਹੀਂ ਜਿੰਨਾ ਚਿਰ ਮਿਲਾਪ ਨਹੀਂ ਹੁੰਦਾ। ਕਹਿੰਦੇ –

*ਅੰਗ ਅੱਗ ਦੇ ਲਾ ਕੇ ਵੇਖੋ*
*ਚੜ੍ਹਦਾ ਰੂਪ ਸਵਾਇਆ।        ਭਾਈ ਵੀਰ ਸਿੰਘ*

ਉਸੇ ਕਾਲੇ ਕੋਲੇ ਨੂੰ ਅੱਗ ਦੇ ਵਿਚ ਸੁੱਟ ਦਿਓ, ਦੇਖੋ ਕਿਵੇਂ ਦਗ-ਦਗ ਕਰਦਾ ਹੈ। ਕਿਉਂਕਿ ਆਪਣੇ ਅਸਲੇ ਵਿਚ ਆ ਗਿਆ, ਆਹੀ ਹਾਲ ਸਾਡਾ ਹੋਇਆ ਹੈ ਤੁਸੀਂ ਪ੍ਰਮੇਸ਼ਰ ਤੋਂ ਵਿਛੜ ਗਏ। ਕਿਰਮ ਪੈ ਗਏ ਜਿਹੜੇ ਸਾਨੂੰ ਹੁਣ ਪ੍ਰਮੇਸ਼ਰ ਨਾਲ ਮਿਲਣ ਨਹੀਂ ਦਿੰਦੇ ਤੇ ਜਿਹੜੀ ਪਰਮ ਸੁਖ ਜੀਵ ਆਤਮਾ ਸੀ, ਉਹਨੇ ਜੀਵ ਦੀ ਉਪਾਧੀ ਧਾਰਨ ਕਰਕੇ ਜੀਵ ਬਣ ਗਿਆ, ਇਹ ਤਾਂ ਆਉਂਦਾ ਹੈ ਕਿਸੇ-ਕਿਸੇ ਨੂੰ। ਇਹ ਜੀਵ ਤੋਂ ਥੱਲੇ ਨੂੰ ਚਲ ਪਿਆ। ਪਹਿਲਾਂ ਇਸਨੂੰ ਅਗਿਆਨ ਪੈਦਾ ਹੋਇਆ, ਅਨੰਦ ਆਇਆਂ ਜਿਵੇਂ ਘੂਕ ਨੀਂਦ ਦਾ ਆਉਂਦਾ ਹੈ, ਉਹਦੇ ਬਾਅਦ ਵਿਗਿਆਨ; ਹਿਲਜੁਲ ਪੈਦਾ ਹੋਈ ਵੱਖਰੀ ਸਮਝ ਹੈ ਇਹ। ਉਸ ਤੋਂ ਬਾਅਦ ਇਹਦੇ ਵਿਚ ਫੁਰਨੇ ਹੋਏ, ਫੇਰ ਪ੍ਰਾਣ ਸ਼ਕਤੀ ਆ ਗਈ, ਹਿਲਜੁਲ ਹੋ ਗਈ, ਉਸ ਤੋਂ ਬਾਅਦ ਆਹ ਸਰੀਰ ਬਣ ਗਿਆ। ਪੰਜ ਪੜਦੇ ਹੇਠਾਂ ਨੂੰ ਤਿਲਕ ਆਇਆ, ਪਹਿਲਾ ਪੜਦਾ ਅਨੰਦ ਦਾ ਪੈ ਗਿਆ, ਦੂਜਾ ਅਕਲ ਦਾ ਪੈ ਗਿਆ, ਤੀਜਾ ਮਨ ਦਾ ਪੈ ਗਿਆ, ਚੌਥਾ ਪੜਦਾ ਪ੍ਰਾਣ ਸ਼ਕਤੀ ਦਾ ਪੈ ਗਿਆ, ਪੰਜਵਾਂ ਪੜਦਾ ਸਰੀਰ ਦਾ ਪੈ ਗਿਆ। ਐਉਂ ਲਾ ਲਓ ਇਕ ਬਹੁਤ ਵੱਡਾ ਹਜ਼ਾਰ ਵਾਟ ਦਾ ਬਲਬ ਚਾਨਣਾ ਦੇ ਰਿਹਾ ਹੈ। ਉਹਦੇ ਉਤੇ ਕਿਸੇ ਨੇ ਪੇਂਟ ਕਰ ਦਿਤਾ। ਕਾਗਜ਼ ਚਾੜ੍ਹ ਦਿਤਾ ਪੀਲਾ, ਉਹਦਾ ਰੰਗ ਬਦਲ ਗਿਆ, ਪੀਲਾ ਬਣ ਗਿਆ, ਕੋਈ ਹੋਰ ਆਇਆ ਉਹਨੇ ਗਾੜ੍ਹਾ ਨੀਲਾ ਕਾਗਜ਼ ਚਾੜ੍ਹ ਦਿਤਾ। ਰੰਗ ਹੋਰ ਬਦਲ ਗਿਆ, ਉਹਦੇ ਵਿਚੋਂ ਥੋੜ੍ਹਾ ਜਿਹਾ ਪਤਾ ਲਗਦਾ ਹੈ ਕਿ ਇਥੇ ਰੋਸ਼ਨੀ ਹੈ, ਤੀਸਰਾ ਹੋਰ ਆਇਆ ਉਸਨੇ ਉਹਦੇ ਉਤੇ ਪੇਂਟ ਕਰ ਦਿਤਾ ਕਾਲਾ। ਰੋਸ਼ਨੀ ਜਿਹੜੀ ਸੀ ਉਹ ਬਹੁਤ ਹੀ ਮਾਮੂਲੀ ਰਹਿ ਗਈ। ਹਨ੍ਹੇਰੇ ਵਿਚ ਪਤਾ ਲਗਦਾ ਹੈ ਕਿ ਕੁਛ ਹੈ ਤਾਂ ਸਹੀ ਰੋਸ਼ਨੀ। ਕੋਈ ਹੋਰ ਆਇਆ ਉਹਨੇ ਉਹਦੇ ਉਤੇ ਹੋਰ ਗਾੜ੍ਹਾ ਪੇਂਟ ਕਰ ਦਿਤਾ। ਲੁੱਕ ਦਾ ਕਰ ਦਿਤਾ ਤੇ ਪੰਜਵਾ ਆਇਆ, ਉਹਨੇ ਬਰਤਨ ਮੂਧਾ ਮਾਰ ਦਿਤਾ ਉਹਦੇ ਉਤੇ। ਘੜਾ ਮੂਧਾ ਮਾਰ ਦਿਤਾ। ਹੁਣ ਅੰਦਰ ਤਾਂ ਰੋਸ਼ਨੀ ਹੈ, ਲੇਕਿਨ ਬਾਹਰ ਪੜਦੇ ਪੈ ਗਏ। ਆਹੀ ਹਾਲ ਸਾਡਾ ਹੋਇਆ, ਅੰਦਰ ਤਾਂ ਸਾਡੇ ਆਤਮਾ ਹੈ। ਲੇਕਿਨ ਇਹਦੇ ਉਤੇ ਪੜਦਾ ਦਰ ਪੜਦਾ ਚੜ੍ਹਦੇ-ਚੜ੍ਹਦੇ ਇਹੋ ਜਿਹੀ ਸਾਡੀ ਬੁੱਧੀ ਦੂਰ ਹੋ ਗਈ ਕਿ ਅਸੀਂ ਆਪਣੇ ਆਪ ਨੂੰ ਸਾਢੇ ਤਿੰਨ ਹੱਥ ਦੀ ਦੇਹ ਸਮਝ ਕੇ, ਉਹਦਾ ਨਾਉਂ ਸਮਝ ਕੇ ਇਹਦੇ ਵਾਸਤੇ ਜੀਉਣਾ ਸ਼ੁਰੂ ਕਰ ਦਿਤਾ। ਸੁਰਤ ਨਵੀਂ ਆ ਗਈ ਸਾਡੇ ਕੋਲ, ਜਿਹੜੀ ਅਸਲੀ ਸੁਰਤ ਸੀ ਉਹ ਸਾਡੀ ਗਵਾਚ ਗਈ, ਇਸ ਸੁਰਤ ਨੇ ਕੀ ਕਰਿਆ ਕਿ ਮੈ ਫਲਾਣਾ ਸਿੰਘ, ਮੇਰੇ ਕੋਲ ਐਨੀ ਜ਼ਮੀਨ, ਮੇਰੇ ਕੋਲ ਐਨੇ ਟਰੈਕਟਰ ਮੇਰੇ ਕੋਲ ਕੰਬਾਈਨ, ਮੇਰੇ ਬੱਚੇ ਬੜੇ ਨੌਕਰ, ਮੇਰੇ ਕੋਲ ਐਨੀਆਂ ਕੋਠੀਆਂ, ਮੇਰੇ ਐਨੇ ਪੁੱਤਰ, ਮੇਰੇ ਰਿਸ਼ਤੇਦਾਰ, ਮੇਰਾ ਫਲਾਣਾ-ਮੇਰਾ ਫਲਾਣਾ। ਮੇਰਾ ਦੇਸ਼, ਮੇਰਾ ਹੀ ਮੇਰਾ ਇਹਦੇ ਆਲੇ-ਦੁਆਲੇ ਖਲਾਰ ਦਿਤਾ। ਮੈਂ ਹੀ ਮੈਂ ਫੈਲ ਗਈ। ਹੁਣ ਮਹਾਰਾਜ ਕਹਿੰਦੇ ਭੋਲਿਆ! ਕਿੱਥੇ ਤੂੰ ਤੁਰਿਆ ਫਿਰਦਾ ਹੈਂ, ਇਹ ਜਿਹੜੀ ਸੁਰਤ ਤੇਰੀ ਹੈ ਇਹ ਇਕ ਗਾੜ੍ਹੀ ਨੀਂਦ ਹੈ, ਤੂੰ ਤਾਂ ਸੌਂ ਗਿਆ, ਇਹ ਤੈਨੂੰ ਜਾਗ ਨਹੀਂ ਆ ਰਹੀ, ਸੌਂ ਕੇ ਤੂੰ ਸੁਪਨੇ ਲੈ ਰਿਹਾ ਹੈਂ। ਤੇਰੇ ਅੰਦਰ ਪੰਜ ਚੋਰਾਂ ਨੇ ਘਰ ਬਣਾ ਲਿਆ, ਬੜੇ ਬਲੀ ਨੇ ਜਿਨ੍ਹਾਂ ਨੇ ਤੇਰੇ ਅੰਦਰ ਘਰ ਬਣਾ ਲਿਆ। ਕਾਮ ਹੈ, ਕਿਹੋ ਜਿਹਾ ਬਲੀ ਹੈ।

ਇਕ ਮਹਾਤਮਾ ਹੋਏ ਨੇ ਬਹੁਤ ਉਚ ਕੋਟੀ ਦੇ ਤੇ ਉਨ੍ਹਾਂ ਦਾ ਨਾਉਂ ਸੀ ਮਛੰਦਰ; ਗੋਰਖਨਾਥ ਦੇ ਗੁਰੂ ਉਹ; ਪਹਿਲਾਂ ਤਾਂ ਗੋਰਖਨਾਥ ਹੀ ਦੁਨੀਆਂ 'ਚ ਮਸ਼ਹੂਰ ਹੈ, ਤੇ ਉਹਦੇ ਉਹ ਗੁਰੂ ਸੀਗੇ। ਉਹ ਰਾਜਾ ਅਮਰੂ ਲੰਕਾ ਦਾ, ਬੜਾ ਉਨ੍ਹਾਂ ਦਾ ਸੇਵਕ ਸੀ, ਉਹਦੇ ਕੋਲ ਆਪ ਨਿਵਾਸ ਰਖਦੇ ਸੀ। ਉਹ ਜਦ ਰਾਜਾ ਚੜ੍ਹਾਈ ਕਰ ਗਿਆ, ਇਹ ਉਹਦੇ ਸਰੀਰ ਵਿਚ ਦਾਖਲ ਹੋ ਗਏ, ਰਾਣੀਆਂ ਦਾ ਰੋਣਾ ਨਾ ਦੇਖ ਸਕੇ। ਇਹਨੇ ਕਿਹਾ ਕਿ ਰਾਜੇ ਦੇ ਸਰੀਰ ਵਿਚੀਂ ਹੋ ਕੇ ਮੈਂ ਇਸਨੂੰ ਜੀਉਂਦਾ ਕਰਦਾ ਹਾਂ। ਆਪਣਾ ਸਰੀਰ ਇਕ ਕੰਦਰਾ ਵਿਚ ਲਕੋ ਦਿਤਾ, ਉਥੇ ਹੀ ਚੌਦਾਂ ਪੰਦਰਾਂ ਸਾਲ ਲੰਘ ਗਏ, ਕਿਸੇ ਨੂੰ ਨਹੀਂ ਪਤਾ ਲਗਦਾ ਕਿ ਮਛੰਦਰ ਕਿੱਥੇ ਚਲਿਆ ਗਿਆ। ਮਸਤ ਹੋ ਗਿਆ, ਉਹਦੇ ਵਿਚੋਂ ਨਿਕਲਦਾ ਨਹੀਂ ਹੈ। ਕਿਉਂਕਿ ਭੋਗਾਂ ਨੇ ਗ੍ਰਸ ਲਿਆ ਉਸਨੂੰ। ਰਸ ਆ ਗਿਆ ਉਹਨੂੰ ਭੋਗਾਂ ਦਾ। ਇਧਰ ਇਕ ਬਾਲ ਗੁੰਦਾਈ ਇਕ ਮਹਾਤਮਾ ਪੰਜਾਬ ਦੇ ਹੋਏ ਨੇ, ਕਿਤੇ ਗੋਰਖ ਨਾਲ ਗੱਲਬਾਤ ਚੱਲੀ, ਕਹਿਣ ਲੱਗੇ ਗੁਰੂ ਜੀ ਤੇਰੇ ਕਿੱਥੇ ਨੇ? ਕਦੇ ਦਰਸ਼ਨ ਨਹੀਂ ਹੁੰਦੇ? ਕਹਿੰਦੇ, ਕੋਈ ਪਤਾ ਨਹੀਂ ਕਿੱਥੇ ਜਾ ਕੇ ਕੰਦਰਾ ਵਿਚ ਸਮਾਧੀ ਲਾ ਲਈ। ਕਹਿੰਦੇ, ਟੋਲ੍ਹ ਲੈ, ਜੇ ਤੈਨੂੰ ਜ਼ਿਆਦਾ ਪਤਾ ਹੈ। ਬੜਾ ਗੋਰਖ ਨੇ ਦੇਖਿਆ ਕਿਤੇ ਨਾ ਲੱਭੇ, ਅੰਤਰ-ਆਤਮੇ ਹੋ ਕੇ ਵੀ ਸਾਰੀ ਦੁਨੀਆਂ, ਸਮੁੰਦਰ ਵੀ ਭਾਲੇ, ਪਹਾੜ ਵੀ ਭਾਲੇ, ਕਿਤੇ ਨਾ ਲੱਭੇ, ਅਖੀਰ ਬਾਲ ਗੁੰਦਾਈ ਨੇ ਮੇਹਣਾ ਮਾਰਿਆ ਕਿ ਤੂੰ ਜਿਹਨੂੰ ਗੁਰੂ ਬਣਾਈਂ ਫਿਰਦਾ ਹੈਂ ਉਹ ਤਾਂ ਰਾਜੇ ਅਮਰੂ ਦੇ ਸਰੀਰ ਵਿਚੀਂ ਹੋ ਕੇ ਪਦਮਨੀ ਰਾਣੀਆਂ ਭੋਗ ਰਿਹਾ ਹੈ। ਮਛੰਦਰ ਗਿਆ ਇਸ

ਨੇ ਜਾ ਕੇ ਆਪਣੇ ਗੁਰੂ ਨੂੰ ਛੁਡਾਇਆ। ਕਿੱਡੀ ਵੱਡੀ ਚੀਜ਼ ਹੈ, ਕਿੱਡਾ ਵੱਡਾ ਚੋਰ ਸਾਡੇ ਅੰਦਰ ਵੜ ਗਿਆ। ਕ੍ਰੋਧ ਹੈ, ਲੋਭ ਹੈ, ਮੋਹ ਹੈ, ਮੋਹ ਦਾ ਤਾਂ ਕੋਈ ਪਤਾ ਨਹੀਂ, ਬਾਰ-ਬਾਰ ਜੰਮਦਾ ਹੈ ਮੋਹ ਦਾ ਬੰਨਿਆ ਹੋਇਆ। ਸੋ ਇਹ ਪ੍ਰਮੇਸ਼ਰ ਨੂੰ ਤਾਂ ਭੁੱਲ ਗਿਆ ਬਿਲਕੁਲ ਹੀ, ਉਹਦਾ ਤਾਂ ਇਹਨੇ ਖਿਆਲ ਛੱਡ ਦਿਤਾ ਤੇ ਖਿਆਲ ਛੱਡ ਕੇ ਇਨ੍ਹਾਂ ਨਾਲ ਜਿਹਨੇ ਇਨ੍ਹਾਂ ਨੂੰ ਫੜ ਲਿਆ, ਨੀਵਾਂ ਲਿਆ ਦਿਤਾ, ਮਹਾਰਾਜ ਕਹਿੰਦੇ, ਉਨ੍ਹਾਂ ਨੂੰ ਬਣਾ ਲਿਆ ਮਿੱਤਰ; ਪ੍ਰਮੇਸ਼ਰ ਨੂੰ ਬਣਾ ਲਿਆ ਅਣਜਾਣ ਕਿ ਮੇਰਾ ਤਾਂ ਉਹ ਲਗਦਾ ਹੀ ਕੁਛ ਨਹੀਂ ਹੈ। ਕਹਿੰਦੇ -

***ਸੰਗਿ ਸਹਾਈ ਸੁ ਆਵੈ ਨ ਚੀਤਿ ॥***
***ਜੋ ਬੈਰਾਈ ਤਾ ਸਿਉ ਪ੍ਰੀਤਿ ॥ ਅੰਗ - ੨੬੭***
***ਰਾਮੁ ਸੰਗੀ ਤਿਸੁ ਗਤਿ ਨਹੀ ਜਾਨਹਿ ॥***
***ਪੰਚ ਬਟਵਾਰੇ ਸੇ ਮੀਤ ਕਰਿ ਮਾਨਹਿ ॥੧॥***
***ਸੋ ਘਰੁ ਸੇਵਿ ਜਿਤੁ ਉਧਰਹਿ ਮੀਤ ॥***
***ਗੁਣ ਗੋਵਿੰਦ ਰਵੀਅਹਿ ਦਿਨੁ ਰਾਤੀ***
***ਸਾਧਸੰਗਿ ਕਰਿ ਮਨ ਕੀ ਪ੍ਰੀਤਿ ॥੧॥ ਰਹਾਉ ॥***
***ਜਨਮੁ ਬਿਹਾਨੋ ਅਹੰਕਾਰਿ ਅਰੁ ਵਾਦਿ ॥***
***ਤ੍ਰਿਪਤਿ ਨ ਆਵੈ ਬਿਖਿਆ ਸਾਦਿ ॥***
***ਭਰਮਤ ਭਰਮਤ ਮਹਾ ਦੁਖੁ ਪਾਇਆ ॥***
***ਤਰੀ ਨ ਜਾਈ ਦੁਤਰ ਮਾਇਆ ॥੨॥***
***ਕਾਮਿ ਨ ਆਵੈ ਸੁ ਕਾਰ ਕਮਾਵੈ ॥***
***ਆਪਿ ਬੀਜਿ ਆਪੇ ਹੀ ਖਾਵੈ ॥ ਅੰਗ - ੮੯੮***

ਹੁਣ ਮੈਂ ਬਣ ਕੇ ਬੀਜ ਬੀਜਣ ਲੱਗ ਗਿਆ। ਇਹ ਕਰਮ ਕਰਦਾ ਹੈ ਜੀਵ, ਕਹਿੰਦਾ ਮੈਂ ਕਰਦਾ ਹਾਂ। ਮੈਂ ਕਰਦਾ ਹੈ, ਤਾਂ ਇਹ ਬੰਨ੍ਹਿਆ ਜਾਂਦਾ ਹੈ। ਇਹ ਤਾਂ ਫੇਰ ਫਲ ਭੋਗਣਾ ਹੀ ਪੈਂਦਾ ਹੈ।

ਗੁਰੂ ਦਸਵੇਂ ਪਾਤਸ਼ਾਹ ਦੇ ਪਾਸ ਇਕ ਵਾਰੀ ਬੇਨਤੀ ਕੀਤੀ ਕਿ ਪਾਤਸ਼ਾਹ! ਕਰਮਾਂ ਦੇ ਬਾਰੇ ਅਸੀਂ ਬੜਾ ਸੁਣਦੇ ਹਾਂ, ਜੇ ਕੋਈ ਗੱਲ ਹੁੰਦੀ ਹੈ ਤਾਂ ਕਹਿੰਦੇ ਨੇ ਤੇਰੇ ਕਰਮ ਹੀ ਐਸੇ ਸੀ। ਕ੍ਰਿਪਾ ਕਰਕੇ ਆਪਣੇ ਮੁਖਾਰਬਿੰਦ ਤੋਂ ਇਹ ਸੰਸਾ ਨਵਿਰਤ ਕਰੋ। ਮਹਾਰਾਜ ਕਹਿੰਦੇ ਪਿਆਰਿਓ! ਤੁਹਾਡਾ ਜੋ ਸੰਸਾ ਹੈ, ਭਾਈ ਦਇਆ ਸਿੰਘ ਜੀ ਨੂੰ ਮੇਰਾ ਰੂਪ ਜਾਣੋ -

***ਖਾਲਸਾ ਮੇਰੋ ਰੂਪ ਹੈ ਖਾਸ***
***ਖਾਲਸੇ ਮੈ ਹੌਂ ਕਰਹੁੰ ਨਿਵਾਸ।***

ਸਰੀਰ ਕਰਕੇ ਸਾਨੂੰ ਦੋ ਨਾ ਜਾਣੋ। ਇਹ ਹਰ ਵਕਤ ਅਭੇਦ ਅਵਸਥਾ ਦੇ ਗੁਰਮੁਖ ਪਿਆਰੇ ਨੇ, ਮੇਰੇ ਵਿਚ ਹੀ ਰਹਿੰਦੇ ਨੇ, ਸੋ ਇਨ੍ਹਾਂ ਨੂੰ ਤੇ ਮੈਨੂੰ ਦੋ ਰੂਪ ਨਾ ਜਾਣੋ। ਇਸ ਤਰ੍ਹਾਂ ਬਾਣੀ ਫੁਰਮਾਨ ਕਰਦੀ ਹੈ -

***ਧਾਰਨਾ - ਸਾਂਈ ਹੀ ਵਰਗੇ ਨੇ,***
***ਵਿਸਰੇ ਨਾ ਨਾਮ ਜਿਨ੍ਹਾਂ ਨੂੰ।***
***ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ ॥***
***ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥***
***ਅੰਗ - ੩੯੭***

ਕਹਿੰਦੇ ਪਿਆਰਿਓ! ਇਹ ਮੇਰਾ ਹੀ ਰੂਪ ਨੇ। ਤੁਸੀਂ ਇਨ੍ਹਾਂ ਤੋਂ ਵਿਸਥਾਰ ਪੂਰਵਕ ਸੁਣੋ। ਭਾਈ ਦਇਆ ਸਿੰਘ ਜੀ! ਤੁਸੀਂ ਇਨ੍ਹਾਂ ਦੇ ਪ੍ਰਸ਼ਨਾਂ ਦਾ ਉਤਰ ਦੇ ਕੇ ਨਿਸ਼ਾ ਕਰੋ ਇਨ੍ਹਾਂ ਦੀ ਕਿ ਕਰਮ ਕੀ ਨੇ?

ਭਾਈ ਸਾਹਿਬ ਨੇ ਨਿਮਰਤਾ 'ਚ ਆ ਕੇ ਮਸਤਕ ਨਿਵਾਇਆ, ਕਹਿਣ ਲੱਗੇ, ਪਾਤਸ਼ਾਹ! ਬੋਲਣਾ ਤੁਸੀਂ ਹੈ, ਇਹ ਸਰੀਰ ਵੀ ਤੁਹਾਡਾ ਹੈ ਚਾਹੇ ਇਹਦੇ ਵਿਚੀਂ ਬੋਲੀ ਜਾਓ, ਚਾਹੇ ਆਪਣੇ ਵਿਚੀਂ ਬੋਲੀ ਜਾਓ। ਉਸ ਵੇਲੇ ਭਾਈ ਸਾਹਿਬ ਕਹਿਣ ਲੱਗੇ, ਪਿਆਰਿਓ! ਇਹ ਕਰਮ ਜਿਹੜੇ ਨੇ ਇਹ ਬਹੁਤ ਤਰ੍ਹਾਂ ਦੇ ਕਰਮ ਹੋਇਆ ਕਰਦੇ ਨੇ। ਪਰ ਜਿਨ੍ਹਾਂ ਦਾ ਤੁਸੀਂ ਜ਼ਿਕਰ ਕਰਿਆ ਹੈ, ਉਹ ਆਮ ਤੌਰ ਤੇ ਤਿੰਨ ਕਿਸਮ ਦੇ ਕਰਮ ਹੋਇਆ ਕਰਦੇ ਨੇ। ਇਕ ਕਰਮ ਉਹ ਨੇ ਜਿਨ੍ਹਾਂ ਨੂੰ ਕ੍ਰਿਆਮਾਨ ਕਰਮ ਕਹਿੰਦੇ ਨੇ। ਦੂਸਰੇ ਉਹ ਨੇ ਜਿਨ੍ਹਾਂ ਨੂੰ ਸੰਚਿਤ ਕਰਮ ਕਹਿੰਦੇ ਨੇ। ਤੀਸਰੇ ਉਹ ਨੇ ਜਿਹੜੇ ਪਰਾਲਬਧ ਕਰਮ ਨੇ। ਇਨ੍ਹਾਂ ਤੋਂ ਬਗੈਰ ਨਿਤ ਕਰਮ ਹੁੰਦੇ ਨੇ, ਕਾਇਕ ਕਰਮ ਹੁੰਦੇ ਨੇ, ਪ੍ਰਾਸਚਿਤ ਕਰਮ ਹੁੰਦੇ ਨੇ। ਸੋ ਹੋਰ ਬਹੁਤ ਤਰ੍ਹਾਂ ਦੇ ਕਰਮ ਹੋਇਆ ਕਰਦੇ ਨੇ, ਲੇਕਿਨ ਤਿੰਨ ਦਾ ਸਬੰਧ ਬਹੁਤਾ ਹੈ ਜੀਵ ਦੇ ਨਾਲ। ਕਹਿੰਦੇ ਜੀਵ ਕਰਮ ਕਰਦਾ ਹੈ, ਇਹ ਕਰਮ ਜਿੰਨੇ ਵੀ ਕਰਦਾ ਹੈ ਜਦ ਤਕ ਇਹਦੀ ਹਉਮੈ ਦਾ ਨਾਸ਼ ਨਹੀਂ ਹੁੰਦਾ ਨਾ, ਇਹ ਕਹੀ ਜਾਵੇ ਕਿ ਗੁਰੂ ਸਾਹਿਬ ਨੇ ਕਰਾਇਆ ਹੈ ਮੇਰੇ ਤੋਂ। ਇਹ ਬਿਲਕੁਲ ਗਲਤ ਗੱਲ ਹੈ, ਇਹ ਇਕ ਬੋਲਣ ਦਾ ਤਰੀਕਾ ਹੈ ਕਿ ਚੰਗੇ ਢੰਗ ਦੇ ਨਾਲ। ਕਰਮ ਕਿਵੇਂ ਛੱਡ ਦਏਗਾ, ਜਿੰਨਾਂ ਚਿਰ ਤੇਰੇ ਅੰਦਰ ਮੈਂ ਭਾਵ ਹੈ। ਜਿਹੜਾ ਹੈਗਾ ਉਹਨੂੰ ਤਾਂ ਫੜਨਾ ਹੀ ਫੜਨਾ ਹੈ ਕਰਮ ਨੇ। ਮਹਾਰਾਜ ਨੇ ਇਕ ਥਾਉਂ ਲਿਖਿਆ ਹੈ ਕਿ 'ਹੁੰਦੋ ਫੜਿਆਗ' ਜਿਹੜਾ ਹੈਗਾ ਉਹ ਫੜਿਆ ਜਾਏਗਾ। ਐਉਂ ਤਾਂ ਨਹੀਂ ਛੁਟਦਾ, ਧੋਖਾ ਦੇਵੇ ਕਿ ਜੀ ਮੇਰੇ ਤੋਂ ਤਾਂ ਗੁਰੂ ਸਾਹਿਬ ਕਰਾਉਂਦੇ ਨੇ। 'ਮੇਰੇ ਤੋਂ' ਤਾਂ ਤੇਰਾ ਅਜੇ ਮੈਂ ਵਿਚ ਪਿਆ ਹੈ। ਜਿੰਨਾਂ ਚਿਰ 'ਮੈਂ' ਕਹਿੰਦਾ ਹੈ ਓਨਾਂ ਚਿਰ ਤਾਂ ਤੂੰ ਫਸਿਆ ਹੀ ਫਸਿਆ ਹੈਂ। ਗੁਰੂ ਸਾਹਿਬ ਨਹੀਂ ਕਰਾਉਂਦੇ ਤੂੰ ਆਪ ਕਰਦਾ ਹੈਂ। ਗੁਰੂ ਸਾਹਿਬ ਦੇ ਸਿਰ ਨਾ ਦੋਸ਼ ਲਾ, ਆਪ ਹੀ ਕਰ। ਉਹ ਕਰਮ ਕਰਦਾ ਹੈ, ਕਰਮ ਕਰਨ ਦਾ ਫਲ ਮਿਲਣਾ ਹੈ, ਚਾਹੇ ਚੰਗਾ ਕਰਦਾ ਹੈ, ਚਾਹੇ ਮਾੜਾ ਕਰਦਾ ਹੈ, ਜਿਹੜੇ ਚੰਗੇ ਕਰਮ ਨੇ ਉਹ ਸੋਨੇ ਦੀਆਂ ਬੇੜੀਆਂ ਨੇ, ਜਿਹੜੇ ਮਾੜੇ ਕਰਮ ਨੇ ਲੋਹੇ ਦੀਆਂ ਬੇੜੀਆਂ ਨੇ। ਫਲ ਤਾਂ ਦੇਣਾ ਹੀ ਹੈ ਦੋਹਾਂ ਨੇ, ਕਰਮ ਨੇ ਆਪਣਾ ਫਲ ਦੇਣਾ, ਚੰਗੇ ਕਰਮ ਨੇ ਚੰਗਾ ਫਲ ਦੇਣਾ ਹੈ, ਮਾੜੇ ਨੇ ਮਾੜਾ ਦੇਣਾ

ਹੈ, ਜਦ ਤਕ ਜੀਵ ਦੇ ਅੰਦਰ ਮੈਂ ਭਾਵ ਕਾਇਮ ਹੈ ਇਹ ਕਰਮਾਂ 'ਚੋਂ ਨਿਕਲ ਨਹੀਂ ਸਕਦਾ। ਜੇ ਅਰਦਾਸ ਵੀ ਕਰਦਾ ਹੈ ਨਾ ਰੋਜ਼, ਕਈ ਪ੍ਰੇਮੀ ਕਹਿਣਗੇ, ਨਹੀਂ ਤਾਂ ਗੁਰਸਿੱਖ ਤਾਂ ਅਰਦਾਸ ਕਰ ਦਿੰਦਾ ਹੈ। ਅਰਦਾਸ ਕਰਦਾ ਹੀ ਨਹੀਂ, ਅੱਖਰ ਬੋਲਦਾ ਹੈ। ਉਹ ਕਹਿੰਦਾ, ਸੱਚੇ ਪਾਤਸ਼ਾਹ! ਅੰਮ੍ਰਿਤ ਵੇਲੇ ਤੋਂ ਜਿੰਨੇ ਮੈਂ ਪਾਠ ਕਰੇ ਨੇ, ਜੋ ਵੀ ਆਪ ਦੀ ਬਾਣੀ ਪੜ੍ਹੀ ਹੈ ਉਹਨੂੰ ਸੋਧ ਕੇ ਆਪਣੇ ਖਜ਼ਾਨੇ 'ਚ ਪਾ ਲੈ, ਇਹਦਾ ਮਤਲਬ ਹੈ ਕਰਮਾਂ ਦਾ ਸਮਰਪਣ ਕਰਨਾ। ਬਾਕੀ ਦੇ ਕਰਮ ਤਾਂ 'ਮੈਂ' ਸਮਝ ਕੇ ਕਰਦਾ ਹੈ ਨਾ, ਉਹ ਜਦ ਮੈਂ ਕਰਦਾ ਹੈ, ਇਹ ਕੁਬਾਤ ਬਣ ਗਿਆ ਕਹਿਣ ਵਾਸਤੇ, ਅਸਲੀ ਬਾਤ ਤਾਂ ਬਣੀ ਨਾ। ਨਾ ਅਰਦਾਸ ਕਰਨ ਵਾਲੇ ਨੂੰ ਸਮਝ ਹੈ ਕਿ ਮੈਂ ਕੀ ਕਹਿ ਰਿਹਾ ਹਾਂ, ਨਾ ਕਰਮ ਨੇ ਚਿੰਬੜਨਾ ਹੈ, ਕਿਉਂਕਿ ਹੋਂਦ ਇਹਦੀ ਕਾਇਮ ਹੈ। ਜਦ ਤਕ ਮੈਂ ਭਾਵ ਕਾਇਮ ਹੈ ਕਿਹੋ ਜਿਹੇ ਬਚਨ ਬੋਲੀ ਜਾਹ, ਕਿਹੋ ਜਿਹੀ ਚਲਾਕੀ ਕਰੀ ਜਾਹ, ਨਹੀਂ ਛੁਟਦਾ, ਇਹ ਤਾਂ ਕਰਮ ਕਰੇ ਨੇ, ਬੰਨਣਾ ਹੀ ਬੰਨਣਾ ਹੈ ਕਰਮ ਨੇ, ਚੰਗੇ ਨੇ ਵੀ ਬੰਨਣਾ ਹੈ ਮਾੜੇ ਨੇ ਵੀ ਬੰਨਣਾ ਹੈ। ਸੋ ਜਦ ਤਕ 'ਮੇਰੀ' ਤੇ 'ਮੈਂ' ਇਹਦੀ ਕਾਇਮ ਹੈ, ਓਨੀਂ ਦੇਰ ਤਕ ਕਰਮਾਂ ਦੇ ਸਕੰਜੇ 'ਚੋਂ ਨਹੀਂ ਨਿਕਲ ਸਕਦਾ। ਕਹਿਣ ਲੱਗੇ ਜੀਵ ਕਰਮ ਕਰਦਾ ਹੈ, ਚੰਗੇ ਵੀ ਕਰਦਾ ਹੈ, ਮਾੜੇ ਵੀ ਕਰਦਾ ਹੈ, ਇਹਨੂੰ ਕ੍ਰਿਆਮਾਨ ਕਰਮ ਕਹਿੰਦੇ ਨੇ। ਇਹ ਜਮ੍ਹਾਂ ਹੁੰਦੇ ਤੁਰੇ ਜਾਂਦੇ ਨੇ, ਕਈ ਕਰਮ ਐਸੇ ਨੇ ਜਿਹੜੇ ਨਾਲ ਦੀ ਨਾਲ ਫਲਦੇ ਹੁੰਦੇ ਨੇ। ਕਈ ਐਸੇ ਨੇ ਜਿਨ੍ਹਾਂ ਦਾ ਫਲ ਪੰਜ, ਸੱਤ, ਦੱਸ ਸਾਲ ਬਾਅਦ ਮਿਲਦਾ ਹੈ, ਕਈ ਐਸੇ ਨੇ ਜਿਨ੍ਹਾਂ ਦਾ ਫਲ ਪੰਜਾਹ ਸੌ ਸਾਲ ਬਾਅਦ ਮਿਲਦਾ ਹੈ, ਕਈ ਐਸੇ ਨੇ ਜਿਨ੍ਹਾਂ ਦਾ ਫਲ ਕਈ ਹਜ਼ਾਰ ਸਾਲ ਬਾਅਦ ਮਿਲਦਾ ਹੈ। ਕਹਿੰਦੇ ਉਹ ਕ੍ਰਿਆਮਾਨ ਕਰਮ ਹੋਇਆ ਕਰਦੇ ਨੇ, ਚੰਗੇ ਕਰ ਲਓ, ਮਾੜੇ ਕਰ ਲਓ, ਕਰਮ ਨੇ ਤਾਂ ਬੰਨਣਾ ਹੀ ਬੰਨਣਾ ਹੈ, ਚੰਗਾ ਜਿਹੜਾ ਹੈ ਉਹ ਸੁਖ ਦਿੰਦਾ ਹੈ, ਮਾੜਾ ਜਿਹੜਾ ਹੈ ਦੁਖ ਦਿੰਦਾ ਹੈ, ਉਹਦਾ ਫਲ ਭੋਗਣਾ ਪੈਂਦਾ ਹੈ।

ਇਕ ਵਾਰੀ ਗੁਰੂ ਮਹਾਰਾਜ ਗੁਰੂ ਨਾਨਕ ਪਾਤਸ਼ਾਹ ਨੂੰ ਪੁਛਿਆਂ ਕਿ ਸੱਚੇ ਪਾਤਸ਼ਾਹ! ਇਹ ਜੀਵ ਐਉਂ ਕਹਿੰਦੇ ਨੇ ਕਿ ਮੇਰੇ ਨਾਲ ਫਲਾਣੇ ਨੇ ਐਉਂ ਕਰਿਆ, ਮੇਰੇ ਨਾਲ ਫਲਾਣੇ ਨੇ ਐਉਂ ਕਰਿਆ, ਉਹਦੇ ਮੇਰੇ ਨਾਲ ਬੜੀ ਵਧੀਕੀ ਕਰੀ, ਮਹਾਰਾਜ ਕਹਿੰਦੇ ਪਿਆਰਿਓ! ਜੋ ਅਸਲੀ ਬਾਤ ਹੈ, ਉਹ ਇਹ ਹੈ ਕਿ ਸੰਸਾਰ ਕਰਮਾਂ ਦਾ ਬੰਨ੍ਹਿਆ ਹੋਇਆ ਚਲ ਰਿਹਾ ਹੈ। ਇਹਦੇ ਵਿਚ ਇਕ ਤਾਂ ਉਹ ਨੇ ਜਿਹੜੇ ਇਸ ਗੱਲ ਨੂੰ ਸਮਝ ਕੇ ਕਿਸੇ ਨੂੰ ਦੋਸ਼ ਨਹੀਂ ਦਿੰਦੇ, ਇਕ ਉਹ ਨੇ ਜਿਹੜੇ ਦੂਸਰਿਆਂ ਨੂੰ ਦੋਸ਼ ਦਿੰਦੇ ਨੇ। ਕਰਦੇ ਆਪ ਨੇ, ਦੋਸ਼ ਬੇਗਾਨਿਆਂ ਨੂੰ ਦਿੰਦੇ ਨੇ –

***ਧਾਰਨਾ – ਫਲ ਦਿਤਿਆਂ ਬਾਜ ਨਾ ਜਾਣਾ,***
***ਤੇਰਿਆਂ ਕਰਮਾਂ ਨੇ ਪਿਆਰਿਆ।***

***ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥***
***ਜੋ ਮੈ ਕੀਆ ਸੋ ਮੈ ਪਾਇਆ***
***ਦੋਸੁ ਨ ਦੀਜੈ ਅਵਰ ਜਨਾ ॥ ਅੰਗ – ੪੩੩***

ਮਹਾਰਾਜ ਕਹਿੰਦੇ, ਪਿਆਰਿਓ! ਆਹ ਜੀਵ ਕਰਮ ਕਰਦਾ ਹੈ, ਕਰਮ ਦਾ ਫਲ ਭੋਗਦਾ ਹੈ, ਕੋਈ ਕਰਮ ਤਾਂ ਹਨ ਜੋ ਬਹੁਤ ਛੇਤੀ ਫਲ ਭੁਗਤਾ ਦਿੰਦੇ ਹਨ। ਕੋਈ ਕਰਮ ਐਸੇ ਹਨ ਜਿਨ੍ਹਾਂ ਦਾ ਫਲ ਭੋਗਣ ਵਾਸਤੇ ਸਮਾਂ ਚਾਹੀਦਾ ਹੈ। ਸੋ ਦੋਵੇਂ ਤਰ੍ਹਾਂ ਦੇ ਕਰਮ ਨੇ, ਸੰਸਾਰ ਦੇ ਅੰਦਰ ਬੁਰੇ ਕੰਮ ਕਰਦਾ ਹੈ, ਵਿਭਚਾਰ ਕਰਦਾ ਹੈ, ਹੁੰਦਾ ਕੀ ਹੈ aids ਦੀ ਬੀਮਾਰੀ ਹੋ ਗਈ, ਉਹ ਪਿਛਲੇ ਕਰਮ ਦਾ ਰੋਗ ਤਾਂ ਨਹੀਂ ਹੈ, ਇਹ ਤਾਂ ਇਹਨੇ ਆਪ ਗਲਤੀ ਕਰੀ, ਗਲਤੀ ਕਰਨ ਦੇ ਨਾਲ ਉਹ ਬੀਮਾਰੀ ਸਹੇੜ ਲਈ, ਸਹੇੜਨ ਦੇ ਨਾਲ ਦੁਖ ਸਹਿੰਦਾ ਹੈ, ਭਾਈ ਕਰਮ ਤੂੰ ਕਰਿਆ ਹੈ, ਉਹਨੂੰ ਭੋਗ ਵੀ ਆਪ ਹੀ। ਕੋਈ ਕਰਮ ਐਸਾ ਹੈ ਜਿਹੜਾ ਬੜੀ ਦੇਰ ਤੋਂ ਬਾਅਦ ਫਲ ਦਿੰਦਾ ਹੈ। ਮਹਾਂਭਾਰਤ ਦੇ ਯੁੱਧ ਤੋਂ ਬਾਅਦ ਕ੍ਰਿਸ਼ਨ ਮਹਾਰਾਜ ਪਾਂਡਵਾਂ ਨੂੰ ਲੈ ਕੇ ਰਾਜਾ ਧ੍ਰਿਤਰਾਸ਼ਟਰ ਦੇ ਪਾਸ ਚਲੇ ਜਾਂਦੇ ਨੇ, ਜਾ ਕੇ ਕਹਿਣ ਲੱਗੇ, ਰਾਜਨ! ਸਾਨੂੰ ਬੜਾ ਅਫਸੋਸ ਹੈ ਅਸੀਂ ਪਰਚੌਣੀ ਕਰਨ ਵਾਸਤੇ ਆਏ ਹਾਂ, ਤੇਰਾ ਸੌ ਪੁੱਤਰ ਮਾਰਿਆ ਗਿਆ, ਰਾਜ ਤੇਰੇ ਹੱਥੋਂ ਜਾਂਦਾ ਰਿਹਾ ਅਤੇ ਘਰ ਵਿਚ ਵਿਧਵਾਵਾਂ ਹੋ ਗਈਆਂ ਤੇ ਰਾਜਸੀ ਸ਼ਕਤੀ ਨਾ ਹੋਣ ਕਰਕੇ ਆਮਦਨ ਘਟ ਗਈ, ਬੱਚੇ ਜਿਹੜੇ ਨੇ ਇਹ ਆਮ ਬੱਚੇ ਹੋ ਗਏ, ਪਰ ਤੂੰ ਫਿਕਰ ਨਾ ਕਰ। ਰਾਜਾ ਯੁਧਿਸ਼ਟਰ ਇਹ ਕਹਿੰਦਾ ਹੈ ਕਿ ਜਿਸ ਤਰੀਕੇ ਨਾਲ ਤੁਸੀਂ ਪਹਿਲਾਂ ਹੀ ਰਹਿੰਦੇ ਸੀ ਓਨਾਂ ਹੀ ਖਰਚ ਅਸੀਂ ਦੇਵਾਂਗੇ। ਉਵੇਂ ਜਿਵੇਂ ਰਹੋ ਤੁਸੀਂ। ਬਾਕੀ ਜਿਹੜਾ ਵਿਛੋੜਾ ਹੋ ਗਿਆ, ਪੁੱਤਰਾਂ ਦਾ, ਕੋਈ ਤਰੀਕਾ ਹੀ ਨਹੀਂ ਹੈ ਕਿ ਤੁਹਾਨੂੰ ਪੁੱਤਰ ਮਿਲਾ ਸਕੀਏ। ਹਾਂ, ਜਿਹੜਾ ਦੁਨੀਆਂਦਾਰੀ ਦਾ ਦੁਖ ਹੈ, ਪੈਸੇ ਟਕੇ ਦੀ ਘਾਟ ਦਾ, ਉਹ ਅਸੀਂ ਬਿਲਕੁਲ ਨਹੀਂ ਹੋਣ ਦਿੰਦੇ। ਤੁਸੀਂ ਆਪਣੇ ਆਪ ਨੂੰ ਐਉਂ ਹੀ ਸਮਝੋ ਕਿ ਤੁਸੀਂ ਰਾਜ ਗੱਦੀ ਤੇ ਹੋਂ, ਜੋ ਤੁਸੀਂ ਕਹੋਂਗੇ ਤੁਹਾਡਾ ਹੁਕਮ ਮੰਨ ਲਿਆ ਜਾਏਗਾ ਤੇ ਪੂਰਾ ਕਰ ਦਿਤਾ ਜਾਏਗਾ, ਤੁਸੀਂ ਅਫਸੋਸ ਨਾ ਕਰੋ। ਕਹਿਣ ਲੱਗਿਆ, ਕ੍ਰਿਸ਼ਨ ਮਹਾਰਾਜ! ਮੈਨੂੰ ਬੱਚਿਆਂ ਦਾ ਅਫਸੋਸ ਨਹੀਂ, ਕਿਉਂਕਿ ਵੀਰ ਗਤੀ ਨੂੰ ਪ੍ਰਾਪਤ ਹੋ ਕੇ ਉਹ ਸਾਰੇ ਸਵਰਗ ਲੋਕ 'ਚ ਪਹੁੰਚ ਚੁੱਕੇ ਨੇ। ਮੇਰੇ ਕਿਸੇ ਬੱਚੇ ਨੇ ਵੀ ਪਿੱਠ ਨਹੀਂ ਦਿਤੀ ਯੁੱਧ ਦੇ ਅੰਦਰ। ਇਸ ਕਰਕੇ ਉਹ ਸਵਰਗ ਵਿਚ ਕਿਸੇ ਨੂੰ ਥੋੜ੍ਹਾਂ ਕਿਸੇ ਨੂੰ ਬਹੁਤਾ, ਉਹ ਜਾਣਾ ਹੀ ਸੀ, ਇਕ ਨੇ ਜਿੱਤਣਾ ਹੈ ਇਕ ਨੇ ਹਾਰਨਾ ਹੈ, ਪਰ ਮੇਰੇ ਮਨ ਵਿਚ ਜੋ ਗਮ ਹੈ ਉਹ ਇਹ ਹੈ ਕਿ ਮੇਰੇ ਨਾਲ ਨਜਾਇਜ਼ ਹੋਈ। ਕਹਿੰਦੇ, ਤੁਹਾਨੂੰ ਕਿਵੇਂ ਪਤਾ ਹੈ? ਕਹਿਣ ਲੱਗਿਆ ਕਿ ਮੈਂ ਜਮਾਂਦਰੂ ਅੰਨਾ ਹੋਣ ਕਰਕੇ ਮੇਰੀ ਸੁਰਤੀ ਸੁਖਮਨਾ ਨਾੜੀ 'ਚ ਪ੍ਰਵੇਸ਼ ਕਰੀ ਹੋਈ ਹੈ ਤੇ ਦਸਵੇਂ ਦੁਆਰ

ਦੇ ਵਿਚ ਪ੍ਰਵੇਸ਼ ਹੋ ਕੇ ਸੌ ਜਨਮ ਦਾ ਗਿਆਨ ਪ੍ਰਾਪਤ ਕੀਤਾ ਹੋਇਆ ਹੈ। ਸੌ ਜਨਮ ਵਿਚ ਤਾਂ ਮੈਂ ਕੋਈ ਐਸਾ ਕਰਮ ਨਹੀਂ ਕੀਤਾ ਜਿਹਦਾ ਮੈਨੂੰ ਇਹ ਫਲ ਮਿਲਿਆ। ਕ੍ਰਿਸ਼ਨ ਮਹਾਰਾਜ ਕਹਿੰਦੇ, 107ਵਾਂ ਜਨਮ ਦੇਖ? ਕ੍ਰਿਪਾ ਕਰ ਦਿਤੀ। ਜਨਮ ਦਿਖਾਇਆ। ਰਾਜਾ ਹੈ ਉਸ ਜਨਮ ਵਿਚ ਵੀ। ਮਾਸ ਖਾਣ ਦਾ ਸ਼ੌਕੀਨ ਹੈ, ਇਕ ਦਿਨ ਕਿਤੋਂ ਮਿਲਿਆ ਨਾ, ਬਾਵਰਚੀਆਂ ਨੇ ਕਿਹਾ ਕਿ ਜੀ ਅੱਜ ਕਿਤੋਂ ਮਾਸ ਨਹੀਂ ਮਿਲਿਆ। ਕਹਿਣ ਲੱਗਿਆ ਕਿ ਕਿੰਨੇ ਹੰਸ ਨੇ ਆਪਣੇ ਕੋਲ? ਕਹਿਣ ਲੱਗਿਆ, ਸੌ ਬੱਚੇ ਨੇ ਹੰਸਾਂ ਦੇ। ਕਹਿੰਦੇ, ਇਕ ਮਾਰ ਦਿਓ, ਉਹ ਖਾ ਲਿਆ, ਖਾ ਕੇ ਕਹਿਣ ਲੱਗਿਆ ਕਿ ਇਹ ਤਾਂ ਸੁਆਦ ਹੀ ਬੜਾ ਹੈ, ਰੋਜ਼ ਬਣਾਇਆ ਕਰੋ, ਤਿੰਨ ਮਹੀਨੇ ਦੱਸ ਦਿਨ ਦੇ ਅੰਦਰ ਸਾਰੇ ਖਾ ਲਏ। ਉਸ ਤੋਂ ਬਾਅਦ ਜਿਹੜੇ ਉਨ੍ਹਾਂ ਦੇ ਮਾਂ-ਬਾਪ ਸੀ, ਉਹ ਪਹਾੜਾਂ 'ਚੋਂ ਵਾਪਸ ਆ ਗਏ। ਮਾਨ-ਸਰੋਵਰ ਤੋਂ ਵਾਪਸ ਆ ਗਏ। ਆ ਕੇ ਉਨ੍ਹਾਂ ਨੇ ਇਕ ਦਮ, sense ਕਰ ਲਿਆ। ਜਾਣ ਗਏ ਕਿ ਸਾਡੇ ਤਾਂ ਬੱਚੇ ਨਹੀਂ ਇਥੇ। ਇਕ ਤਾਂ ਹੰਸ ਇਕ ਬਾਂਦਰੀ, ਇਕ ਸਾਰਸ; ਇਨ੍ਹਾਂ ਦਾ ਜੇ ਬੱਚਾ ਮਰ ਜਾਵੇ ਇਹ ਨਾਲ ਹੀ ਮਰਨ ਵਾਲੇ ਹੋ ਜਾਂਦੇ ਨੇ। ਹੰਸ ਮਰ ਜਾਂਦਾ ਹੈ, ਸਾਰਸ ਮਰਨ ਵਾਲੀ ਹੋ ਜਾਂਦੀ ਹੈ, ਇਕ ਮਰ ਜਾਵੇ ਤਾਂ ਦੂਜਾ ਵੀ ਮਰ ਜਾਂਦਾ ਹੈ, ਬਾਂਦਰੀ ਜਿਹੜੀ ਹੈ ਉਹਦੇ ਜਦ ਤਕ ਅਗਲਾ ਬੱਚਾ ਨਹੀਂ ਹੁੰਦਾ, ਉਹਦੇ ਕਰੰਗ ਨੂੰ ਨਾਲ ਹੀ ਚੁੱਕੀ ਫਿਰਦੀ ਰਹਿੰਦੀ ਹੈ। ਮੋਹ ਹੈ ਇਨ੍ਹਾਂ ਦਾ। ਉਹ ਜਿਹੜੇ ਹੰਸ ਸੀ, ਉਹ ਰਾਜੇ ਦੇ ਮਹਿਲਾਂ ਉਪਰ ਉਡ-ਉਡ ਕੇ ਧਰਤੀ 'ਤੇ ਗਿਰ ਕੇ ਮਰ ਗਏ। ਕ੍ਰਿਸ਼ਨ ਮਹਾਰਾਜ ਕਹਿਣ ਲੱਗੇ, ਰਾਜਨ! 107 ਜਨਮ ਪਹਿਲਾਂ ਕੀਤਾ ਹੋਇਆਂ ਕਰਮ ਹੈ ਤੇਰਾ, ਇਹ ਫਲ ਤੈਨੂੰ ਮਿਲਣਾ ਹੀ ਮਿਲਣਾ ਸੀ। ਕਹਿਣ ਲੱਗਿਆ, ਮਹਾਰਾਜ! ਮੈਂ ਅੱਖਾਂ ਤੋਂ ਅੰਨਾ ਕਿਉਂ ਹਾਂ? ਜਮਾਂਦਰੂ ਕਿਉਂ ਮੈਨੂੰ ਅੰਧ ਪੈ ਗਿਆ। ਕਹਿਣ ਲੱਗੇ, 104 ਜਨਮ ਦੇਖ, ਉਹਦੇ ਵਿਚ ਕੀ ਦੇਖਦਾ ਹੈ ਕਿ ਬੱਚੇ ਟਿੱਡਾ ਫੜਦੇ ਫਿਰਦੇ ਨੇ, ਹਰਾ ਟਿੱਡਾ; ਅੱਕਾਂ ਤੋਂ ਫੜਦੇ ਨੇ, ਕੱਚਾ ਧਾਗਾ ਬੰਨ੍ਹ ਕੇ ਉਹਦੀ ਗੁੱਡੀ ਬਣਾ ਕੇ ਉਡਾਉਂਦੇ ਨੇ, ਉਹ ਧਾਗਾ ਟੁੱਟ ਜਾਂਦਾ ਹੈ, ਉਹ ਛੱਡ ਦਿੰਦੇ ਨੇ। ਇਸ ਨੇ ਕੀ ਕਰਿਆ, ਟਿੱਡਾ ਫੜ ਲਿਆ, ਫੜ ਕੇ ਸੂਲ ਤੋੜੀ ਸਾਰ-ਪਾਰ ਲੰਘਾ ਦਿਤੀ ਦੋਵੇਂ ਅੱਖਾਂ ਦੇ। ਉਤੇ ਨੂੰ ਮਾਰਿਆਂ ਵਗਾਹ ਕੇ। ਤੜਫ-ਤੜਫ ਕੇ ਉਹਨੇ ਜਾਨ ਦੇ ਦਿਤੀ। ਇਹ ਵੀ ਤੇਰਾ ਕਰਮ ਸੀ, 104 ਜਨਮ ਪਹਿਲਾਂ ਦਾ, ਹੁਣ ਭੁਗਤਾਇਆ ਹੈ। ਕਹਿਣ ਲੱਗਿਆ, ਫੇਰ ਐਨੀ ਦੇਰ ਕਿਉਂ ਲੱਗੀ ਭੁਗਤਣ ਨੂੰ? 106ਵੇਂ ਜਾਂ 103ਵੇਂ ਜਨਮ ਵਿਚ ਭੁਗਤਾ ਦਿੰਦੇ? ਕਹਿਣ ਲੱਗੇ, ਰਾਜਨ! ਤੇਰੇ ਪੁੰਨਾਂ ਦਾ ਅੰਬਾਰ ਬਹੁਤ ਵੱਡਾ ਸੀ, ਜਿਵੇਂ ਚੱਕੀ ਚਲਦੀ ਹੋਵੇ ਤੇ ਮੱਕੀ ਦੀ ਵਿਚ ਪੀਹਾਈ ਚਲ ਰਹੀ ਹੋਵੇ, ਉਸ ਵੇਲੇ ਕੋਈ ਕਹੇ ਕਿ ਮੈਨੂੰ ਕਣਕ ਪੀਹ ਦੇ, ਕਹਿੰਦਾ ਹੈ ਕਿ ਨਾ ਬਈ ਅਜੇ ਤਾਂ ਮੱਕੀ ਚਲਦੀ ਹੈ, ਇਹ ਮੁੱਕ ਜਾਏਗੀ, ਕਣਕ ਦੀ ਵਾਰੀ ਆ ਜਾਏਗੀ। ਇਹ ਜਦ ਪੁੰਨਾਂ ਵਾਲਾ ਕੰਮ ਚਲ ਰਿਹਾ ਹੈ, ਉਸ ਵਕਤ ਪੁੰਨਾਂ ਵਾਲੇ, ਜਿਨ੍ਹਾਂ ਲੋਕਾਂ ਦੇ ਲੈਣੇ ਦੇਣੇ ਸੀ ਉਹ ਆ ਰਹੇ ਸੀ। ਕਹਿੰਦੇ ਇਸ ਕਰਕੇ ਜਿਹੜੇ ਤੇਰੇ ਪੁੰਨ ਸੀ, ਹੁਣ ਆ ਕੇ ਖਤਮ ਹੋਏ ਨੇ। ਹੁਣ ਪਾਪਾਂ ਦਾ ਹੀ ਗੇੜ ਸ਼ੁਰੂ ਹੋਇਆ ਹੈ, ਹੁਣ ਪਾਪਾਂ ਦਾ ਹੀ ਗੇੜ ਚਲਣਾ ਹੈ। ਸੋ ਇਸ ਤਰ੍ਹਾਂ ਦੇ ਨਾਲ ਭਾਈ ਦਇਆ ਸਿੰਘ ਜੀ ਕਹਿਣ ਲੱਗੇ ਕਿ ਪਿਆਰਿਓ! ਇਹ ਆਦਮੀ ਕਰਮ ਕਰਦਾ ਹੈ, ਕਿਸੇ ਦਾ ਫਲ ਤਾਂ ਉਦੋਂ ਹੀ ਭੁਗਤ ਲੈਂਦਾ ਹੈ, ਕਿਸੇ ਦਾ ਬਹੁਤ ਦੇਰ ਬਾਅਦ।ਇਹ ਜਦ ਕਰਮ ਕਰਕੇ ਚੜ੍ਹਾਈ ਕਰਦਾ ਹੈ ਤਾਂ ਇਹਦੇ ਜਿੰਨੇ ਜਮ੍ਹਾਂ ਨੇ ਕਰਮ ਉਨ੍ਹਾਂ ਨੂੰ ਸੰਚਿਤ ਕਰਮ ਕਹਿੰਦੇ ਨੇ। ਜਮ੍ਹਾਂ ਹੋਏ-ਹੋਏ ਕਰਮ, ਉਹ ਜਮ੍ਹਾਂ ਹੋਏ-ਹੋਏ ਕਰਮਾਂ 'ਚੋਂ ਜਦ ਨਵਾਂ ਜਨਮ ਧਾਰਦਾ ਹੈ, ਉਸ ਵੇਲੇ ਦੇਖਦੇ ਨੇ ਕਿ ਕਿਹੜਾ-ਕਿਹੜਾ ਜੀਵ ਆ ਰਿਹਾ ਹੈ, ਜਿਸ ਤੋਂ ਇਹਨੇ ਲੈਣਾ ਹੈ। ਕਿਹੜਾ-ਕਿਹੜਾ ਜੀਵ ਆ ਰਿਹਾ ਹੈ, ਜਿਹਨੂੰ ਇਹਨੇ ਦੇਣਾ ਹੈ, ਇਹਦਾ ਪੁੱਤਰ ਕੀਹਨੂੰ ਬਣਾਈਏ, ਇਹਦੀ ਇਸਤ੍ਰੀ ਕੀਹਨੂੰ ਬਣਾਈਏ, ਕੀਹਦਾ ਇਹਨੇ ਦੇਣਾ ਹੈ, ਕਿਸ ਤੋਂ ਲੈਣਾ ਹੈ। ਉਹ ਲੈਣ ਦੇਣ ਦੇ ਹਿਸਾਬ ਨਾਲ ਕਰਮ ਫਿੱਟ ਕੀਤੇ ਜਾਂਦੇ ਨੇ। ਉਹਨੂੰ ਪਰਾਲਬਧ ਕਰਮ ਕਹਿੰਦੇ ਨੇ। ਉਹ ਐਉਂ ਸਮਝ ਲਓ ਕਰਮਾਂ ਦੇ ਸਟੋਰ 'ਚੋਂ ਭੱਥੇ 'ਚ ਜਿਵੇਂ ਤੀਰ ਪਾ ਦੇਈਏ, ਉਹ ਪਰਾਲਬਧ ਕਰਮ ਭੱਥੇ ਦੇ ਤੀਰ ਨੇ ਤੇ ਉਹ ਸਮਾਂ ਜਿਹੜਾ ਹੈ ਉਹ ਚਲਾਈ ਜਾਂਦਾ ਹੈ। ਉਹ ਚਲਾਏ ਹੋਏ ਸਾਰੀ ਜ਼ਿੰਦਗੀ ਪਰਾਲਬਧ ਕਰਮ ਭੋਗਦਾ ਹੈ।

***ਭੋਗੇ ਬਿਨ ਭਾਗੇ ਨਹੀ ਕਰਮ ਗਤੀ ਬਲਵਾਨ।***

***ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ ॥***

***ਅੰਗ - ੯੩੭***

ਸੋ ਇਹ ਕਰਮ ਜੀਵ ਭੋਗਦਾ ਹੋਇਆ ਇਸੇ ਚੱਕਰ 'ਚ ਪਿਆ ਹੋਇਆ ਜੰਮਦਾ ਹੈ, ਮਰਦਾ ਹੈ। ਹੁਣ ਇਹ ਹੈ ਇਕ ਕਰਮ ਦਾ ਨਾਸ਼ ਵੀ ਹੋਵੇ? ਜਦ ਤਕ ਗਿਆਨ ਨਹੀਂ ਇਸਨੂੰ ਹੁੰਦਾ, ਜਦ ਤਕ ਇਹਨੂੰ ਆਪਣੇ ਆਪੇ ਦੀ ਸੋਝੀ ਆ ਕੇ 'ਮੈਂ ਨਹੀਂ ਮਰਦੀ, ਅਸਲ ਗਿਆਨ ਨਹੀਂ ਹੁੰਦਾ। ਜਿਸ ਤਰ੍ਹਾਂ ਹਨ੍ਹੇਰੇ ਵਿਚ ਕੋਈ ਰੱਸੀ ਪਈ ਹੈ, ਸਾਰੀ ਰਾਤ ਡਰੀ ਜਾਂਦਾ ਹੈ ਕਿ ਸੱਪ ਪਿਆ ਹੈ, ਗਿਆਨ ਕਦੋਂ ਹੋਇਆ ਹੈ ਜਦੋਂ ਚਾਨਣਾ ਹੋ ਗਿਆ। ਜਦ ਚਾਨਣਾ ਹੋ ਗਿਆ ਫੇਰ ਉਹਦਾ ਨਾਸ਼ ਹੋ ਗਿਆ ਸੱਪ ਦੇ ਡਰ ਦਾ। ਉਹ ਤਾਂ ਰੱਸੀ ਸੀ, ਪਹਿਲਾਂ ਵੀ ਰੱਸੀ ਸੀ, ਰਾਤ ਨੂੰ ਵੀ ਰੱਸੀ ਸੀ, ਅਰ ਹੈ ਵੀ ਰੱਸੀ। ਇਸੇ ਤਰ੍ਹਾਂ ਜਦ ਏਸ ਜੀਵ ਨੂੰ ਗਿਆਨ ਹੋ ਜਾਂਦਾ ਹੈ, ਇਹਨੂੰ ਜਾਗ ਆ ਜਾਂਦੀ ਹੈ ਉਸ ਵੇਲੇ ਇਹਦੇ ਕਰਮਾਂ ਦਾ ਨਾਸ਼ ਹੋ ਜਾਂਦਾ ਹੈ। ਨਹੀਂ ਇਹ ਪ੍ਰਮੇਸ਼ਰ ਤੋਂ ਵਿਛੜ ਕੇ ਆਪਣੀ ਦੁਨੀਆਂ ਬਨਾਈ ਰਖਦਾ ਹੈ, ਕਰਮ ਕਰਦਾ ਹੈ, ਕਰਮ ਕਰਕੇ ਜੰਮਦਾ ਹੈ, ਮਰਦਾ ਹੈ, ਇਹ ਸਾਰੀ ਚੀਜ਼ ਨੂੰ ਹਉਮੈ ਦਾ ਪਰਿਵਾਰ ਕਹਿੰਦੇ ਨੇ। ਮਹਾਰਾਜ ਕਹਿੰਦੇ-

***ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥***
***ਅੰਗ - ੪੬੬***

ਕਰਮ ਤਾਂ ਕਰਦਾ ਹਉਮੈ ਵਿਚ ਹੈ, ਨਾਮ ਜਪਦਾ ਹੈ ਤਾਂ ਵੀ ਹਉਮੈ ਵਿਚ; ਪਾਠ ਕਰਦਾ ਹੈ ਤਾਂ ਵੀ ਹਉਮੈ ਵਿਚ; ਫਲ ਮੰਗਦਾ ਹੈ ਹਰੇਕ ਚੀਜ਼ ਦਾ। ਜਦ ਤਕ ਇਹਦੀ ਹਉਮੈ ਨਾਸ਼ ਨਹੀਂ ਹੁੰਦੀ ਓਨੀਂ ਦੇਰ ਤਕ -

***ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥***
***ਅੰਗ - ੪੬੬***

ਕਦੇ ਰਾਜਾ ਬਣ ਗਿਆ, ਕਦੇ ਕੰਗਾਲ ਬਣ ਗਿਆ, ਐਸ ਤਰ੍ਹਾਂ ਨਾਲ ਫੁਰਮਾਉਂਦੇ ਨੇ -

***ਧਾਰਨਾ - ਜੰਮਦਾ ਤੇ ਮਰਦਾ ਹੈ***
***ਹਉਮੈ ਦਾ ਬੰਨ੍ਹਿਆ ਹੋਇਆ।***

ਸੋ ਇਹ ਜੀਵ ਪ੍ਰਮੇਸ਼ਰ ਨਾਲੋਂ ਵਿਛੜ ਕੇ ਹਉਮੈ ਦੇ ਚੱਕਰ ਵਿਚ ਆ ਗਿਆ, ਜਿਵੇਂ ਛੱਪੜੀਆਂ ਬਣ ਜਾਂਦੀਆਂ ਨੇ, ਛੋਟੀਆਂ-ਛੋਟੀਆਂ ਟੋਭੇ ਬਣ ਜਾਂਦੇ ਨੇ, ਸਮੁੰਦਰ ਨਾਲ, ਦਰਿਆ ਦੇ ਨਾਲ ਟੁੱਟ ਕੇ, ਐਸ ਤਰ੍ਹਾਂ ਆਪਾਂ ਟੁੱਟ ਗਏ ਸਾਧਸੰਗਤ ਜੀ! ਟੁੱਟ ਕੇ ਕਿਰਮ ਪੈ ਗਏ - ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਨਿੰਦਿਆ, ਚੁਗਲੀ, ਵਖੀਲੀ, ਮੈਂ, ਮੇਰੀ; ਬੇਅੰਤ ਕਿਰਮ ਪੈ ਗਏ। ਉਹਦੇ ਨਾਲ ਇਹ ਦੁਖੀ ਹੁੰਦਾ ਤੁਰਿਆ ਜਾਂਦਾ ਹੈ, ਜਦ ਤਕ ਇਹ ਦੁਬਾਰਾ ਉਹਦੇ ਵਿਚ ਨਹੀਂ ਰਲ ਜਾਂਦਾ, main ਪਾਣੀ ਦੀ ਧਾਰ ਵਿਚ; main ਕਰੰਟ ਵਿਚ; ਓਨੀਂ ਦੇਰ ਤਕ ਇਹ ਸਾਫ ਨਹੀਂ ਹੋ ਸਕਦਾ, ਹੁਣ ਛਪੜੀ ਆਪਣੇ ਆਪ ਤਾਂ ਰਲ ਨਹੀਂ ਸਕਦੀ। ਕੋਈ ਹੋਰ ਆ ਕੇ ਕ੍ਰਿਪਾ ਕਰ ਦੇਵੇ, ਉਹ ਇੰਜਣ ਲੈ ਆਵੇ, ਮੋਟਰ ਲੈ ਆਵੇ, ਤਿਉਂ-ਤਿਉਂ ਪਾਈਪ ਨੂੰ drain ਕਰਕੇ ਉਹ ਦਰਿਆ ਦੇ ਨਾਲ ਮਿਲਾ ਦੇਵੇ, ਮੁੜ ਕੇ ਉਹੋ ਜਿਹਾ ਹੀ ਤਾਜ਼ਾ ਫੇਰ ਹੋ ਜਾਵੇਗਾ; ਸੋ ਆਹ ਸਾਡਾ ਹਾਲ ਹੈ ਜਿਹਦੇ ਨਾਲ ਅਸੀਂ ਦੁਖੀ ਹੁੰਦੇ ਤੁਰੇ ਜਾਂਦੇ ਹਾਂ। ਆਪਣੇ ਆਪ ਨੂੰ ਅਸੀਂ ਅੱਡ ਕਰ ਲਿਆ, ਬਾਰ-ਬਾਰ ਮਹਾਤਮਾ ਸਮਝਾਉਂਦੇ ਨੇ ਕਿ ਪਿਆਰਿਆ! ਤੈਨੂੰ ਹੁਣ ਮੌਕਾ ਮਿਲਿਆ ਹੈ, ਹੁਣ ਤੂੰ ਖੁੰਝ ਨਾ ਜਾਈਂ ਕਿਤੇ; ਜਿਹੜੀਆਂ ਚੀਜ਼ਾਂ ਦੇ ਵਿਚ ਤੂੰ ਫਸ ਗਿਆ, ਤੇਰੇ ਨਾਲ ਨਹੀਂ ਕੋਈ ਵੀ ਜਾਣ ਵਾਲੀ -

***ਕਬੀਰ ਇਹੁ ਤਨੁ ਜਾਇਗਾ ਸਕਹੁ ਤ ਲੇਹੁ ਬਹੋਰਿ॥***
***ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ॥***
***ਅੰਗ - ੧੩੬੫***

ਕਿਉਂਕਿ ਇਹ ਬੜੀ ਭਾਰੀ ਰੁਕਾਵਟ ਹੈ -

***ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ ॥***
***ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ ॥***
***ਅੰਗ - ੧੨੮੮***

ਰਾਜਸੀ ਸ਼ਕਤੀ ਆ ਜਾਵੇ ਬੰਦੇ ਦੇ ਕੋਲ, ਉਹਦਾ mind ਦੂਸ਼ਿਤ ਹੋ ਜਾਂਦਾ ਹੈ, ਓਹੋ ਜਿਹਾ ਬੰਦਾ ਨਹੀਂ ਰਹਿੰਦਾ, ਫੇਰ ਮਿਲਦਾ ਨਹੀਂ ਦੂਜਿਆਂ ਦੇ ਨਾਲ; ਓਹੀ ਬੰਦਾ ਜਿਹਦੇ ਨਾਲ ਮਿਲੋ-ਗਿਲੋ ਇਕੱਠੇ ਰਹੋ, ਜਿਸ ਵਕਤ ਸ਼ਕਤੀ ਆ ਗਈ ਰਾਜਸੀ, ਉਸ ਨਾਲ ਉਹਦੇ ਰੁਝੇਵੇਂ ਵਧ ਗਏ, ਓਹੀ ਬੰਦਾ ਓਪਰਾ ਬਣ ਜਾਂਦਾ ਹੈ। ਮਹਾਰਾਜ ਕਹਿੰਦੇ ਇਹ ਠੱਗ ਨੇ। ਇਨ੍ਹਾਂ ਨੇ ਸਾਰੇ ਸੰਸਾਰ ਨੂੰ ਠੱਗ ਲਿਆ। ਸੋ ਇਹ ਜੀਵ ਇਸ ਤਰ੍ਹਾਂ ਬੇਵਸ ਹੋਇਆ-ਹੋਇਆ, ਬੰਨ੍ਹਿਆ ਹੋਇਆ ਤੇ ਮਹਾਰਾਜ ਕਹਿੰਦੇ ਤੂੰ ਪਛਾਣ ਤਾਂ ਸਹੀ -

***ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ ॥***
***ਏਤੀ ਨ ਜਾਨਉ ਕੇਤੀਕ ਮੁਦਤਿ***
***ਚਲਤੇ ਖਬਰਿ ਨ ਪਾਇਓ ॥ ਅੰਗ - ੯੯੯***

ਜਾਣਦਾ ਹੈਂ ਕਿ ਕਿਥੋਂ ਆਇਆ ਹੈਂ, ਕਿੰਨਾ ਪੜ੍ਹਿਆ ਹੋਇਆ ਹੈਂ, ਕਹਿੰਦਾ ਮੈਂ ਪੀ.ਐਚ.ਡੀ ਕਰੀ ਹੋਈ ਹੈ। ਕਹਿੰਦੇ ਜਾਣਦਾ ਹੈ? ਕਹਿੰਦਾ ਮੈਂ ਜਾਣਦਾ ਨਹੀਂ, ਸੁਣਿਆ ਹੋਇਆ ਹੈ। ਸੱਚ ਬੋਲ ਪਿਆ, ਇਕ ਝੂਠ ਬੋਲ ਪਿਆ, ਉਹਨੂੰ ਕਹਿੰਦਾ ਜਾਣਦਾ ਹੈਂ? ਕਹਿੰਦਾ ਹਾਂ ਜੀ ਮੈਂ ਜਾਣਦਾ ਹਾਂ, ਮੈਂ ਆਤਮਾ ਹਾਂ। ਕਹਿੰਦੇ, ਆਤਮਾ ਦਾ ਲੱਛਣ ਕੀ ਹੈ? ਆਤਮਾ ਤਾਂ ਜਾਣਿਆ ਹੀ ਨਹੀਂ ਜਾਂਦਾ। ਜਿਹੜਾ ਆਪਣਾ ਆਪ ਹੈ ਅਨੁਭਵ ਹੁੰਦਾ ਹੈ ਉਹ। ਗੱਲਬਾਤ ਨਹੀਂ ਉਹਦੀ ਕੋਈ ਹੋ ਸਕਦੀ, ਉਹ ਤਾਂ ਅਨੁਭਵ ਹੈ, ਚਿੰਨ ਮਾਤਰ ਹੈ। ਕਹਿੰਦਾ ਪੜ੍ਹਿਆ ਹੋਇਆ ਹਾਂ ਮੈਂ। ਪੜ੍ਹਿਆ ਹੋਇਆਂ ਨਾਲ ਤਾਂ ਨਹੀਂ ਗੱਲ ਬਣਨੀ -

***ਪੜਿਐ ਨਾਹੀ ਭੇਦੁ ਬੁਝਿਐ ਪਾਵਣਾ ॥ ਅੰਗ- ੧੪੮***

ਬੁੱਝਣਾ ਪੈਂਦਾ ਹੈ, ਪੜ੍ਹ ਕੇ ਨਹੀਂ ਏਸ ਗੱਲ ਦਾ ਥਹੁ ਲਗਦਾ। ਇਹ ਤਾਂ ਸਾਧਨ ਦੇ ਨਾਲ ਪੂਰਾ ਸਮਰੱਥ ਗੁਰੂ ਮਿਲ ਜਾਵੇ। ਉਹਦੀ ਹੋ ਜਾਵੇ ਮਿਹਰ, ਉਹ ਮੇਲ ਦੇਵੇ ਨਹੀਂ ਤਾਂ ਜੀਵ ਦੀ ਆਪਣੇ ਆਪ ਕੋਈ ਤਾਕਤ ਨਹੀਂ। ਸੋ ਮਹਾਰਾਜ ਕਹਿੰਦੇ ਪਹਿਲਾਂ ਤੂੰ ਗੱਲ ਸਮਝ। ਏਸ ਗੱਲ ਨੂੰ ਮੰਨ ਲੈ, ਬਈ ਬੜੇ ਜਨਮ ਹੋ ਗਏ ਮੈਨੂੰ ਵਾਹਿਗੁਰੂ ਤੋਂ ਵਿਛੜੇ ਹੋਏ, ਤੇ ਮੇਰਾ ਜਿਹੜਾ ਵਾਹ ਹੈ ਉਹ ਦੁਸ਼ਮਣਾਂ ਨਾਲ ਪੈ ਗਿਆ, ਠੱਗਾਂ ਨਾਲ ਪੈ ਗਿਆ, ਚੋਰਾਂ ਨਾਲ ਪੈ ਗਿਆ ਤੇ ਭੁੱਲ ਗਿਆ। ਹੁਣ ਕੋਈ ਕਰਮ ਹੋ ਜਾਏ ਤੇ ਚੰਗਾ ਹੈ ਤਾਂ ਸਤਿਸੰਗ ਮਿਲ ਜਾਂਦਾ ਹੈ। ਸਤਿਸੰਗ ਦੇ ਵਿਚ ਬਚਨ ਮਿਲ ਜਾਂਦੇ ਨੇ, ਬਚਨਾਂ ਦੇ ਵਿਚ ਰਾਹ ਦੱਸਿਆ ਹੁੰਦਾ ਹੈ, ਜੇ ਤਾਂ ਓਸ ਰਾਹ ਤੇ ਚੱਲ ਪਵੇ ਫੇਰ ਤਾਂ ਕਿਸੇ ਮੰਜ਼ਲ ਤੇ ਪਹੁੰਚ ਜਾਂਦਾ ਹੈ। ਜੇ ਸੁਣਦਾ ਹੀ ਸੁਣਦਾ ਹੈ, ਫੇਰ ਨਹੀਂ ਪਹੁੰਚਦਾ। ਦੂਸਰਾ ਸਾਰੇ ਮਹਾਂਪੁਰਸ਼ ਕਹਿੰਦੇ ਨੇ ਕਿ ਜੀਵ ਨੂੰ ਮੂਰਛਤ ਵਰਗੀ ਨੀਂਦ ਆਈ ਹੋਈ ਹੈ। ਇਹ ਉਠਦਾ ਨਹੀਂ ਹੈ, ਐਸੀ ਗਾੜ੍ਹੀ ਨੀਂਦ ਆ ਗਈ ਇਸਨੂੰ ਕਿ ਇਹਨੂੰ ਜਾਗ ਨਹੀਂ ਆਉਂਦੀ। ਇਕ ਦੋ ਚਾਰ ਨਹੀਂ, ਕਹਿੰਦੇ ਸਾਰਾ ਹੀ ਸੰਸਾਰ ਜਿੰਨਾਂ ਵੀ ਹੈ ਚਾਹੇ

ਪੜ੍ਹੇ ਹੋਏ ਨੇ, ਚਾਹੇ ਨਾ ਪੜ੍ਹੇ ਹੋਏ ਨੇ, ਚਾਹੇ ਅਮੀਰ ਨੇ, ਚਾਹੇ ਗਰੀਬ ਨੇ, ਚਾਹੇ ਕੋਈ ਹੈ, ਕਹਿੰਦੇ ਜਾਗਦਾ ਤਾਂ ਕੋਈ ਵਿਰਲਾ ਹੀ ਹੈ। ਬਾਕੀ ਤਾਂ ਸਾਰਾ ਸੰਸਾਰ ਜਿਹੜਾ ਹੈ ਉਹਦੇ ਬਾਰੇ ਮਹਾਰਾਜ ਨੇ ਇਸ ਤਰ੍ਹਾਂ ਫੁਰਮਾਨ ਕੀਤਾ ਹੈ -

*ਧਾਰਨਾ - ਸੌਂ ਗਿਆ ਜਗ ਸਾਰਾ ਜੀ,*
*ਮਾਇਆ ਦੀ ਨੀਂਦ ਗਾੜ੍ਹੀ।*

*ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ*
*ਸੁਤਿਆ ਰੈਣਿ ਵਿਹਾਣੀ ॥ ਅੰਗ - ੯੨੦*

ਮਹਾਰਾਜ ਕਹਿੰਦੇ ਭਰਮ ਦੀ ਨੀਂਦ ਪੈ ਗਈ ਇਸਨੂੰ। ਤਿੰਨਾਂ ਗੁਣਾਂ ਦੀ - ਰਜੋ ਗੁਣ, ਸਤੋ ਗੁਣ, ਤਮੋ ਗੁਣ; ਤੇ ਨਾਲ ਇਨ੍ਹਾਂ ਦੇ ਪੈ ਗਿਆ ਭਰਮ ਇਹਦੇ ਵਿਚ ਸੌਂ ਗਿਆ। ਇਹਨੂੰ ਜਾਗ ਨਹੀਂ ਆਉਂਦੀ, ਮਹਾਤਮਾ ਹਾਕਾਂ ਮਾਰਦੇ ਨੇ, ਫੇਰ ਬੇਵਸ ਹੋ ਜਾਂਦੇ ਨੇ, ਕਹਿੰਦੇ ਕਮਾਲ ਦੀ ਨੀਂਦ ਹੈ ਐਨੀਆਂ ਹਾਕਾਂ ਮਾਰਨ ਤੋਂ ਬਾਅਦ ਵੀ ਏਸ ਜੀਵ ਨੂੰ ਜਾਗ ਨਹੀਂ ਆਉਂਦੀ।-

*ਫਰੀਦਾ ਕੂਕੇਦਿਆ ਚਾਂਗੇਦਿਆ*
*ਮਤੀ ਦੇਦਿਆ ਨਿਤ ॥*
*ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥*
*ਅੰਗ - ੧੩੭੮*

ਚਾਰੇ ਵੇਦ, 27 ਸਿਮ੍ਰਤੀਆਂ, ਛੇਈ ਸ਼ਾਸਤਰ, ਉਪਨਿਸ਼ਦਾਂ, ਕੁਰਾਨ ਸ਼ਰੀਫ, ਤੌਰੇਤ, ਅੰਜੀਲ, ਜੰਬੂਲ, ਬਾਈਬਲ, ਅਨੇਕਾਂ ਹੀ ਧਰਮ ਗ੍ਰੰਥ, ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ, ਸਾਧੂ, ਸੰਤ ਏਸ ਜੀਵ ਨੂੰ ਜਗਾਉਣ ਦਾ ਉਦਮ ਕਰ ਰਹੇ ਨੇ। ਐਸੀ ਨੀਂਦ ਇਕ ਸੁਣੀ ਸੀ ਕਿ ਕੁੰਭਕਰਨ ਹੋਇਆ ਹੈ ਕੋਈ, ਕਹਿੰਦੇ ਉਹਨੂੰ ਐਨੀ ਨੀਂਦ ਆਉਂਦੀ ਸੀ ਕਿ ਢੋਲ ਵਜਾਉਂਦੇ ਸੀਗੇ ਉਹਦੇ ਕੋਲ। ਉਹਨੂੰ ਜਾਗ ਹੀ ਨਹੀਂ ਸੀ ਆਉਂਦੀ ਹੁੰਦੀ, ਪੰਜ ਛੇ ਮਹੀਨੇ ਲੰਘ ਜਾਣੇ ਫੇਰ ਉਹਨੇ ਉਠਣਾ। ਜਿਵੇਂ ਰਿੱਛ ਹੈ, ਰਿੱਛ ਨੂੰ ਨੀਂਦ ਆਉਂਦੀ ਹੈ ਸਰਦੀਆਂ ਦੇ ਮਹੀਨੇ। ਇਹ ਪਹਾੜਾਂ ਦੀ, ਪੱਥਰਾਂ ਦੀ ਓਟ ਲੈ ਲੈਂਦਾ ਹੈ ਤੇ ਉਤੇ ਬਰਫ ਪੈਣੀ ਸ਼ੁਰੂ ਹੋ ਜਾਂਦੀ ਹੈ, ਇਹ ਆਪਣਾ ਸ੍ਵਾਸ ਖਿੱਚ ਲੈਂਦਾ ਹੈ, ਡੱਡੂ ਹੈ ਇਹਨੂੰ ਨੀਂਦ ਬੜੀ ਆਉਂਦੀ ਹੈ, ਕਿੰਨੇ ਜਾਨਵਰ ਨੇ, ਬਰਫਾਂ 'ਚ ਰਹਿੰਦੇ ਨੇ, ਕਿਸੇ ਨੂੰ ਤਿੰਨ ਮਹੀਨੇ ਦੀ ਨੀਂਦ ਆਉਂਦੀ ਹੈ, ਕਿਸੇ ਨੂੰ ਛੇ ਮਹੀਨੇ ਦੀ ਆਉਂਦੀ ਹੈ। ਉਤੇ ਬਰਫਾਂ ਗਿਰ ਜਾਂਦੀਆਂ ਨੇ, ਜਾਗ ਨਹੀਂ ਆਉਂਦੀ। ਜਿਸ ਵਕਤ ਬਰਫਾਂ ਪਿਘਲ ਜਾਂਦੀਆਂ ਨੇ, ਫੇਰ ਕਿਤੇ ਜਾ ਕੇ ਅੰਗੜਾਈਆਂ ਲੈਂਦੇ ਨੇ, ਫੇਰ ਜਾਗ ਆਉਂਦੀ ਹੈ, ਸੌਣ ਤੋਂ ਪਹਿਲਾਂ ਆਪਣੀ ਖੁਰਾਕ ਦੱਬ ਲੈਂਦੇ ਨੇ ਕਿ ਜਦ ਮੈਨੂੰ ਜਾਗ ਆਏਗੀ, ਫੇਰ ਖਾਣ ਨੂੰ ਵੀ ਕੁਛ ਚਾਹੀਦਾ ਹੈ, ਇਸੇ ਤਰ੍ਹਾਂ ਦੇ ਨਾਲ ਕਹਿੰਦੇ ਕੁੰਭਕਰਨ ਨੂੰ ਨੀਂਦ ਆਉਂਦੀ ਸੀ। ਛੇ ਮਹੀਨੇ ਬਾਅਦ ਉਹਨੂੰ ਜਾਗ ਆਇਆ ਕਰਦੀ ਸੀ। ਬੜੀ ਗਾੜ੍ਹੀ ਨੀਂਦ ਅਸੀਂ ਗਿਣਦੇ ਹਾਂ। ਮਹਾਰਾਜ ਕਹਿੰਦੇ, ਉਹ ਤਾਂ ਥੋੜ੍ਹਾਂ ਹੀ ਹੈ ਫੇਰ ਵੀ ਕਿ ਛੇ ਮਹੀਨੇ ਬਾਅਦ ਜਾਗ ਪੈਂਦੇ ਨੇ। ਕੋਈ ਨੌਂ ਮਹੀਨੇ ਬਾਅਦ ਜਾਗ ਪੈਂਦਾ ਹੈ। ਆਹ ਜਿਹੜਾ ਸੰਸਾਰ ਤੁਰਿਆ ਫਿਰਦਾ ਹੈ ਇਹ ਤਾਂ ਹੈ ਹੀ ਨੀਂਦ ਦੇ ਅੰਦਰ। ਗਾੜ੍ਹੀ ਨੀਂਦ ਆ ਗਈ -

*ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ ॥*
*ਸ੍ਰਵਣ ਸੋਏ ਸੁਣਿ ਨਿੰਦ ਵੀਚਾਰ ॥*
*ਰਸਨਾ ਸੋਈ ਲੋਭਿ ਮੀਠੈ ਸਾਦਿ ॥*
*ਮਨੁ ਸੋਇਆ ਮਾਇਆ ਬਿਸਮਾਦਿ ॥ ਅੰਗ - ੧੮੨*

ਮਾਇਆ ਦਾ ਨਸ਼ਾ ਮਨ ਨੂੰ ਚੜ੍ਹ ਗਿਆ।

*ਸਗਲ ਸਹੇਲੀ ਅਪਨੈ ਰਸ ਮਾਤੀ ॥*
*ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ ॥*
*ਮੁਸਨਹਾਰ ਪੰਚ ਬਟਵਾਰੇ ॥*
*ਸੂਨੇ ਨਗਰਿ ਪਰੇ ਠਗਹਾਰੇ ॥ ਅੰਗ - ੧੮੨*

ਕਹਿੰਦੇ ਜੇ ਤਾਂ ਕੋਈ ਜਾਗਦਾ ਹੋਵੇ ਤਾਂ, ਤਾਂ ਆਪਣੇ ਘਰ ਦੀ ਰਾਖੀ ਕਰ ਲਵੇ ਇਹ ਤਾਂ ਸੌਂ ਗਏ ਸਾਰੇ, ਤੇ ਚੋਰ ਲੁੱਟੀ ਜਾਂਦੇ ਨੇ।

*ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ*
*ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥ ਅੰਗ - ੬੦੦*

ਕਰਦੇ ਕੀ ਨੇ? -

*ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ*
*ਕੋਇ ਨ ਸੁਣੈ ਪੂਕਾਰਾ॥ ਅੰਗ - ੧੮੨*

ਆਹ ਹਾਲ ਸਾਡਾ ਹੋ ਰਿਹਾ ਹੈ।ਸਾਨੂੰ ਨੀਂਦ ਆਈ ਹੋਈ ਹੈ। ਉਹ ਨੀਂਦ ਅਸਲ ਦਾ ਨਹੀਂ ਪਤਾ ਲਗਣ ਦਿੰਦੀ। ਨਕਲ ਦੇ ਵਿਚ ਹੀ ਰੱਖ ਕੇ ਭਰਮ ਪੈ ਗਿਆ। ਪੰਜ ਕਿਸਮ ਦੇ ਭਰਮ ਹੁੰਦੇ ਨੇ, ਉਨ੍ਹਾਂ ਭਰਮਾਂ ਦੇ ਵਿਚ ਸਾਡੇ ਜਨਮ ਦਰ ਜਨਮ ਬੀਤਦੇ ਤੁਰੇ ਜਾ ਰਹੇ ਨੇ। ਮਹਾਰਾਜ ਕਹਿੰਦੇ-

*ਫਿਰਤ ਫਿਰਤ ਬਹੁਤੇ ਜੁਗ ਹਾਰਿਓ*
*ਮਾਨਸ ਦੇਹ ਲਹੀ ॥*
*ਨਾਨਕ ਕਹਤ ਮਿਲਨ ਕੀ*
*ਬਰੀਆ ਸਿਮਰਤ ਕਹਾ ਨਹੀ ॥ ਅੰਗ - ੬੩੧*

ਕਹਿੰਦੇ ਫਿਰਦੇ ਨੂੰ ਬਹੁਤ ਜੁਗ ਬੀਤ ਗਏ ਤੈਨੂੰ ਤੇ ਤੈਨੂੰ ਮਾਨਸ ਦੇਹ ਮਿਲ ਗਈ। ਸੁੱਤੇ ਪਏ ਨੂੰ, ਫਿਰਦੇ-ਫਿਰਦੇ ਨੂੰ ਮਨੁਖ ਦੀ ਦੇਹੀ ਮਿਲ ਗਈ। ਫੇਰ ਕੋਸ਼ਿਸ਼ ਕਰਦੇ ਨੇ ਕਿ ਹਾਕ ਦੇ ਕੇ ਇਹਨੂੰ ਜਗਾਓ। ਬਾਰ-ਬਾਰ ਮਹਾਤਮਾ ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ -

*ਧਾਰਨਾ - ਲੱਖਾਂ ਜਨਮ ਬੀਤ ਗਏ ਓ,*
*ਗਾਫਲਾ ਤੈਨੂੰ ਜਾਗ ਨ ਆਈ।*

ਅਜੇ ਵੀ ਤੂੰ ਉਪਦੇਸ਼ ਨਹੀਂ ਸੁਣਦਾ।

*ਫਰੀਦਾ ਕੂਕੇਦਿਆ ਚਾਂਗੇਦਿਆ*

*ਮਤੀ ਦੇਦਿਆ ਨਿਤ ॥*
*ਜੋ ਸੈਤਾਨਿ ਵੰਞਾਇਆ*
*ਸੇ ਕਿਤ ਫੇਰਹਿ ਚਿਤ ॥* *ਅੰਗ - ੧੩੭੮*

ਬੇਵਸ ਹੋ ਗਏ ਮਹਾਤਮਾ ਕਿ ਉਪਦੇਸ਼ ਦਿੰਦੇ-ਦਿੰਦੇ ਸਤਿ ਦੀ ਬਾਤ ਕਹਿੰਦੇ ਹਾਂ ਇਹ ਸੰਸਾਰ ਕਿਉਂ ਨਹੀਂ ਫੜਦਾ। ਅਖੀਰ ਮਹਾਤਮਾ ਬੁੱਧ ਨੇ ਵੀ ਇਹੀ ਗੱਲ ਕਹੀ। ਕਹਿਣ ਲੱਗੇ, ਹੋ ਕੀ ਗਿਆ ਸੰਸਾਰ ਨੂੰ। ਗੱਲ ਕਹਿੰਦੇ ਹਾਂ ਸੰਸਾਰ ਨੂੰ, ਜੇ ਪੈਸੇ ਟਕੇ ਦੀ ਕਹਿ ਦੇਈਏ ਫੇਰ ਮੰਨ ਲੈਂਦਾ ਹੈ। ਜੇ ਪ੍ਰਮੇਸ਼ਰ ਦੀ ਸਤਿ ਗੱਲ ਕਹੀਏ ਫੇਰ ਇਹ ਮੰਨਦਾ ਹੀ ਨਹੀਂ। ਕਹਿੰਦੇ ਮਾਰ ਦੇਵਤਾ ਹੈ ਉਹ ਨਹੀਂ ਮੰਨਣ ਦਿੰਦਾ। ਕੋਈ nagtive ਸ਼ਕਤੀ ਹੈ ਜਿਹੜੀ ਹੈ ਆਦਮੀ ਦੇ ਅੰਦਰ ਇਹ ਗੱਲਾਂ ਮੰਨਣ ਨਹੀਂ ਦਿੰਦੀ। ਅਸੀਂ ਕਹਿੰਦੇ ਹਾਂ ਕਿ ਇਹਦੇ ਮਨ ਦੇ ਅੰਦਰ ਕੋਈ ਐਸੀ ਬੁੱਧੀ ਹੈ ਛਿਪੀ ਹੋਈ ਜਿਹੜੀ ਕਿ ਸਤਿ ਬਚਨ ਜੋ ਗੁਰੂਆਂ ਦੇ ਨੇ ਉਹ ਮੰਨਣ ਨਹੀਂ ਦਿੰਦੀ। ਇਹਨੂੰ ਜਾਗ ਨਹੀਂ ਆਉਂਦੀ।

ਇਕ ਵਾਰੀ ਕ੍ਰਿਸ਼ਨ ਮਹਾਰਾਜ ਅਰਜਨ ਦੇ ਨਾਲ ਜਾ ਰਹੇ ਨੇ, ਜਾਂਦੇ-ਜਾਂਦੇ ਬਚਨ ਚਲਦੇ ਨੇ, ਰੂਹਾਨੀ ਤਾਂ ਆਪ ਨੇ ਫੁਰਮਾਇਆ ਕਿ ਹੇ ਅਰਜਨ! ਮੈਂ ਪਾਰਬ੍ਰਹਮ ਪ੍ਰਮੇਸ਼ਰ ਸਾਰੇ ਸੰਸਾਰ ਦਾ ਕਾਰਜ ਆਪਣੀ ਤ੍ਰਿਗੁਣੀ ਮਾਇਆ ਦੇ ਓਹਲੇ ਹੋ ਕੇ ਕਰਦਾ ਹਾਂ, ਛੁਪਿਆ ਹੋਇਆ ਹਾਂ ਮੈਂ, ਇਹ ਜੀਵ ਮੈਨੂੰ ਨਹੀਂ ਪਛਾਣ ਸਕਦੇ। ਮੇਰੀ ਮਾਇਆ ਦੇ ਵਿਚ ਉਲਝੇ ਰਹਿੰਦੇ ਨੇ। ਐਸੀ ਪ੍ਰਬਲ ਮਾਇਆ ਹੈ, ਇਸ ਤੋਂ ਛੁੱਟ ਨਹੀਂ ਸਕਦੇ, ਪਾਰਦਰਸ਼ੀ ਨਹੀਂ ਹੈ ਇਹ। ਇਨ੍ਹਾਂ ਦੀ ਸ਼ੇਰ ਦ੍ਰਿਸ਼ਟੀ ਨਹੀਂ ਹੈ, ਕੁੱਤਾ ਦ੍ਰਿਸ਼ਟੀ ਹੋਣ ਕਰਕੇ object ਦੇ ਨਾਲ ਇਹ ਫਸੇ ਰਹਿੰਦੇ ਨੇ। ਮੈਨੂੰ ਨਹੀਂ ਇਹ ਦੇਖ ਸਕਦੇ। ਮਾਇਆ ਬਹੁਤ ਪ੍ਰਬਲ ਹੈ। ਕਹਿਣ ਲੱਗਿਆ, ਮੈਨੂੰ ਵੀ ਦਿਖਾ ਦਿਓ ਮਹਾਰਾਜ। ਕਹਿੰਦੇ ਕੀ ਲੈਣਾ ਹੈ ਤੂੰ ਦੇਖ ਕੇ। ਕਹਿੰਦਾ, ਨਹੀਂ ਮਹਾਰਾਜ। ਟਾਲ ਦਿਤਾ ਕ੍ਰਿਸ਼ਨ ਮਹਾਰਾਜ ਨੇ। ਦੂਜੇ-ਤੀਜੇ ਦਿਨ ਫੇਰ ਜਾਂਦੇ ਨੇ, ਫੇਰ ਇਹੀ ਬਚਨ ਛਿੜ ਗਿਆ, ਕਹਿੰਦਾ ਮਹਾਰਾਜ! ਮੈਂ ਤਾਂ ਤੁਹਾਡੀ ਮਾਇਆ ਦੇਖਣੀ ਹੈ। ਕਹਿੰਦੇ ਦੇਖ ਅਰਜਨ! ਮਾਇਆ ਐਨੀ ਪ੍ਰਬਲ ਹੈ ਕਿ ਤੂੰ ਆਪਣੇ ਆਪ ਨੂੰ ਵੀ ਭੁੱਲ ਜਾਏਂਗਾ ਤੇ ਮੈਨੂੰ ਵੀ ਭੁੱਲ ਜਾਏਂਗਾ। ਹੱਸ ਪਿਆ। ਕਹਿਣ ਲੱਗਿਆ ਮਹਾਰਾਜ! ਕੁਛ ਹੋ ਜਾਵੇ, ਨਾ ਮੈਂ ਆਪਣੇ ਆਪ ਨੂੰ ਭੁੱਲਾਂ, ਨਾ ਮੈਂ ਤੁਹਾਨੂੰ ਭੁੱਲਾਂ। ਕਹਿੰਦੇ, ਅਸਲੀ ਸਰੂਪ ਤਾਂ ਇਕ ਪਾਸੇ ਰਹਿ ਗਿਆ, ਤੂੰ ਤਾਂ ਆਪਣੇ ਸਰੀਰ ਦਾ ਨਾਉਂ ਵੀ ਭੁੱਲ ਜਾਏਂਗਾ। ਜਦ ਤੂੰ ਆਪਣੇ ਆਪ ਨੂੰ ਹੀ ਭੁੱਲ ਗਿਆ, ਮੈਂ ਕਿਹੜੇ ਬਾਗ ਦੀ ਮੂਲੀ ਹਾਂ, ਕਹਿੰਦਾ ਨਹੀਂ ਮਹਾਰਾਜ ਇਹ ਕਦੇ ਨਹੀਂ ਹੋ ਸਕਦਾ, ਮੈਂ ਤੁਹਾਨੂੰ ਭੁੱਲਾਂ। ਕਹਿੰਦੇ, ਚੰਗਾ! ਨਾ ਦੇਖੇ ਮਾਇਆ ਤਾਂ ਚੰਗਾ ਹੈ। ਕਹਿੰਦਾ ਨਹੀਂ ਮਹਾਰਾਜ! ਕਹਿੰਦੇ ਅਰਜਨ! ਬਹੁਤ ਪ੍ਰਬਲ ਹੈ, ਸਾਰਾ ਸੰਸਾਰ, ਸਿੱਧ ਸਾਧਕ, ਦੇਵੀ ਦੇਵਤੇ, ਵੱਡੇ-ਵੱਡੇ ਸਭ ਮਾਇਆ ਦੇ ਵਿਚ ਭੁੱਲੇ ਪਏ ਨੇ ਤੇ ਕਿਸੇ ਨੂੰ ਹੋਸ਼ ਨਹੀਂ ਆ ਰਹੀ। ਤੂੰ ਕਾਹਨੂੰ ਹੱਠ ਕਰਦਾ ਹੈਂ। ਕਹਿੰਦਾ ਨਹੀਂ ਮਹਾਰਾਜ! ਮੈਂ ਤਾਂ ਮਾਇਆ ਦੇਖਣੀ ਚਾਹੁੰਦਾ ਹਾਂ। ਉਸ ਵੇਲੇ ਕਹਿੰਦੇ ਜਾਹ, ਪਾਣੀ ਲਿਆ। ਦਾਤਨ ਕਰ ਲਈਏ, ਦਾਤਨ ਕਰ ਲਈ, ਤੇ ਕੋਲ ਹੀ ਇਕ ਸਰੋਵਰ ਸੀ, ਬਰਤਨ ਲੈ ਲਿਆ, ਸਰੋਵਰ ਦੇ ਵਿਚ ਜਾ ਕੇ ਬਰਤਨ ਲੈ ਕੇ ਪਾਣੀ ਲੈਣ ਵਾਸਤੇ ਝੁਕਦਾ ਹੈ, ਮਾਇਆ ਪੈ ਗਈ। ਮਾਇਆ ਨੇ ਸਭ ਤੋਂ ਪਹਿਲਾਂ ਸਾਰਾ ਹੀ ਦ੍ਰਿਸ਼ ਗੁੰਮ ਕਰ ਦਿਤਾ, ਜਿੰਨਾ ਕੁਛ ਦੇਖਦਾ ਸੀ, ਨਾ ਕ੍ਰਿਸ਼ਨ ਮਹਾਰਾਜ ਨੇ, ਨਾ ਉਹ ਸਰੋਵਰ ਹੈ, ਭੁੱਲ ਗਿਆ ਕਿ ਮੈਂ ਪਾਣੀ ਲੈਣ ਵਾਸਤੇ ਆਇਆ ਸੀ। ਕੀ ਦੇਖਦਾ ਹੈ, ਸਾਮ੍ਹਣੇ ਸ਼ੇਰ ਤੁਰਿਆ ਆਉਂਦਾ ਹੈ, ਦੇਖ ਕੇ ਆਪਣਾ ਆਲਾ-ਦੁਆਲਾ ਦੇਖਦਾ ਹੈ ਕਿ ਧਨੁਸ਼ ਮੇਰਾ ਕਿਥੇ ਚਲਿਆ ਗਿਆ। ਇਥੇ ਕ੍ਰਿਸ਼ਨ ਮਹਾਰਾਜ ਸੀ ਕਿੱਥੇ ਚਲੇ ਗਏ। ਉਹ ਹਾਕਾਂ ਮਾਰਦਾ ਹੈ, ਉਧਰੋਂ ਜਵਾਬ ਕੋਈ ਨਹੀਂ ਆਉਂਦਾ। ਅੱਗੇ ਜਾ ਕੇ ਦਰਖਤ 'ਤੇ ਚੜ੍ਹ ਗਿਆ। ਦਰਖਤ 'ਤੇ ਚੜ੍ਹਦਾ ਹੈ ਇਕ ਸੱਪ ਚਲ ਰਿਹਾ ਹੈ, ਬੜਾ ਵੱਡਾ। ਮੂੰਹ ਅੱਡੀ ਬੈਠਾ ਹੈ। ਫਿਕਰ ਪੈ ਗਿਆ, ਦੂਸਰੇ ਦਰਖਤ 'ਤੇ ਪਹੁੰਚ ਗਿਆ, ਟਾਹਣਾ ਫੜ ਕੇ। ਹਾਕਾਂ ਮਾਰੀ ਜਾਂਦਾ ਹੈ ਕਿ ਹੇ ਪ੍ਰਭੂ! ਤੂੰ ਕਿਥੇ ਚਲਿਆ ਗਿਆ। ਮੇਰੇ ਨਾਲ ਸੀ, ਆਹ ਕੀ ਹੋ ਗਿਆ ਮੈਨੂੰ, ਭੁੱਲ ਗਿਆ ਕਿ ਮੇਰੇ 'ਤੇ ਮਾਇਆ ਪੈ ਰਹੀ ਹੈ। ਤਿੰਨ ਦਿਨ, ਤਿੰਨ ਰਾਤਾਂ ਉਸ ਜੰਗਲ ਦੇ ਵਿਚ ਵਿਆਕੁਲ ਹੋਇਆ, ਡਰਦਾ, ਦਰਖਤਾਂ 'ਤੇ ਸੌਂ ਕੇ ਐਹੋ ਜਿਹਾ ਮਾੜਾ ਹਾਲ ਹੋ ਗਿਆ, ਰੋਈ ਜਾਂਦਾ ਹੈ। ਕੋਈ ਥਹੁ ਪਤਾ ਨਹੀਂ ਲਗਦਾ, ਕਿਉਂਕਿ ਸਮਾਂ ਬਦਲ ਦਿਤਾ। ਸਤਿਪੁਰਸ਼ਾਂ ਦੇ ਹੱਥ ਵਿਚ ਹੁੰਦਾ ਹੈ ਪਿਛਲਾ ਸਮਾਂ ਲਿਆ ਦੇਣਾ। ਹੁਣ ਵਾਲਾ ਚੱਲਣ ਦੇਣਾ ਤੇ ਜਿਹੜਾ ਹੁਣ ਤੋਂ ਹਜ਼ਾਰ ਸਾਲ ਨੂੰ ਆਉਣਾ ਹੈ, ਉਹ ਸਮਾਂ ਲੈ ਆਉਣਾ। ਉਨ੍ਹਾਂ ਨੂੰ ਕੋਈ ਔਖੀ ਬਾਤ ਨਹੀਂ ਹੁੰਦੀ। ਕੋਈ-ਕੋਈ ਮਹਾਂਪੁਰਸ਼ ਹੈ ਜਿਹੜਾ ਸਮੇਂ ਨੂੰ ਅੱਗੇ-ਪਿੱਛੇ ਕਰ ਲੈਂਦਾ ਹੈ, ਖਿੱਚ ਵੀ ਲੈਂਦਾ ਹੈ। ਦਿਖਾ ਦਿੰਦਾ ਹੈ ਕਿ ਤੇਰੇ ਨਾਲ ਐਉਂ ਭਾਣਾ ਵਰਤਣਾ ਹੈ।

ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਜੀ ਦੇ ਕੋਲ ਇਕ ਰਾਜਾ ਆਇਆ ਮੰਡੀ ਸਕੇਤ ਦਾ, ਉਥੇ ਆਇਆ ਤਾਂ ਉਸ ਵੇਲੇ ਵਿਚਾਰ ਚਲ ਰਹੀ ਸੀ ਕਿ -

*ਲੇਖੁ ਨ ਮਿਟਈ ਹੇ ਸਖੀ*
*ਜੋ ਲਿਖਿਆ ਕਰਤਾਰਿ ॥* *ਅੰਗ - ੯੩੭*

ਇਹ ਮਾਇਆ ਲੈ ਕੇ ਆਏ ਸੀ ਗੁਰੂ ਸਾਹਿਬ ਦੀ ਭੇਟਾ ਕਰਨ ਵਾਸਤੇ। ਮਾਇਆ ਭੇਟ ਕਰਨ ਤੋਂ ਬਾਅਦ, ਇਹਦੇ ਬੁੱਧੀਵਾਨ ਮੱਤ ਨੇ ਵਿਚਾਰ ਕੀਤਾ ਕਿ ਜੇ ਲੇਖ ਨਹੀਂ ਮਿਟਦਾ, ਫੇਰ ਗੁਰੂ ਕੋਲ ਆ ਕੇ ਮੱਥੇ ਟੇਕਣ ਦਾ ਕੀ ਫਾਇਦਾ ਹੈ। ਉਸ ਵੇਲੇ ਇਹ ਵਿਚਾਰ ਆਉਣ ਦੇ ਨਾਲ, ਜਾਣ ਦੀ ਤਿਆਰੀ ਕਰ ਲਈ ਕਿ ਫੇਰ ਇਥੇ ਗੁਰੂਆਂ ਕੋਲ ਬੈਠਣ ਦਾ ਕੀ ਫਾਇਦਾ ਹੈ

ਜੇ ਲੇਖ ਹੀ ਨਹੀਂ ਮਿਟਣੇ। ਮਹਾਰਾਜ ਨੇ ਜਾਣ ਲਿਆ, ਕਹਿਣ ਲੱਗੇ ਰਾਜਨ! ਜਾਣਾ ਨਹੀਂ ਹੈ। ਤੁਹਾਨੂੰ ਦੱਸਾਂਗੇ, ਆਗਿਆ ਦੇਵਾਂਗੇ। ਸੋ ਆਗਿਆ ਮੰਨ ਲਈ, ਰਾਤ ਨੂੰ ਸੌਂ ਗਿਆ। ਰਾਤ ਨੂੰ ਸੁੱਤੇ ਪਏ ਨੂੰ ਕੀ ਦੇਖਦਾ ਹੈ ਕਿ ਸਰੀਰ ਛੱਡ ਦਿਤਾ। ਸਰੀਰ ਛੱਡ ਕੇ ਨਵੇਂ ਘਰ ਜਾ ਕੇ ਜਿਨ੍ਹਾਂ ਦੇ ਜਨਮਿਆ, ਉਹ ਮਲਮੂਤਰ ਚੁਕਦੇ ਸੀ ਲੋਕਾਂ ਦਾ। ਗੋਹਾ ਚੁਕਦੇ ਸੀ। ਉਹ ਜਵਾਨ ਹੋਇਆ ਉਥੇ ਤੇ ਨਾਲ ਕਿਸੇ ਦੇ ਕਾਮਾ ਲਗ ਗਿਆ, ਵਿਆਹ ਹੋ ਗਿਆ, ਬੱਚੇ ਹੋ ਗਏ ਕਈ। ਉਸ ਤੋਂ ਬਾਅਦ ਉਹ ਰਾਜਾ ਸਾਰੀ ਜ਼ਿੰਦਗੀ ਭੋਗਣ ਤੋਂ ਬਾਅਦ ਮਰ ਜਾਂਦਾ ਹੈ, ਮਰਨ ਤੋਂ ਬਾਅਦ ਦੇਖਦਾ ਹੈ ਕਿ ਮੇਰੇ ਸਰੀਰ ਨੂੰ ਚੁੱਕੀ ਜਾਂਦੇ ਨੇ। ਫਲਾਣੇ ਥਾਂ ਜਾ ਕੇ ਦੱਬ ਦਿਤਾ ਜਦੋਂ ਮਿੱਟੀ ਪਾ ਦਿਤੀ, ਇਧਰ ਜਾਗ ਆ ਗਈ। ਦਹਿਲ ਗਿਆ, ਦਿਲ ਨਹੀਂ ਲਗਦਾ ਕਿ ਆਹ ਕੀ ਹੋਇਆ। ਉਹ ਅੱਖਾਂ ਦੇ ਸਾਮ੍ਹਣੇ ਸਾਰਾ ਦ੍ਰਿਸ਼ ਉਵੇਂ ਜਿਵੇਂ ਘੁੰਮਦਾ ਹੈ। ਪਿਆਰ ਆਉਂਦਾ ਹੈ ਉਨ੍ਹਾਂ ਬੱਚਿਆਂ ਦਾ ਜਿਹੜੇ ਸੁਪਨੇ ਵਾਲੇ ਸੀ। ਖਿੱਚ ਪੈਂਦੀ ਹੈ, ਮੋਹ ਵਿਚ ਹੈ। ਜਦ ਉਹ ਜਨਮ ਦੇਖਦਾ ਹੈ ਫੇਰ ਕੰਬ ਜਾਂਦਾ ਹੈ ਕਿ ਐਹੋ ਜਿਹਾ ਮੇਰਾ ਮਾੜਾ ਹਾਲ ਹੋਇਆ। ਐਹੋ ਜਿਹੇ ਕੰਮ ਮੈਂ ਕਰੇ, ਅਖੀਰ ਉਦਾਸ ਹੋਇਆ ਬੈਠਾ ਹੈ, ਸੁਨੇਹਾ ਆ ਗਿਆ ਗੁਰੂ ਮਹਾਰਾਜ ਦਾ ਕਿ ਰਾਜਨ! ਅੱਜ ਬਾਹਰ ਚੱਲਣਾ ਹੈ। ਘੋੜਿਆਂ 'ਤੇ ਸਵਾਰ ਹੋ ਗਏ, ਬਾਹਰ ਜਾ ਰਹੇ ਨੇ, ਹਰਨ ਨਿਕਲਿਆ 'ਤੇ ਰਾਜੇ ਨੇ ਘੋੜਾ ਪਿੱਛੇ ਲਾ ਲਿਆ। ਪਿੱਛੇ ਲਾ ਲਿਆ ਤੇ ਬਹੁਤ ਦੂਰ ਚਲਿਆ ਗਿਆ। ਉਥੇ ਜਾ ਕੇ ਕੀ ਦੇਖਦਾ ਹੈ, ਉਹ ਜਿਹੜੇ ਰਾਤ ਨੂੰ ਸੁਪਨੇ ਵਿਚ ਦੇਖੇ ਸੀ ਦਰਖਤ, ਖੇਤ, ਖੂਹ, ਟੋਭੇ; ਉਹ ਸਾਰੇ ਦੇ ਸਾਰੇ ਉਵੇਂ ਨਜ਼ਰ ਆਉਂਦੇ ਨੇ, ਭੰਮੱਤਰ ਗਿਆ ਦੇਖ ਕੇ, ਆਹ ਤਾਂ ਓਹੀ ਸੁਪਨੇ ਵਾਲੀ ਜਗ੍ਹਾ ਹੈ ਜਿਹੜਾ ਰਾਤ ਮੈਨੂੰ ਆਇਆ ਸੀ, ਇਹ ਤਾਂ ਪ੍ਰਤੱਖ ਹੈ, ਪਿੰਡ ਵਲ ਨੂੰ ਚਲਿਆ ਗਿਆ, ਉਥੇ ਇਸ ਦੇ ਬੱਚੇ ਖੇਲ੍ਹਦੇ ਫਿਰਦੇ ਸੀ। ਘਰ ਵਿਚ ਰੋਣਾ ਪਿਟਣਾ ਪਿਆ ਹੋਇਆ ਸੀ, ਬਾਹਰ ਸੀ ਛੋਟੇ ਬੱਚੇ; ਇਕ ਦਮ ਦੇਖ ਲਿਆ, ਘੋੜਾ ਬੰਨ੍ਹ ਕੇ ਇਹ ਆਰਾਮ ਕਰਨ ਲਗ ਗਿਆ, ਬੱਚਾ ਆ ਗਿਆ ਆ ਕੇ ਕਹਿਣ ਲੱਗਿਆ, ਬਾਪੂ! ਘੋੜਾ ਕਿੱਥੋਂ ਲੈ ਆਇਆ। ਇਹ ਹੈਰਾਨ ਹੁੰਦਾ ਹੈ, ਕਹਿੰਦਾ ਬੱਚਾ ਮੇਰਾ ਹੀ ਹੈ। ਉਹ ਬੱਚਾ ਪਿਆਰ ਕਰਦਾ ਹੈ, ਇਹ ਉਹਨੂੰ ਦੂਰ ਕਰਦਾ ਹੈ, ਉਹ ਕਹਿੰਦਾ ਦੂਰ ਕਿਉਂ ਮੈਨੂੰ ਕਰੀਂ ਜਾਂਦਾ ਹੈਂ ਤੂੰ, ਤੂੰ ਕਿਥੇ ਚਲਿਆ ਗਿਆ ਸੀ? ਘਰ ਤਾਂ ਸਾਰੇ ਰੋਂਦੇ ਨੇ, ਨੱਠ ਕੇ ਜਾ ਕੇ ਘਰ ਦੱਸ ਦਿਤਾ। ਪਿੰਡ 'ਚ ਰੌਲਾ ਪੈ ਗਿਆ, ਸਾਰਾ ਪਿੰਡ ਇਕੱਠਾ ਹੋ ਗਿਆ, ਰਾਜਾ ਘੇਰ ਲਿਆ। ਘਰਵਾਲੀ ਕਹਿੰਦੀ, ਤੂੰ ਐਨਾ ਧੋਖਾ ਦਿਤਾ, ਘੋੜਾ ਕਿਥੋਂ ਲੈ ਆਇਆ। ਹੀਰੇ ਜਵਾਰਾਤ ਕਿੱਥੋਂ ਪਾ ਲਏ, ਚੋਰੀ ਕਰਨ ਗਿਆ ਸੀ, ਮਰਨ ਦਾ ਬਹਾਨਾ ਕਰਕੇ, ਤੈਨੂੰ ਕੀਹਨੇ ਕੱਢ ਲਿਆ ਵਿਚੋਂ ਕਬਰ ਦੇ। ਝਗੜਾ ਪਿਆ ਹੋਇਆ ਹੈ, ਲੋਕ ਖਹਿੜਾ ਨਹੀਂ ਛੱਡਦੇ, ਘੇਰਿਆ ਹੋਇਆ ਹੈ, ਬਥੇਰਾ ਕਹਿੰਦਾ ਹੈ ਕਿ ਮੈਂ ਰਾਜਾ ਹਾਂ, ਮੈਂ ਰਾਜਾ ਹਾਂ। ਕੋਈ ਨਹੀਂ ਮੰਨਦਾ, ਐਨੇ ਨੂੰ ਗੁਰੂ ਮਹਾਰਾਜ ਆ ਗਏ, ਆ ਕੇ ਕਹਿਣ ਲੱਗੇ, ਪਿਆਰਿਓ! ਰਾਜੇ ਨੂੰ ਕਿਉਂ ਘੇਰਿਆ ਹੈ? ਕਹਿੰਦੇ, ਸੱਚੇ ਪਾਤਸ਼ਾਹ! ਇਹ ਰਾਜਾ ਨਹੀਂ ਹੈ, ਇਹ ਤਾਂ ਸਾਡੇ ਪਿੰਡ ਦਾ ਫਲਾਣਾ ਬੰਦਾ ਹੈ, ਕੱਲ੍ਹ ਮਰਿਆ ਸੀ ਇਹ, ਪਾਖੰਡ ਕਰਕੇ ਪਤਾ ਨਹੀਂ ਕਿਵੇਂ ਨਿਕਲ ਗਿਆ। ਬੱਚੇ ਨੂੰ ਪਿਆਰ ਨਹੀਂ ਕਰਦਾ। ਮਹਾਰਾਜ ਜੀ ਨੇ ਰਾਜੇ ਵਲ ਦੇਖਿਆ, ਕਹਿੰਦੇ ਕਿਉਂ ਰਾਜਨ! ਕਹਿਣ ਲੱਗੇ, ਮਹਾਰਾਜ ਮੇਰੇ ਤਾਂ ਸਮਝ ਤੋਂ ਪਰ੍ਹੇ ਦੀ ਗੱਲ ਹੋ ਗਈ। ਪਰਿਵਾਰ ਮੇਰਾ ਹੀ ਹੈ ਇਹ, ਮੈਂ ਹੀ ਮਰਿਆ ਹਾਂ, ਹੋ ਕੀ ਗਿਆ, ਇਧਰ ਵੀ ਮੈਂ ਹਾਂ, ਓਧਰ ਵੀ ਮੈਂ ਹਾਂ। ਕ੍ਰਿਪਾ ਕਰੋ, ਮੈਨੂੰ ਛੁਡਾਓ ਇਥੋਂ। ਮਹਾਰਾਜ ਕਹਿਣ ਲੱਗੇ ਦੇਖੋ ਪ੍ਰੇਮੀਓ! ਤੁਹਾਡਾ ਬੰਦਾ ਮਰ ਗਿਆ ਨਾ, ਕਿਥੇ ਦਬਿਆ ਸੀ? ਕਹਿੰਦੇ ਜੀ ਉਥੇ। ਕਹਿੰਦੇ ਜੇ ਤਾਂ ਉਥੇ ਕਬਰ ਵਿਚ ਹੋਇਆ, ਫੇਰ ਤਾਂ ਇਹ ਰਾਜਾ ਹੀ ਹੈ, ਸ਼ਕਲਾਂ ਦੋ ਵੀ ਰਲ ਸਕਦੀਆਂ ਨੇ। ਉਸ ਵੇਲੇ ਮਹਾਰਾਜ ਕਹਿੰਦੇ ਕਬਰ ਪੁੱਟੋ। ਜਦੋਂ ਕਬਰ ਪੁੱਟੀ, ਤਾਂ ਵਿਚੋਂ ਕੱਢ ਲਿਆ। ਸਾਰੇ ਹੈਰਾਨ, ਕਹਿੰਦੇ ਇਹਦੇ ਤਾਂ ਨਕਸ਼ ਸਾਰੇ ਹੀ ਇਹਦੇ ਨਾਲ ਰਲਦੇ ਨੇ। ਅਖੀਰ ਸਾਰਿਆਂ ਨੇ ਨਮਸ਼ਕਾਰ ਕਰ ਦਿਤੀ। ਵਾਪਸ ਆ ਗਏ, ਬੜਾ ਹੈਰਾਨ ਹੋ ਰਿਹਾ ਹੈ।

ਮਹਾਰਾਜ ਕਹਿੰਦੇ, ਰਾਜਨ! ਤੇਰੇ ਮਨ ਵਿਚ ਕੀ ਗੱਲ ਆਈ ਸੀ, ਜਦ ਤੂੰ ਨਮਸ਼ਕਾਰ ਕਰੀ ਸੀ ਤੇ ਮਾਇਆ ਭੇਟ ਕਰੀ ਸੀ? ਸੱਚੇ ਪਾਤਸ਼ਾਹ! ਤੁਸੀਂ ਪੜ੍ਹ ਰਹੇ ਸੀ –

***ਲੇਖੁ ਨ ਮਿਟਈ ਹੇ ਸਖੀ***
***ਜੋ ਲਿਖਿਆ ਕਰਤਾਰਿ ॥*** ***ਅੰਗ – ੯੩੭***

ਮੇਰੇ ਮਨ ਵਿਚ ਆਈ ਕਿ ਜੇ ਲੇਖ ਨਹੀਂ ਮਿਟਦਾ, ਤਾਂ ਫੇਰ ਗੁਰੂਆਂ ਨੂੰ ਨਮਸ਼ਕਾਰਾਂ ਕਰਨ ਦਾ ਕੀ ਫਾਇਦਾ? ਕਹਿੰਦੇ, ਰਾਜਨ! ਸੰਤ, ਗੁਰੂ ਉਹ ਹੁੰਦੇ ਨੇ; ਪ੍ਰਮੇਸ਼ਰ ਆਪਣੀ ਕੀਤੀ ਮੇਟ ਨਹੀਂ ਸਕਿਆ ਕਰਦਾ, veeto power ਸੰਤਾਂ ਕੋਲ ਹੈ –

***ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ***
***ਓਇ ਰਾਮ ਨਾਮ ਰੰਗਿ ਰਾਤੇ ॥***
***ਤਿਨ੍ ਕੀ ਸੋਭਾ ਸਭਨੀ ਥਾਈ***
***ਜਿਨ੍ ਪ੍ਰਭ ਕੇ ਚਰਣ ਪਰਾਤੇ ॥*** ***ਅੰਗ – ੭੪੮***

ਪ੍ਰਭੂ ਦੀ ਕੀਤੀ ਤਾਂ ਮੇਟ ਨਹੀਂ ਸਕਦੇ ਪਰ ਉਹ ਸੂਲੀ ਦੀ, ਸੂਲ ਬਣਾ ਦਿੰਦੇ ਨੇ। ਕਹਿੰਦੇ, ਤੂੰ ਠੀਕ **40** ਸਾਲ ਇਸੇ ਤਰ੍ਹਾਂ ਦੇ ਨਾਲ ਭੁਗਤਣੇ ਸੀ। ਤਾਂ ਆ ਕੇ ਸਤਿਸੰਗ ਕਰੀ। ਸਤਿਸੰਗ ਦਾ ਫਲ ਇਹ ਹੋਇਆ ਕਿ ਤੇਰਾ ਉਹ ਲੇਖ ਕੇਵਲ ਸੁਪਨੇ ਮਾਤਰ ਚਲਿਆ ਗਿਆ। ਜਿਹੜੀ ਗੱਲ ਅੱਜ ਤੋਂ 40 ਸਾਲ ਬਾਅਦ ਹੋਣੀ ਸੀ, ਸੁਪਨੇ ਦੇ ਵਿਚ ਉਹ ਸਮਾਂ ਖਿੱਚ ਕੇ ਅੱਗੇ ਕਰਕੇ ਤੇਰਾ ਕਰਮ ਕੱਟ ਦਿਤਾ। ਸੋ ਜੋ ਮਹਾਂਪੁਰਸ਼ ਹੋਇਆ ਕਰਦੇ ਨੇ, ਸਮਾਂ ਖਿੱਚ ਲਿਆ ਕਰਦੇ ਨੇ।

ਸੋ ਇਸੇ ਤਰ੍ਹਾਂ ਕ੍ਰਿਸ਼ਨ ਮਹਾਰਾਜ ਨੇ ਸਮਾਂ ਖਿੱਚ ਲਿਆ,

ਉਥੇ ਬਾਹਰ ਚਲਿਆ ਗਿਆ, ਬਉਰਾ ਹੋਇਆ ਫਿਰਦਾ ਹੈ। ਕਿਸੇ ਨੇ ਪੁਛਿਆ ਪ੍ਰੇਮੀਆਂ! ਕੀ ਗੱਲ? ਤੂੰ ਰੋਈ ਜਾਂਦਾ ਹੈਂ? ਕਹਿੰਦਾ, ਮੇਰੇ ਨਾਲ ਕ੍ਰਿਸ਼ਨ ਮਹਾਰਾਜ ਸੀਗੇ, ਤੇ ਮੈਨੂੰ ਪਤਾ ਨਹੀਂ ਲਗਦਾ ਉਹ ਕਿੱਥੇ ਚਲੇ ਗਏ? ਉਹ ਹੈਰਾਨ ਹੋ ਗਿਆ, ਕਹਿਣ ਲੱਗਿਆ, ਪ੍ਰੇਮੀਆਂ! ਕੋਈ ਦਿਮਾਗ ਵਿਚ ਤੇਰੇ ਗੜਬੜ ਤਾਂ ਨਹੀਂ? ਕਹਿੰਦਾ, ਕ੍ਰਿਸ਼ਨ ਮਹਾਰਾਜ ਨੂੰ ਹੋਇਆਂ ਨੂੰ ਪੂਰੇ ਤਿੰਨ ਸੌ ਸਾਲ ਹੋ ਚੁੱਕੇ। ਉਨ੍ਹਾਂ ਦਾ ਜੋ ਲੜਕਾ ਸੀ ਅਭਿਮਨਯੂੰ ਉਹ ਜੰਗ ਦੇ ਵਿਚ ਸ਼ਹੀਦ ਹੋ ਗਿਆ ਸੀ, ਉਸ ਤੋਂ ਬਾਅਦ ਆਪਣੇ ਪੋਤੇ ਨੂੰ, ਰਾਜਾ ਪ੍ਰੀਸ਼ਦ ਨੂੰ ਰਾਜ ਦੇ ਕੇ ਉਹ ਤਾਂ ਹਿਮਾਲੀਆਂ ਪਰਬਤ ਚਲੇ ਗਏ ਸੀ ਤਪ ਕਰਨ, ਉਥੋਂ ਵਾਪਸ ਨਹੀਂ ਆਏ। ਉਨ੍ਹਾਂ ਦਾ ਜਿਹੜਾ ਪੋਤਾ ਸੀ ਉਸ ਤੋਂ ਅੱਗੇ ਜਨਮੇਜਾ ਹੋਇਆ, ਹੁਣ ਜਨਮੇਜੇ ਦਾ ਪੁੱਤਰ ਰਾਜ ਕਰ ਰਿਹਾ ਹੈ। ਕਿੰਨੀਆਂ ਪੁਸ਼ਤਾਂ ਲੰਘ ਗਈਆਂ ਤੇ ਤੂੰ ਗੱਲ ਕਰਦਾ ਹੈਂ, ਕ੍ਰਿਸ਼ਨ ਮਹਾਰਾਜ ਦੀ। ਉਹ ਤਾਂ ਛੱਡ ਗਏ ਨੇ ਸਰੀਰ, ਬੱਧਕ ਨੇ ਬਾਣ ਮਾਰਿਆ ਸੀ। ਜੇ ਤੈਨੂੰ ਨਹੀਂ ਇਤਬਾਰ ਆਉਂਦਾ, ਚਲ ਪਿੰਡ ਕਥਾ ਹੋ ਰਹੀ ਹੈ। ਉਥੇ ਗਿਆ ਤਾਂ ਕਥਾ ਹੋ ਰਹੀ ਸੀ ਮਹਾਂਭਾਰਤ ਦੀ। ਅਰਜਨ ਦੀਆਂ ਗੱਲਾਂ ਹੋ ਰਹੀਆਂ ਸੀ। ਉਹ ਕਹਿੰਦਾ ਇਥੇ ਨਾ ਕਹੀਂ ਰਾਜਾ ਤੈਨੂੰ ਕੈਦ ਕਰ ਦਵੇਗਾ। ਅਰਜਨ ਨੂੰ ਗਏ ਨੂੰ ਤਾਂ ਐਨਾ ਚਿਰ ਹੋ ਗਿਆ, ਤੂੰ ਕਿਥੋਂ ਅਰਜਨ ਆ ਗਿਆ? ਸ਼ੱਕ ਪੈ ਗਿਆ ਉਹਨੂੰ, ਕਹਿੰਦਾ ਅਰਜਨ ਨਾ ਆਪਣਾ ਨਾਂ ਰੱਖੀਂ, ਪ੍ਰਦੇਸੀ ਤੂੰ ਹੈਗਾ, ਪ੍ਰਦੇਸੀ ਕਹਿ ਦਿਆ ਕਰ। ਜਦ ਰਾਜੇ ਨਾਉਂ ਪੁਛਿਆ, ਤਾਂ ਕਹਿੰਦਾ ਮੈਂ ਪ੍ਰਦੇਸੀ। ਰਾਜੇ ਨੇ ਆਪਣੀ ਫੌਜ 'ਚ ਰੱਖ ਲਿਆ। ਉਸਦੇ ਕਰਤੱਬ ਦੇਖ ਕੇ ਫੌਜਾਂ ਦਾ ਜਰਨੈਲ ਬਣਾ ਦਿਤਾ। ਆਪਣੀ ਲੜਕੀ ਦੀ ਸ਼ਾਦੀ ਕਰ ਦਿਤੀ। ਐਸਾ ਭੋਗਾਂ ਦੇ ਵਿਚ ਪ੍ਰਵਿਰਤ ਹੋਇਆ, ਪ੍ਰਮੇਸ਼ਰ ਨੂੰ ਭੁੱਲ ਗਿਆ, ਕ੍ਰਿਆਕਰਮ ਭੁੱਲ ਗਿਆ, ਨਿਤਨੇਮ ਭੁੱਲ ਗਿਆ ਤੇ ਗਲਤ ਕੰਮਾਂ ਦੇ ਵਿਚ ਪੈ ਗਿਆ ਜੇ ਕੋਈ ਕ੍ਰਿਸ਼ਨ ਦੀ ਗੱਲ ਕਰਦਾ ਹੈ ਤਾਂ ਨਰਾਜ਼ ਹੋ ਜਾਂਦਾ ਹੈ। ਰਾਜਾ ਸੀ ਕ੍ਰਿਸ਼ਨ ਭਗਤ। ਗੱਲ ਨਾ ਸੁਣਿਆ ਕਰੇ। ਅਖੀਰ ਜਿਹੜੀ ਘਰਵਾਲੀ ਸੀ ਉਹ ਚੜ੍ਹਾਈ ਕਰ ਗਈ। ਚੜ੍ਹਾਈ ਕਰੀ ਤਾਂ ਜਦੋਂ ਉਹਦਾ ਸਸਕਾਰ ਕਰਨ ਲੱਗੇ ਤਾਂ ਕਹਿੰਦਾ ਮੈਂ ਤਾਂ ਨਾਲ ਹੀ ਜਾਣਾ ਹੈ ਇਹਦੇ, ਬਥੇਰਾ ਹਟਾਉਂਦੇ ਨੇ, ਨਹੀਂ ਸਮਝਦਾ। ਅਖੀਰ ਕ੍ਰਿਸ਼ਨ ਮਹਾਰਾਜ ਨੇ ਊਧੋ ਨੂੰ ਕਿਹਾ ਕਿ ਤੂੰ ਸਮਝਾ ਜਾ ਕੇ। ਉਹ ਊਧੋ ਜਦ ਸਮਝਾਉਣ ਲੱਗਿਆ ਤਾਂ ਕਹਿੰਦਾ ਤੈਨੂੰ ਤਾਂ ਮੈਂ ਜਾਣਦਾ ਹੀ ਨਹੀਂ। ਕਹਿੰਦਾ, ਅਰਜਨ! ਮੈਂ ਕ੍ਰਿਸ਼ਨ ਦਾ ਸਖਾ ਹਾਂ, ਮਿਤਰ ਹਾਂ। ਕਹਿੰਦਾ, ਕਿਹੜੇ ਕ੍ਰਿਸ਼ਨ ਨੇ, ਕ੍ਰਿਸ਼ਨ ਨੂੰ ਹੋਏ ਨੂੰ ਤਾਂ 300 ਸਾਲ ਲੰਘ ਗਏ। ਸਾਡੇ ਰੋਜ਼ ਕਥਾ ਹੁੰਦੀ ਹੈ, ਕਹਿੰਦਾ ਕਮਲਾ ਤਾਂ ਨਹੀਂ ਤੂੰ ਕਿਤੋਂ ਆ ਗਿਆ। ਜਦ ਉਹਦਾ ਵੀ ਕਿਹਾ ਨਾ ਮੰਨਿਆ ਤਾਂ ਕ੍ਰਿਸ਼ਨ ਮਹਾਰਾਜ ਨੇ ਆ ਕੇ ਕਹਿਣ ਲੱਗੇ ਅਰਜਨ! ਦੇਖ, ਮੋਹ ਵਸ ਨਹੀਂ ਹੋਈਦਾ, ਤੈਨੂੰ ਕਿੰਨਾ ਉਪਦੇਸ਼ ਦਿਤਾ ਸੀ, ਉਹ ਕਿਥੇ ਗਿਆ ਤੇਰਾ ਬ੍ਰਹਮਗਿਆਨ, ਜਿਹੜਾ ਤੈਨੂੰ ਦਿਤਾ ਸੀ। ਹੱਸਣ ਲਗ ਗਿਆ, ਕਹਿੰਦਾ ਤੂੰ ਕਿਥੋਂ ਆ ਗਿਆ, ਉਨ੍ਹਾਂ ਨੂੰ ਤਾਂ ੩੦੦ ਸਾਲ ਹੋ ਗਏ, ਸਰੀਰ ਵੀ ਛੱਡ ਗਏ। ਕਹਿੰਦੇ, ਅਰਜਨ! ਮੈਂ ਤੇਰੇ ਤੇ ਮਾਇਆ ਪਾਈ ਹੋਈ ਹੈ। ਨਹੀਂ ਮੰਨਦਾ। ਕਹਿੰਦੇ, ਅਰਜਨ! ਤੈਨੂੰ ਮੈਂ ਕਿਹਾ ਸੀ ਨਾ ਕਿ ਇਹ ਮਾਇਆ ਐਨੀ ਪ੍ਰਬਲ ਹੈ ਕਿ ਵਾਹਿਗੁਰੂ ਹਰੇਕ ਦੇ ਨਾਲ ਰਹਿੰਦਾ ਹੈ -

*ਜਹ ਜਹ ਪੇਖਉ ਤਹ ਹਜੂਰਿ*
*ਦੂਰਿ ਕਤਹੁ ਨ ਜਾਈ ॥ ਅੰਗ - ੬੭੭*

ਇਹ ਤਾਂ ਬ੍ਰਹਮ ਵਾਕ ਨੇ, ਬਈ ਜਿਧਰ ਵੀ ਮੈਂ ਦੇਖਦਾ ਹਾਂ ਓਧਰ ਵਾਹਿਗੁਰੂ ਹੀ ਵਾਹਿਗੁਰੂ ਹੈ -

*ਰਵਿ ਰਹਿਆ ਸਰਬਤ੍ਰ ਮੈ*
*ਮਨ ਸਦਾ ਧਿਆਈ ॥੧॥*
*ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ ॥*
*ਬਿਨਸਿ ਜਾਇ ਜੋ ਨਿਮਖ ਮਹਿ*
*ਸੋ ਅਲਪ ਸੁਖੁ ਭਨੀਐ ॥ ਰਹਾਉ ॥*
*ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ ॥*
*ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ ॥*
*ਅੰਗ - ੬੭੭*

*ਸੋ ਅੰਤਰਿ ਸੋ ਬਾਹਰਿ ਅਨੰਤ ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ ॥*
*ਅੰਗ - ੨੯੩*

ਕਹਿਣ ਲੱਗੇ, ਭੁੱਲ ਗਏ। ਅਸੀਂ ਵੀ ਭੁੱਲੇ ਬੈਠੇ ਹਾਂ, ਅਸੀਂ ਬਿਲਕੁਲ ਨਹੀਂ ਗੁਰੂ ਮਹਾਰਾਜ ਦੇ ਬਚਨ ਤੇ ਪਹਿਰਾ ਦਿੰਦੇ, ਪਹਿਰਾ ਕੀ ਦੇਣਾ ਹੈ, ਕਿਉਂਕਿ ਮਾਇਆ ਦਾ ਅਸਰ ਪਿਆ ਹੋਇਆ ਹੈ। ਕਿਉਂਕਿ ਮਾਇਆ ਦਾ ਕੰਮ ਹੀ ਜੀਵ ਨੂੰ ਭੁਲਾਉਣਾ ਹੈ -

*ਧਾਰਨਾ - ਤੁਮਰੇ ਚਰਨ ਵਿਸਾਰੇ ਜੀ,*

*ਇਨਿ ਮਾਇਆ ਜਗਦੀਸ ਗੁਸਾਈ*
*ਤੁਮ੍ਰੇ ਚਰਨ ਬਿਸਾਰੇ ॥*
*ਕਿੰਚਤ ਪ੍ਰੀਤਿ ਨ ਉਪਜੈ*
*ਜਨ ਕਉ ਜਨ ਕਹਾ*
*ਕਰਹਿ ਬੇਚਾਰੇ ॥ ਅੰਗ - ੮੫੭*

ਮਾਇਆ ਉਹਨੂੰ ਕਹਿੰਦੇ ਨੇ, ਜਿਹੜੇ illusion ਕਹਿੰਦੇ ਨੇ ਅੰਗ੍ਰੇਜ਼ੀ ਵਿਚ। egnorance, ਭੁੱਲ, ਅਵਿਦਿਆ; ਹੁਣ ਐਨੀ ਅਵਿਦਿਆਂ ਤੇ ਭੁੱਲ ਪੈ ਗਈ, ਵਾਹਿਗੁਰੂ ਤਾਂ ਇਹਦੇ ਨਾਲ ਰਹਿੰਦਾ, ਪਹਿਲਾਂ ਤਾਂ ਇਹ ਅੱਡ ਹੋ ਕੇ ਜੀਵ ਬਣਿਆ ਹੈ। ਦਰਅਸਲ ਹੈ ਨਹੀਂ ਇਹ ਇਕ ਝੂਠਾ, ਜਿਵੇਂ ਪਰਛਾਵਾਂ ਹੁੰਦਾ ਹੈ, ਪਰਛਾਵੇਂ ਨੂੰ ਆਪਣਾ ਮੰਨ ਲਿਆ ਇਹਨੇ -

*ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ ॥*

*ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ ॥*
*ਅੰਗ - ੫੫੦*

ਪਰਛਾਵਾਂ ਬਣ ਗਿਆ ਆਪ ਤੇ ਜਿਹੜਾ ਸਾਖੀ ਸੀ ਅਸਲੀ ਹੈ ਸਰੀਰ ਦੇ ਵਿਚ। ਜਿਹਨੂੰ ਆਤਮਾ ਕਹਿੰਦੇ ਨੇ ਉਹਨੂੰ ਭੁੱਲ ਗਿਆ, ਆਪਣੇ ਆਪ ਨੂੰ ਭੁੱਲ ਗਿਆ। ਭੁੱਲ ਕੇ ਮਹਾਂਪੁਰਸ਼ ਇਹਨੂੰ ਜਗਾਉਂਦੇ ਫਿਰਦੇ ਨੇ, ਹਾਕਾਂ ਮਾਰਦੇ ਫਿਰਦੇ ਨੇ।

*ਜਾਗ ਲੇਹੁ ਰੇ ਮਨਾ ਜਾਗ ਲੇਹੁ*
*ਕਹਾ ਗਾਫਲ ਸੋਇਆ ॥*
*ਜੋ ਤਨੁ ਉਪਜਿਆ ਸੰਗ*
*ਹੀ ਸੋ ਭੀ ਸੰਗਿ ਨ ਹੋਇਆ ॥ ਅੰਗ - ੭੨੬*

ਤੂੰ ਤਨ ਬਣਿਆ ਬੈਠਾ ਹੈਂ ਇਹ ਤਾਂ ਤੇਰੇ ਹੱਥੋਂ ਨਿਕਲਦਾ ਜਾ ਰਿਹਾ ਹੈ। ਇਹ ਤਾਂ ਹੌਲੀ-ਹੌਲੀ ਚਲਿਆ ਜਾਣਾ ਹੈ, ਰਹਿਣਾ ਨਹੀਂ ਹੈ। ਤੈਨੂੰ ਪ੍ਰਤੀਤ ਨਹੀਂ ਉਹਦੀ -

*ਫਰੀਦਾ ਕਿਥੈ ਤੈਡੇ ਮਾਪਿਆ ਜਿਨ੍ਹੀ ਤੂ ਜਣਿਓਹਿ ॥*
*ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ॥*
*ਅੰਗ - ੧੩੮੧*

ਦੱਸ ਤਾਂ ਸਹੀ ਧਿਆਨ ਦੇ ਕੇ ਕਿ ਕਿੱਥੇ ਚਲੇ ਗਏ? ਉਹ ਤਾਂ ਲੱਦੇ ਹੋਏ ਚਲੇ ਗਏ, ਕੁਛ ਪਾਪਾਂ ਦੇ ਲੱਦੇ ਹੋਏ, ਕੁਛ ਪੁੰਨਾਂ ਦੇ ਲੱਦੇ ਹੋਏ। ਲੰਘ ਗਏ ਇਥੋਂ। ਜੇ ਇਹ ਜਗ ਸਤਿ ਹੁੰਦਾ, ਉਹ ਮੁੜ ਕੇ ਵੀ ਤਾਂ ਆਉਂਦੇ। ਉਹ ਤਾਂ ਆਉਂਦੇ ਹੀ ਨਹੀਂ ਮੁੜ ਕੇ ਜਿਹੜਾ ਲੰਘ ਗਿਆ, ਲੰਘ ਗਿਆ। ਜਿਹਦਾ ਇਕ ਵਾਰੀ conection (ਸਬੰਧ) ਟੁਟ ਗਿਆ, ਉਹ ਟੁੱਟ ਹੀ ਗਿਆ। ਨਦੀ ਦਾ ਪਾਣੀ ਹੈ ਪਿਆਰਿਓ, ਚੁੱਕ ਕੇ ਰੇਤੇ ਨੂੰ ਖਿੰਡਾ ਦਿੰਦਾ ਹੈ, ਕੋਈ ਕਿਣਕਾ ਕਿਤੇ, ਕੋਈ ਕਿਣਕਾ ਕਿਤੇ। ਫੇਰ ਨਹੀਂ ਮੇਲ ਹੁੰਦਾ। ਬਹੁਤ ਔਖਾ ਹੈ -

*ਸਾਜਨ ਚਲੇ ਪਿਆਰਿਆ ਕਿਉ ਮੇਲਾ ਹੋਈ ॥*
*ਅੰਗ - ੭੨੯*

ਸਵਾਲ ਹੈ ਇਹ ਕਿ ਮਿਲ ਜਾਵਾਂਗੇ ਕਿ ਨਹੀਂ ਮਿਲਾਂਗੇ? ਮਹਾਰਾਜ ਕਹਿੰਦੇ ਸ਼ਬਦ ਦਾ ਮਿਲਾਵਾ ਹੁੰਦਾ ਹੈ, ਜੇ ਸ਼ਬਦ ਦੇ ਵਿਚ ਆ ਜਾਓ, ਫੇਰ ਮੇਲੇ ਹੈਗੇ, ਆਹ ਦੇਹ ਦਾ ਮੇਲਾ ਨਹੀਂ ਹੁੰਦਾ। ਰੂਹਾਂ ਨਹੀਂ ਇਹ ਦੁਬਾਰਾ ਮਿਲਦੀਆਂ। ਜਿਹੜਾ ਵਿਛੜ ਗਿਆ ਸੁ ਵਿਛੜ ਗਿਆ ਕਿਉਂਕਿ ਸੰਤ ਨਹੀਂ ਹੈ, ਸਮੁੰਦਰ ਦੀਆਂ ਲਹਿਰਾਂ ਉਠਦੀਆਂ ਨੇ। ਪਿਛਲੀਆਂ ਲਹਿਰਾਂ ਜੇ ਕਹਿਣ ਕਿ ਅਸੀਂ ਮੂਹਰਲੀਆਂ ਨੂੰ ਮਿਲ ਲਈਏ, ਮੂਹਰਲੀਆਂ ਨੂੰ ਕਿਥੋਂ ਮਿਲਣਾ ਹੈ। ਉਹ ਤਾਂ ਕੰਢੇ ਤੇ ਆ ਕੇ ਪਾਣੀ ਨਾਲ ਪਾਣੀ ਫੇਰ ਬਣ ਜਾਣਾ ਹੈ।

*ਜਿਉ ਜਲ ਮਹਿ ਜਲੁ ਆਇ ਖਟਾਨਾ ॥*
*ਤਿਉ ਜੋਤੀ ਸੰਗਿ ਜੋਤਿ ਸਮਾਨਾ ॥*
*ਮਿਟਿ ਗਏ ਗਵਨ ਪਾਏ ਬਿਸ੍ਰਾਮ ॥*
*ਨਾਨਕ ਪ੍ਰਭ ਕੈ ਸਦ ਕੁਰਬਾਨ ॥ ਅੰਗ - ੨੭੮*

ਪਰ ਜਿਹੜੇ ਅਗਿਆਨਮਈ ਸਰੀਰ ਹਨ, ਜੀਵ ਆਤਮਾਵਾਂ ਨੇ ਉਨ੍ਹਾਂ ਨੂੰ ਅਸੀਂ ਜਾਣਦੇ ਨਹੀਂ, ਅਸੀਂ ਆਪਣਾ ਹੀ ਰੰਗ-ਰੂਪ ਨਹੀਂ ਜਾਣਦੇ, ਕਿਹੋ ਜਿਹਾ ਹੈ। ਸਰੀਰ ਨੂੰ ਤਾਂ ਜਾਣਦੇ ਹਾਂ। ਸ਼ੀਸ਼ੇ ਦੇ ਸਾਮ੍ਹਣੇ ਹੋ ਕੇ ਦੇਖ ਲਵਾਂਗੇ ਕਿ ਐਹੋ ਜਿਹਾ ਸਰੀਰ ਹੈ। ਇਹਦੇ ਵਿਚ ਜਿਹੜੀਆਂ ਚੀਜ਼ਾਂ ਰਹਿੰਦੀਆਂ ਨੇ, ਉਨ੍ਹਾਂ ਨੂੰ ਅਸੀਂ ਕਿਸੇ ਨੂੰ ਵੀ ਨਹੀਂ ਜਾਣਦੇ, ਆਪਣੇ ਆਪ ਨੂੰ ਨਹੀਂ ਜਾਣਦੇ, ਐਨੀ ਭੁੱਲ ਪਈ ਹੋਈ ਹੈ। ਜਦ ਤਕ ਗਿਆਨ ਨਹੀਂ ਹੁੰਦਾ, ਪੂਰੇ ਸਤਿਗੁਰੂ ਦਾ ਮਿਲਾਪ ਨਹੀਂ ਹੁੰਦਾ, ਓਨੀਂ ਦੇਰ ਤਕ ਹਉਮੈ ਦਾ ਨਾਸ਼ ਨਹੀਂ ਹੁੰਦਾ। ਹਉਮੈ ਦਾ ਨਾਸ਼ ਨਹੀਂ ਹੁੰਦਾ ਓਨੀਂ ਦੇਰ ਅਸੀਂ ਭੁੱਲੇ ਹੋਏ ਹਾਂ। ਸੋ ਮਹਾਰਾਜ ਕਹਿੰਦੇ ਪਿਆਰਿਓ! ਆਪਣੇ ਆਪ ਨੂੰ ਭੁੱਲ ਕੇ ਜੀਵ ਦੁਖੀ ਹੋ ਰਿਹਾ ਹੈ। ਕਾਰਨ ਕੀ ਹੈ? ਕਿਉਂਕਿ ਇਹਦੀ ਸੁਰਤ ਜਿਹੜੀ ਹੈ ਉਹ chemical ਸੁਰਤ ਹੈ, ਦਿਮਾਗ ਦੀ ਸੁਰਤ ਹੈ ਇਹਦੀ; ਇਹ ਸੁਰਤ ਨੇ ਆਪਣੀ ਦੁਨੀਆਂ ਬਣਾ ਲਈ, ਜਿਹੜੀ ਅਸਲੀ ਸੁਰਤ ਹੈ ਉਹਦਾ ਇਹਨੂੰ ਪਤਾ ਨਹੀਂ ਲਗਦਾ। ਇਲੈਕਟ੍ਰਾਨਿਕ ਤੇ ਮਗਨੈਟਿਕ ਦੋ ਲਹਿਰਾਂ ਸਾਡੇ ਅੰਦਰ ਬਿਜਲੀ ਦੀਆਂ ਚਲਦੀਆਂ ਨੇ ਦਿਮਾਗ ਦੇ ਅੰਦਰ; ਉਹ ਜੇ ਤਾਂ ਚਲਦੀਆਂ ਨੇ ਦਿਮਾਗ ਜੀਉਂਦਾ ਹੈ, ਜੇ ਉਹ ਖੜ੍ਹ ਜਾਣ ਦਿਮਾਗ ਉਸੇ ਵੇਲੇ dead (ਮਰ) ਹੋ ਜਾਂਦਾ ਹੈ। ਕਹਿੰਦੇ ਨੇ ਜੀ ਇਹ ਤਾਂ ਹੋ dead (ਮਰ) ਗਿਆ ਜੀ। ਉਹਦੀ ਜਿਹੜੀ ਸੁਰਤ ਹੈ, ਉਹ lower level (ਹੇਠਲੇ ਪੱਧਰ) ਦੀ ਹੈ, ਘਟੀਆ level ਦੀ, higher level (ਉਪਰਲੇ ਪੱਧਰ) ਦੀ ਨਹੀਂ ਹੈ, ਇਹਦੇ ਅੰਦਰ ਹੀ ਦੂਸਰੀ ਸੁਰਤ ਹੈ, ਜਿੰਨੀ ਦੇਰ ਤਕ ਇਹ ਸਮਰੱਥ ਗੁਰੂ ਨੂੰ ਮਿਲ ਕੇ ਓਸ ਸੁਰਤ ਵਿਚ ਪਹੁੰਚਣ ਦਾ ਯਤਨ ਨਹੀਂ ਕਰਦਾ। ਜਿਹਨੂੰ ਮਹਾਰਾਜ ਨੇ ਕਿਹਾ ਹੈ -

*ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥*
*ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥ ਅੰਗ - ੮*
*ਕਹਿ ਕਬੀਰ ਬੁਧਿ ਹਰਿ ਲਈ ਮੇਰੀ*
*ਬੁਧਿ ਬਦਲੀ ਸਿਧਿ ਪਾਈ ॥ ਅੰਗ - ੩੩੯*

ਜਦ ਸਿਧ ਪਾਈ ਫੇਰ ਕੀ ਹੋ ਗਿਆ, ਕਹਿੰਦੇ -

*ਗੁਰਹਿ ਦਿਖਾਇਓ ਲੋਇਨਾ ॥ ੧ ॥ ਰਹਾਉ ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ ॥ ਅੰਗ - ੪੦੨*

ਅੱਖ ਖੁਲ੍ਹ ਗਈ ਤੀਸਰੀ। ਤੀਸਰੀ ਅੱਖ ਖੁਲ੍ਹਦੇ ਸਾਰ ਨਿਗ੍ਹਾਂ ਹੋਰ ਹੋ ਗਈ। ਸੋ ਮਹਾਰਾਜ ਕਹਿੰਦੇ ਪਿਆਰਿਆ! ਅਸਲੀ ਤਾਂ ਚੀਜ਼ ਹੈਗੀ ਓਹੀ। ਫੇਰ ਨਜ਼ਰ ਆ ਗਿਆ ਕਿ ਇਥੇ ਤਾਂ ਵਾਹਿਗੁਰੂ ਤੋਂ ਬਿਨਾਂ ਹੋਰ ਹੈ ਹੀ ਨਹੀਂ ਕੋਈ। ਅੱਖਾਂ ਉਹਦੀਆਂ ਦੇਖਣ ਨੂੰ ਏਹੋ ਜਿਹੀਆਂ ਹੀ ਹੁੰਦੀਆਂ ਨੇ ਲੇਕਿਨ ਅੰਦਰ ਇਕ

ਅਨੁਭਵ ਦੀ ਅੱਖ ਖੁਲ੍ਹ ਜਾਂਦੀ ਹੈ ਜਿਹਦੇ ਨਾਲ ਓਹਦੀ ਦ੍ਰਿਸ਼ਟੀ 'ਚ ਫਰਕ ਪੈ ਜਾਂਦਾ ਹੈ। ਸੋ ਮਹਾਰਾਜ ਸਾਨੂੰ ਸਲਾਹ ਦਿੰਦੇ ਨੇ ਕਿ ਭੋਲਿਓ! ਕਿਉਂ ਤੁਸੀਂ ਜਨਮ ਬਰਬਾਦ ਕਰਦੇ ਓਂ। ਆਹ ਜਿਹੜੀ ਸੁਰਤ ਤੁਹਾਨੂੰ ਆਈ ਹੋਈ ਹੈ, ਮੈਂ ਤੇ ਮੇਰੀ ਦੀ ਇਹਨੂੰ ਵਿਸਾਰੋ –

***ਧਾਰਨਾ – ਮਨ ਭੋਲਿਆ ਹਉਮੈ ਸੁਰਤ ਵਿਸਾਰ।***

ਐਡੀ ਵੱਡੀ ਗੱਲ ਮਹਾਰਾਜ ਜੀ ਨੇ ਕਹਿ ਦਿਤੀ। ਸੱਚੇ ਪਾਤਸ਼ਾਹ! ਇਕ ਬੰਦਾ ਕੈਂਸਰ ਦਾ ਹੋਵੇ ਰੋਗੀ ਤੇ ਉਹਨੂੰ ਜੇ ਕੋਈ ਡਾਕਟਰ ਕਹੇ, ਕੈਂਸਰ ਨੂੰ ਭੁੱਲ ਜਾ, ਵਿਸਾਰ ਦੇ ਕੈਂਸਰ, ਉਹਦੇ ਤਾਂ ਵਸ ਤੋਂ ਬਾਹਰਲੀ ਗੱਲ ਹੈ। ਸੱਚੇ ਪਾਤਸ਼ਾਹ! ਜੇ ਸਾਡੇ ਵਸ ਵਿਚ ਹੋਵੇ, ਐਨੇ ਬਚਨ ਸੁਣ ਕੇ ਸਾਨੂੰ ਤਾਂ ਗਿਆਨ ਹੋ ਜਾਵੇ, ਨਹੀਂ ਵਿਸਾਰੀ ਜਾਂਦੀ, ਕੋਈ ਢੰਗ ਦੱਸੋ। ਮਹਾਰਾਜ ਕਹਿੰਦੇ, ਨਾਮ ਦਾ ਨਾ ਗਿਆਨ ਹੋਣ ਕਰਕੇ ਇਹ ਗੱਲ ਹੋ ਰਹੀ ਹੈ, ਪਹਿਲਾਂ ਸਾਰੀ ਪ੍ਰਾਕ੍ਰਿਤੀ, ਸਾਰੀ ਸ੍ਰਿਸ਼ਟੀ ਦੇ ਵਿਚੋਂ ਚੀਜ਼ ਟੋਲ੍ਹ, ਜਿਹੜੀ ਖਾ ਕੇ ਬੀਮਾਰੀ ਨੂੰ ਦੂਰ ਕਰ ਦੇਵੇ, ਕੋਈ ਹੈ ਐਸੀ? ਮਹਾਰਾਜ ਕਹਿੰਦੇ, ਦੇਖੋ ਇਕ ਤਾਂ ਨਾਮ ਵਾਲੀ ਸੁਰਤ ਹੈ, ਇਕ ਨਾਮ ਤੋਂ ਹੀਣੀ ਸੁਰਤ ਹੈ। ਜਿਹੜੀ ਨਾਮ ਵਾਲੀ ਸੁਰਤ ਹੈ ਉਹ ਤਾਂ ਹੈ ਅਸਲੀ ਸੁਰਤ। ਜਿਹੜੀ ਨਾਮ ਤੋਂ ਹੀਣੀ ਸੁਰਤ ਹੈ, ਉਹ ਜਿਹੜੀ ਸੁਰਤ ਹੈ, ਉਹ ਕਹਿੰਦੇ ਸੁਰਤ ਨਹੀਂ ਉਹ ਤਾਂ ਬਉਰਾ ਹੋਇਆ–ਹੋਇਆ ਹੈ ਬੰਦਾ, ਹਲਕਿਆ ਹੋਇਆ ਹੈ।

***ਅੰਮ੍ਰਿਤ ਨਾਮੁ ਸਦਾ ਸੁਖਦਾਤਾ ਅੰਤੇ ਹੋਇ ਸਖਾਈ ॥***
***ਬਾਝੁ ਗੁਰੂ ਜਗਤੁ ਬਉਰਾਨਾ ਨਾਵੈ ਸਾਰ ਨ ਪਾਈ ॥***
***ਅੰਗ – ੧੨੮੭***

ਤਿੰਨ ਚੀਜ਼ਾਂ ਆ ਗਈਆਂ, ਇਕ ਨਾਮ ਆ ਗਿਆ, ਇਕ ਗੁਰੂ ਆ ਗਿਆ, ਇਕ ਬੇਸੁਰਤੀ ਹਉਮੈ ਆ ਗਈ। ਹੁਣ ਮਹਾਰਾਜ ਨੇ ਕਿਹਾ ਕਿ ਡਾਕਟਰ ਜਿਹੜਾ ਅਸਲੀ ਹੈ ਉਹ ਤਾਂ ਹੈਗਾ ਗੁਰੂ। ਗੁਰੂ ਕੋਲ ਕੀ ਹੈ?

***ਸਤਿਗੁਰ ਸੇਵੈ ਲਗਿਆ ਕਢਿ ਰਤਨੁ ਦੇਵੈ ਪਰਗਾਸਿ॥***
***ਅੰਗ – ੪੦***

ਗੁਰੂ ਕੋਲ ਨਾਮ ਹੋਇਆ ਕਰਦਾ ਹੈ, ਕਿਉਂਕਿ ਨਾਮ ਦਾ ਦਾਤਾ ਹੋਰ ਕੋਈ ਹੈ ਨਹੀਂ ਬਗੈਰ ਗੁਰੂ ਤੋਂ।

***ਬਿਨੁ ਸਤਿਗੁਰ ਨਾਉ ਨ ਪਾਈਐ***
***ਬੁਝਹੁ ਕਰਿ ਵੀਚਾਰੁ ॥***
***ਨਾਨਕ ਪੂਰੈ ਭਾਗਿ ਸਤਿਗੁਰੁ ਮਿਲੈ***
***ਸੁਖੁ ਪਾਏ ਜੁਗ ਚਾਰਿ ॥ ਅੰਗ – ੬੪੯***

ਅਸੀਂ ਕਹਿੰਦੇ ਹਾਂ ਕਿ ਗੁਰੂ ਤਾਂ ਧਾਰਨ ਅਸੀਂ ਕਰ ਲਿਆ, ਅੰਮ੍ਰਿਤ ਛਕ ਲਿਆ, ਤੇ ਪੰਜ ਪਿਆਰਿਆਂ ਨੇ ਸਾਨੂੰ ਨਾਮ ਦੇ ਦਿਤਾ। ਕਹਿੰਦੇ, ਨਾਮ ਨਹੀਂ ਪੰਜ ਪਿਆਰੇ ਮੰਤ੍ਰ ਦਿੰਦੇ ਨੇ, ਉਹ ਮੰਤ੍ਰ ਦਾ ਤੂੰ ਜਾਪ ਕਰ, ਜਿਵੇਂ ਮੰਤ੍ਰ ਸਿੱਧ ਕਰੀਦਾ ਹੈ, ਇਹ ਮੰਤਰ ਜਦ ਸਿੱਧ ਹੋ ਗਿਆ, ਉਸ ਵੇਲੇ ਤੇਰੇ ਅੰਦਰੋਂ ਨਾਮ ਪ੍ਰਗਟ ਹੋ ਜਾਣਾ ਹੈ। ਨਾਮ ਨਹੀਂ ਕੋਈ ਵੀ ਦਿੰਦਾ। ਨਾਮ ਤਾਂ ਆਪਣੇ ਅੰਦਰ ਹੁੰਦਾ ਹੈ –

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ ॥ ਅੰਗ – ੨੯੩***

ਕਹਿੰਦੇ ਕਿੱਥੇ ਹੈ? ਕਹਿੰਦੇ ਜਿਥੇ ਹੈਗਾ, ਉਥੇ ਨੀਸ਼ਾਨੀ ਦੱਸ ਦਿੰਦੇ ਹਾਂ –

***ਸੁੰਨ ਸਮਾਧਿ ਅਨਹਤ ਤਹ ਨਾਦ ॥***
***ਕਹਨੁ ਨ ਜਾਈ ਅਚਰਜ ਬਿਸਮਾਦ ॥***
***ਅੰਗ – ੨੯੩***

ਉਥੇ ਕੋਈ ਫੁਰਨਾ ਨਹੀਂ। ਉਥੇ music (ਸੰਗੀਤ) ਹੈ, ਆਤਮਕ ਸੰਗੀਤ ਹੈ, ਜਿਥੇ ਨਾਮ ਦਾ ਵਾਸਾ ਆਦਮੀ ਦੇ ਅੰਦਰ ਹੈ। ਜੇ ਕਹੇ ਕ੍ਰੋਧ ਦਾ ਵਾਸਾ ਜਿਥੇ ਹੈ, ਉਥੇ ਘਬਰਾਹਟ ਹੈ, ਕੰਬਣੀ ਹੈ, ਉਥੇ ਅਰਲ–ਬਰਲ ਬੋਲਦਾ ਹੈ, ਉਥੇ ਯਾਦਦਾਸ਼ਤ ਭੁੱਲ ਜਾਂਦੀ ਹੈ। ਟੋਲ੍ਹ ਲੈ ਕ੍ਰੋਧ ਕਿੱਥੇ ਹੈ। ਕੋਈ ਗਾਲ੍ਹ ਕੱਢ ਦੇਵੇ, ਉਸੇ ਵੇਲੇ ਪਤਾ ਲਗ ਜਾਏਗਾ ਕਿ ਸਿਰ ਦੁਖਣ ਲਗ ਗਿਆ ਮੇਰਾ। ਕ੍ਰੋਧ ਵਸਦਾ ਹੈ ਅੰਦਰ, ਇਸੇ ਤਰ੍ਹਾਂ ਤੇਰੇ ਅੰਦਰ ਨਾਮ ਵਸਦਾ ਹੈ। ਜਿਸਦਾ ਕੋਈ ਮੁੱਲ ਨਹੀਂ।

***ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥***
***ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ॥***
***ਅੰਗ – ੮੧***

ਪਿਆਰਿਆ! ਨਾਮ ਦੀ ਤਲਾਸ਼ ਕਰ।

ਐਨਾ ਅਨੰਦ ਹੈ ਕਿਹਾ ਹੀ ਨਹੀਂ ਜਾ ਸਕਦਾ। ਦੱਸਿਆ ਨਹੀਂ ਜਾ ਸਕਦਾ, ਉਹ ਤੇਰੇ ਅੰਦਰ ਨਾਮ ਹੈ। ਨਾਮ ਤੇ ਹਉਮੈ ਦਾ ਆਪਸ ਵਿਚ ਵਿਰੋਧ ਹੈ, ਉਹ ਚੀਜ਼ ਟੋਲ੍ਹ ਲੈ ਜਿਹੜੀ ਚੀਜ਼ ਆਇਆਂ ਹਉਮੈ ਰਹੇ ਨਾ। ਹਉਮੈ ਖਤਮ ਹੋ ਜਾਵੇ, ਸਾਰੇ ਕਰਮ ਖਤਮ ਹੋ ਜਾਣ, ਨਾ ਕ੍ਰਿਆਮਾਨ ਕਰਮ ਰਹੇ। ਕਰਮ ਕਰੀ ਜਾਹ, ਲੱਗੇ ਹੀ ਨਾ। ਜਿਹੜੇ ਸੰਚਿਤ ਪਏ ਨੇ ਉਹ ਸਾਰੇ ਜਲ ਜਾਣ। ਜਿਹੜੇ ਪਰਾਲਬਧ ਵਾਲੇ ਨੇ ਉਹ ਨਿਆਰਾ ਹੋ ਕੇ ਸਰੀਰ ਭੋਗੀ ਜਾਵੇ। ਕਹਿੰਦੇ ਉਹ ਚੀਜ਼ ਟੋਲ੍ਹ ਲੈ। ਦੁਨੀਆਂ ਦੇ ਅੰਦਰ ਅਲੱਗ ਚੀਜ਼ ਹੈ। ਪਰ ਉਹ ਮਿਲਦੀ ਕਿੱਥੋਂ ਹੈ? ਕਹਿੰਦੇ ਪਿਆਰਿਆ ਇਹਦੀ ਦੁਕਾਨ ਜਿਹੜੀ ਹੈ, ਉਹ ਸਤਿਗੁਰੂ ਦੀ ਹੱਟ 'ਤੇ ਮਿਲਦਾ ਹੈ।

***ਗੁਰੁ ਸਤਿਗੁਰੁ ਸਚਾ ਸਾਹੁ ਹੈ***
***ਸਿਖ ਦੇਇ ਹਰਿ ਰਾਸੇ ॥***

*ਧਨੁ ਧੰਨੁ ਵਣਜਾਰਾ ਵਣਜੁ ਹੈ*
*ਗੁਰੁ ਸਾਹੁ ਸਾਬਾਸੇ ॥ ਅੰਗ - ੪੪੯*

ਉਹ ਸੱਚਾ ਸ਼ਾਹ ਹੈ ਨਾਮ ਦਾ ਦਾਤਾ। ਉਹਦੀ ਦੁਕਾਨ ਦੇ ਉਤੇ ਤੈਨੂੰ ਨਾਮ ਮਿਲੇਗਾ, ਜਿਹੜੀ ਚੀਜ਼ ਨੂੰ ਲੈਣ ਆਇਆ ਹੈਂ।

*ਜਿਸੁ ਵਖਰ ਕਉ ਲੈਨਿ ਤੂ ਆਇਆ ॥*
*ਰਾਮ ਨਾਮੁ ਸੰਤਨ ਘਰਿ ਪਾਇਆ ॥*
*ਤਜਿ ਅਭਿਮਾਨੁ ਲੇਹੁ ਮਨ ਮੋਲਿ ॥ ਅੰਗ - ੨੮੩*

ਹੁਣ ਉਹਦਾ ਮੁੱਲ ਕੀ ਹੈ? ਮੈਂ ਛੱਡ ਦੇ, ਪਰ ਅਸੀਂ ਮੈਂ ਛੱਡਣੀ ਨਾ ਹੋਈ। ਨਾਮ ਫੇਰ ਸਾਨੂੰ ਕਿਥੋਂ ਮਿਲ ਜਾਏਗਾ? ਕਹਿੰਦੇ, ਜੇ ਤਾਂ ਜਾਣਾ ਹੈ ਨਾ ਇਸ ਦੁਕਾਨ ਦੇ ਉਤੇ ਪਹਿਲਾਂ ਤਾਂ -

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥*
*ਅੰਗ - ੧੧੦੨*

ਆਹ ਜਿਹੜਾ ਹਉਮੈ ਦਾ ਜੀਵਨ ਮੈਂ, ਮੇਰਾ ਹੈ ਇਹਨੂੰ ਮਰਨਾ ਕਬੂਲ ਕਰ ਲੈ, ਉਹਦੇ ਚਰਨਾਂ 'ਚ ਭੇਟਾ ਕਰ ਦੇ, ਉਹ ਫੇਰ ਜਾ ਕੇ ਤੈਨੂੰ -

*ਤਜਿ ਅਭਿਮਾਨੁ ਲੇਹੁ ਮਨ ਮੋਲਿ ॥*
*ਰਾਮ ਨਾਮੁ ਹਿਰਦੇ ਮਹਿ ਤੋਲਿ ॥*
*ਲਾਦਿ ਖੇਪ ਸੰਤਹ ਸੰਗਿ ਚਾਲੁ ॥*
*ਅਵਰ ਤਿਆਗਿ ਬਿਖਿਆ ਜੰਜਾਲ ॥*
*ਅੰਗ - ੨੮੩*

ਖੇਪ ਲੱਦ ਲੈ, ਦਿਨ ਰਾਤ ਲੱਗਿਆ ਰਹਿ, ਸਵਾਸ-ਸਵਾਸ ਨਾਮ ਜਪ, ਰਸਨਾ ਨਾਲ ਨਾਮ ਜਪ। ਅਨਹਦ ਸ਼ਬਦ ਦੀ ਮਦਦ ਦੇ ਨਾਲ ਨਾਮ ਜਪ। ਪਰਾ ਬਾਣੀ 'ਚ ਨਾਮ ਜਪ। ਪਸੰਤੀ 'ਚ, ਬੈਖਰੀ, ਮਧਮਾ ਬਾਣੀ 'ਚ ਨਾਮ ਜਪ। ਉਹ ਜਪਦੇ-ਜਪਦੇ ਤੇਰਾ ਭੰਡਾਰਾ ਭਰ ਜਾਏਗਾ, ਲੱਦ ਲੈ, ਫੇਰ ਇਕੱਲਾ ਨਾ ਜਾਈਂ, ਲੁੱਟ ਲੈਣਗੇ ਪੰਜ ਚੋਰ। ਫੇਰ ਮਹਾਤਮਾ ਦੇ ਨਾਲ ਮਿਲ ਕੇ ਚੱਲੀਂ, ਤਾਂ, ਤਾਂ ਬਚ ਜਾਏਂਗਾ, ਨਹੀਂ ਤਾਂ ਚੋਰ ਬੜੇ ਡਾਹਢੇ ਨੇ ਉਨ੍ਹਾਂ ਨੇ ਲੁੱਟ ਹੀ ਲੈਣਾ ਹੈ ਤੈਨੂੰ।

*ਧੰਨਿ ਧੰਨਿ ਕਹੈ ਸਭੁ ਕੋਇ ॥*
*ਮੁਖ ਊਜਲ ਹਰਿ ਦਰਗਹ ਸੋਇ ॥*
*ਇਹੁ ਵਾਪਾਰੁ ਵਿਰਲਾ ਵਾਪਾਰੈ ॥*
*ਨਾਨਕ ਤਾ ਕੈ ਸਦ ਬਲਿਹਾਰੈ ॥ ਅੰਗ - ੨੮੩*

ਜਦੋਂ ਨਾਮ ਦਾ ਵਪਾਰੀ ਹੋ ਗਿਆ, ਨਾਮ ਧੰਨ ਪੱਲੇ ਹੋ ਗਿਆ ਫੇਰ ਦੇਵਤੇ ਫੁੱਲ ਵਰਸਾਉਂਦੇ ਨੇ ਆ ਕੇ।

ਜਦ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ ਮਹਾਂਪੁਰਸ਼ ਸੰਸਾਰਕ ਯਾਤਰਾ ਪੂਰੀ ਕਰਕੇ ਆਪਣੇ ਘਰ ਨੂੰ ਜਾ ਰਹੇ ਸੀ, ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ ਮਹਾਰਾਜ ਜੀ (ਲੇਖਕ ਨੂੰ) ਦਸਦੇ ਸੀ ਕਿ ਓਸ ਵੇਲੇ ਅਸਮਾਨ ਦੇ ਵਿਚ ਐਉਂ ਹੋ ਗਿਆ ਜਿਵੇਂ ਚਾਨਣਾ ਹੀ ਚਾਨਣਾ ਹੋ ਗਿਆ ਹੁੰਦਾ ਹੈ ਤੇ ਧੁਨੀਆਂ ਆਉਣ, ਸੁਗੰਧੀਆਂ ਹੀ ਸੁਗੰਧੀਆਂ ਫੈਲ ਗਈਆਂ, ਐਹੋ ਜਿਹੇ ਸਾਜ ਸੁਣੇ ਇਨ੍ਹਾਂ ਨਾਦੀ ਕੰਨਾਂ ਨਾਲ, ਜਿਨ੍ਹਾਂ ਦੇ ਬਾਰੇ ਦੱਸਿਆ ਹੀ ਨਹੀਂ ਜਾ ਸਕਦਾ। ਕਿਉਂਕਿ ਉਹ ਵੱਜ ਰਹੇ ਸੀ, ਧੰਨ-ਧੰਨ ਹੋ ਰਹੀ ਸੀ। ਦੇਵਤੇ ਵੀ ਧੰਨ-ਧੰਨ ਕਰ ਰਹੇ ਸੀ, ਜਿੰਨੀਆਂ ਮੁਕਤ ਆਤਮਾਵਾਂ ਨੇ ਸਭ ਜੈ-ਜੈਕਾਰ ਕਰਦੀਆਂ ਨੇ, ਕਿ ਪਿਆਰਿਆ! ਸੰਸਾਰ 'ਚ ਜਾ ਕੇ ਜਿੱਤ ਕੇ ਆਇਆ ਹੈਂ, ਜੇਤੂ ਜਦ ਆਪਣੇ ਘਰ 'ਚ ਵਾਪਸ ਜਾਂਦਾ ਹੈ, ਉਹਦਾ ਸਤਿਕਾਰ ਹੁੰਦਾ ਹੈ, ਹਾਰਿਆ ਹੋਇਆ ਜਦ ਜਾਂਦਾ ਹੈ ਫੇਰ ਉਹਨੂੰ ਲਾਹਨਤਾਂ ਪੈਂਦੀਆਂ ਨੇ। ਸੋ ਜਿੱਤ ਕੇ ਜਾਹ ਸੰਸਾਰ 'ਚੋਂ ਹਾਰ ਕੇ ਨਾ ਜਾਹ। ਸੋ ਉਹ ਮਿਲਦੀ ਹੈ ਸੰਤਾਂ ਤੋਂ, ਗੁਰੂ ਘਰ ਤੋਂ। ਪੰਜ ਪਿਆਰੇ ਦਿੰਦੇ ਜੁਗਤ, ਮੰਤਰ ਦਿੰਦੇ ਨੇ, ਮੰਤਰ ਨੂੰ ਜਪ, ਜਪਣ ਦਾ ਫਲ ਕੀ ਹੋਏਗਾ, ਉਹਦੇ ਬਾਰੇ ਇਸ ਤਰ੍ਹਾਂ ਫੁਰਮਾਨ ਹੈ -

*ਧਾਰਨਾ - ਹਉਮੈ ਨੂੰ ਖੋਈਦੈ,*
*ਵਾਹਿਗੁਰੂ ਮੰਤ੍ਰ ਜਪ ਕੇ।*
*ਵਾਹਿਗੁਰੂ ਗੁਰਮੰਤ੍ਰ ਹੈ ਜਪੁ ਹਉਮੈ ਖੋਈ॥*

ਸੋ ਸਾਰੀ ਵਿਚਾਰ, ਜੋ ਆਪਾਂ ਕਰੀ ਹੈ ਉਹ ਇਹ ਸੀ ਕਿ ਜੀਵ ਵਾਹਿਗੁਰੂ ਦੀ ਅੰਸ ਹੁੰਦਾ ਹੋਇਆ, ਵਾਹਿਗੁਰੂ ਨਾਲੋਂ ਟੁੱਟ ਕੇ ਦੁਖੀ ਹੋ ਗਿਆ, ਮਨ ਦੇ ਪਿਛੇ ਲਗ ਕੇ -

*ਮਨਮੁਖੁ ਦੁਖ ਕਾ ਖੇਤੁ ਹੈ ਦੁਖੁ ਬੀਜੇ ਦੁਖੁ ਖਾਇ ॥*
*ਦੁਖ ਵਿਚਿ ਜੰਮੈ ਦੁਖਿ ਮਰੈ ਹਉਮੈ ਕਰਤ ਵਿਹਾਇ॥*
*ਅੰਗ - ੯੪੭*

ਹੁਣ ਇਹ ਨਿਕਲੇ ਕਿਵੇਂ? ਕਿਹੜਾ ਤਰੀਕਾ ਹੈ ਜਿਹਦੇ ਨਾਲ ਨਿਕਲੇ। ਗੱਲਾਂ ਨਾਲ ਤਾਂ ਨਹੀਂ ਇਹ ਨਿਕਲਦਾ।

*ਗਿਆਨੁ ਨ ਗਲੀਈ ਢੂਢੀਐ*
*ਕਥਨਾ ਕਰੜਾ ਸਾਰੁ ॥ ਅੰਗ - ੪੬੫*

ਜਿੰਨੀ ਦੇਰ ਤਕ ਇਹਦੇ ਅੰਦਰ ਮੈਂ ਤੇ ਮੇਰੀ ਦਾ ਭਾਵ ਹੈ, ਓਨੀਂ ਦੇਰ ਤਕ ਇਹ ਫਸਿਆ ਰਹੇਗਾ। ਇਹਦੇ ਕਰਮ ਵੀ ਇਹਨੂੰ ਫਸਾਉਂਦੇ ਨੇ। ਗੱਲਾਂ ਨਾਲ ਹਉਮੈ ਨਹੀਂ ਜਾਂਦੀ। ਹਉਮੈ ਤਾਂ ਉਸ ਵੇਲੇ ਜਾਏਗੀ ਜਦ ਪ੍ਰਤੱਖ ਰੂਪ ਦੇ ਅੰਦਰ ਹਨ੍ਹੇਰਾ ਹਟ ਕੇ ਦੇਖ ਲਈ ਕਿ ਆਹ ਤਾਂ ਰੱਸੀ ਹੈ, ਉਹ ਮਿਥਿਆ ਗਿਆਨ ਜਿਹੜਾ ਹੋਇਆ-ਹੋਇਆ ਹੈ ਉਹ ਪ੍ਰਤੱਖ ਗਿਆਨ ਨਾਲ ਹਟੇਗਾ, ਨਹੀਂ ਤਾਂ ਨਹੀਂ ਹਟੇਗਾ, ਨਹੀਂ ਤਾਂ ਗੱਲਾਂ ਹੀ ਨੇ, ਪੜ੍ਹੇ ਲਿਖੇ ਗੱਲਾਂ ਬਹੁਤ ਜਾਣਦੇ ਨੇ। ਲੇਕਿਨ ਹੈਗੇ ਹਉਮੈ ਵਿਚ ਹੀ। ਸੋ ਇਹਦਾ ਇਕੋ ਹੀ ਇਲਾਜ ਹੈ ਕਿ ਪੰਜ ਪਿਆਰਿਆਂ ਤੋਂ ਵਾਹਿਗੁਰੂ ਮੰਤਰ ਦੀ ਪ੍ਰਾਪਤੀ ਕਰੇ, ਫੇਰ ਉਹ ਮੰਤਰ ਜਪੇ, ਉਹ ਐਨਾ ਜਪੇ

ਕਿ ਇਹ ਹਉਮੈ ਤਕ ਪਹੁੰਚ ਕੇ ਹਉਮੈ ਨੂੰ ਕੱਟ ਦੇਵੇ।

*ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥*
*ਕਿਰਪਾ ਕਰੇ ਜੇ ਆਪਣੀ*
*ਤਾ ਗੁਰ ਕਾ ਸਬਦੁ ਕਮਾਹਿ ॥ ਅੰਗ - ੪੬੬*

ਗੁਰੂ ਦਾ ਸ਼ਬਦ ਮੰਤਰ ਹੈ। ਇਕ ਵਾਹਿਗੁਰੂ ਦਾ ਸ਼ਬਦ ਹੁੰਦਾ ਹੈ, ਇਕ ਗੁਰੂ ਦਾ ਸ਼ਬਦ ਹੁੰਦਾ ਹੈ, ਇਕ ਪ੍ਰਾਕ੍ਰਿਤੀ ਦਾ ਸ਼ਬਦ ਹੁੰਦਾ ਹੈ, ਇਕ ਸਾਡੇ ਆਮ ਸ਼ਬਦ ਨੇ, ਇਹ ਗੁਰ ਕਾ ਜਿਹੜਾ ਸ਼ਬਦ ਹੈ ਉਹਦੀ ਕਮਾਈ ਕਰੇ, ਫੇਰ ਮਹਾਰਾਜ ਕਹਿੰਦੇ–

*ਨਾਨਕੁ ਕਹੈ ਸੁਣਹੁ ਜਨਹੁ*
*ਇਤੁ ਸੰਜਮਿ ਦੁਖ ਜਾਹਿ ॥ ਅੰਗ - ੪੬੬*

ਕਿਉਂਕਿ ਦੁਖ ਸਾਡੇ ਹਿੱਸੇ ਵਿਚ ਆ ਗਿਆ -

*ਹਉਮੈ ਰੋਗੁ ਮਾਨੁਖ ਕਉ ਦੀਨਾ ॥ ਅੰਗ - ੧੧੪੦*

ਉਹਨੇ ਪ੍ਰਮੇਸ਼ਰ ਨਾਲੋਂ ਤੋੜ ਦਿਤਾ ਸਾਨੂੰ। ਜਦ ਤਕ ਅਸੀਂ ਆਪਣੇ ਅਸਲੇ ਨਾਲ ਮਿਲਦੇ ਨਹੀਂ ਹਾਂ ਓਨਾਂ ਚਿਰ ਚੱਕਰ ਸਾਡੇ ਖਤਮ ਨਹੀਂ ਹੋਣੇ। ਜੰਮਦੇ ਰਹਾਂਗੇ, ਮਰਦੇ ਰਹਾਂਗੇ। ਸੋ -

*ਸਤਸੰਗਤਿ ਕੈਸੀ ਜਾਣੀਐ ॥*
*ਜਿਥੈ ਏਕੋ ਨਾਮੁ ਵਖਾਣੀਐ ॥ ਅੰਗ - ੭੨*

ਜਿਥੇ ਪਿਆਰਿਓ, ਛੁੱਟਣ ਦਾ ਰਸਤਾ ਪਤਾ ਲੱਗੇ, ਉਹ ਤਾਂ ਹੁੰਦੀ ਹੈ ਸਤਿਸੰਗ। ਜਿਥੇ ਐਵੇਂ ਹੀ ਹੱਸ-ਹੁਸ ਕੇ ਤੁਰ ਗਏ, ਏਧਰਲੀ-ਓਧਰਲੀ ਗੱਲ ਸੁਣ ਲਈ, ਉਹ ਸਤਿਸੰਗ ਨਹੀਂ ਹੁੰਦਾ। ਭਾਵੇਂ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਇਆ ਹੋਵੇ, ਪਰ ਉਹ ਬੰਦੇ ਆਪਣੇ ਮਨ ਦੀ ਮਤ ਕਰ ਰਹੇ ਹੁੰਦੇ ਨੇ। ਮਨਮਤਿ ਜਿਹੜੀ ਹੈ ਉਹ ਸਤਿਸੰਗ ਨਹੀਂ ਹੋਇਆ ਕਰਦੀ। ਗੁਰੂ ਦੀ ਬਾਣੀ ਦੀ ਵਿਚਾਰ ਜਿਸ ਥਾਂ 'ਤੇ ਹੁੰਦੀ ਹੈ। ਨਾਮ ਵਲ ਚਿੱਤ ਲਗਦਾ ਹੋਵੇ, ਰਸ ਆਉਂਦਾ ਹੋਵੇ, ਉਥੇ ਸਮਝ ਲਓ ਸਤਿਸੰਗ ਹੈ। ਉਹ ਬਿਨਾਂ ਭਾਗਾਂ ਤੋਂ ਪ੍ਰਾਪਤ ਨਹੀਂ ਹੁੰਦੀ।

*ਬਿਨੁ ਭਾਗਾ ਸਤਸੰਗੁ ਨ ਲਭੈ*
*ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥ ਅੰਗ - ੯੫*

ਸੋ ਇਸ ਕਰਕੇ ਜੋ ਮੈਂ ਬੇਨਤੀਆਂ ਕਰੀਆਂ ਨੇ, ਇਨ੍ਹਾਂ ਨੂੰ ਹਿਰਦੇ ਦੇ ਅੰਦਰ ਵਸਾਓ। ਏਸ ਮੁਸ਼ਕਲ ਨੂੰ ਹੱਲ ਕਰਨ ਦਾ ਇਰਾਦਾ ਬਣਾਈਏ। ਜੇ ਇਰਾਦਾ ਕਰ ਲਵੇ, ਨਾ ਪੂਰਾ ਹੋਵੇ, ਮੁੜ ਕੇ ਮਨੁਖਾ ਜਨਮ ਪ੍ਰਾਪਤ ਹੋ ਜਾਇਆ ਕਰਦਾ ਹੈ, ਸਾਧੂ ਦਾ ਮੇਲ ਦੁਬਾਰਾ ਫੇਰ ਹੋ ਜਾਂਦਾ ਹੈ। ਸੋ ਇਸ ਕਰਕੇ -

*ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ ॥*
*ਅੰਗ - ੧੦੯੬*

ਅੱਗੇ ਨੂੰ ਪੈਰ ਰਖਦਾ ਚਲਿਆ ਜਾਹ। ਪਿਛੇ ਨੂੰ ਨਾ ਆਈਂ। ਵਧਦਾ ਚਲਿਆ ਜਾਹ। ਇਹ ਕਿਤੇ ਛੋਟਾ ਜਿਹਾ ਸਫਰ ਹੈ! ਸੌ ਜਨਮ ਵਿਚ ਪੂਰਾ ਹੋ ਜਾਵੇ ਤਾਂ ਵੀ ਬਹੁਤ ਵੱਡੀ ਬਾਤ ਹੈ। ਕੋਈ ਹਿਸਾਬ-ਕਿਤਾਬ ਨਹੀਂ, ਇਹ ਰਹਿਮਤ ਦੀ ਚੀਜ਼ ਹੈ -

*ਨਾਨਕ ਨਦਰੀ ਨਦਰਿ ਨਿਹਾਲ ॥ ਅੰਗ - ੮*

ਰਹਿਮਤ ਮੰਗ ਤੂੰ। ਮੰਗਿਆ ਕਰ ਪ੍ਰਮੇਸ਼ਰ ਤੋਂ। ਹੇ ਪ੍ਰਭੂ! ਮੇਰੇ ਤੇ ਮੇਹਰ ਕਰ, ਮੈਨੂੰ ਵੀ ਮਿਲਣ ਦੀ ਕੋਈ ਜੁਗਤੀ ਦੱਸੇਂਗਾ। ਮੈਨੂੰ ਪਤਾ ਲਗ ਗਿਆ ਕਿ ਤੇਰੇ ਨਾਲੋਂ ਵਿਛੜ ਕੇ ਮੈਂ ਦੁਖੀ ਹੋਇਆ ਹਾਂ। ਤੂੰ ਕ੍ਰਿਪਾ ਕਰ, ਮੇਰੇ ਅੰਦਰੋਂ ਆਹ ਮੇਰਾਪੁਣ ਕੱਢ ਦੇ। ਤੂੰ ਬਣ ਜਾ। ਤੂੰ ਮੈਂ ਬਣ ਜਾਏਂ, ਮੈਂ ਤੂੰ ਬਣ ਜਾ। ਇਕੋ ਹੀ ਹੋਵੇ। ਸੋ ਜਦੋਂ ਇਕੋ ਹੋਵੇਗਾ, ਓਸ ਵੇਲੇ ਅਸਲੀ ਚੀਜ਼ ਜਿਹੜੀ ਹੈ ਉਹ ਪ੍ਰਤੱਖ ਹੋ ਕੇ ਜਿਉਂ ਦੀ ਤਿਉਂ ਪ੍ਰਗਟ ਹੋ ਜਾਏਗੀ। ਸੋ ਆਪਣਾ ਜੋ ਸਰੂਪ ਹੈ ਉਸਨੂੰ ਭੁੱਲਣ ਕਰਕੇ ਮਹਾਰਾਜ ਕਹਿੰਦੇ -

*ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ ॥*
*ਏਤੀ ਨ ਜਾਨਉ ਕੇਤੀਕ ਮੁਦਤਿ ਚਲਤੇ*
*ਖਬਰਿ ਨ ਪਾਇਓ ॥੧॥ ਅੰਗ - ੯੯੯*

ਅੱਗੇ ਫੁਰਮਾਨ ਕਰਦੇ ਨੇ -

*ਜਿਨਿ ਰਚਿ ਰਚਿਆ ਪੁਰਖਿ ਬਿਧਾਤੈ*
*ਨਾਲੇ ਹਉਮੈ ਪਾਈ ॥*
*ਜਨਮ ਮਰਣੁ ਉਸ ਹੀ ਕਉ ਹੈ ਰੇ*
*ਓਹਾ ਆਵੈ ਜਾਈ ॥ ਅੰਗ - ੯੯੯*

ਆਹ ਹਉਮੈ ਭਾਵਨਾ ਜੰਮਦੀ ਮਰਦੀ ਹੈ, ਹਉਮੈ ਹੀ ਜਿਹੜੀ ਹੈ ਇਹ ਪੁੱਤਰ, ਧੀਆਂ, ਬਣਾਉਂਦੀ ਹੈ, ਜਾਇਦਾਦ ਬਣਾਉਂਦੀ ਹੈ, ਆਹ ਜੀਵ ਦਾ ਤਾਂ ਕੁਛ ਵੀ ਨਹੀਂ। ਆਹ ਤਾਂ ਇਕ ਸਤਾ ਹੈ, ਸਤਾ ਦਿੰਦਾ ਹੈ, ਆਹ ਖੇਲ੍ਹ ਕਰਦੀ ਹੈ ਮਾਇਆ। ਇਹਦੇ ਵਿਚ ਜੀਵ ਦੁਖੀ ਹੋ ਰਿਹਾ ਹੈ। ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ।

ਅਨੰਦ ਸਾਹਿਬ

ਗੁਰ ਸਤੋਤਰ

ਅਰਦਾਸ

ਹੁਕਮਨਾਮਾ

(------)

# ਪਿਆਰ ਭਰਿਆ ਜੀਵਨ ਸਫ਼ਰ

*ਅਦਾਰਾ ਆਤਮ ਮਾਰਗ*

ਦ੍ਰਿਸ਼ਟਮਾਨ ਪ੍ਰਭੁਤਾ ਪਾਰਬ੍ਰਹਮੁ ਦਾ ਪਰਕਾਸ਼ ਹੈ ਅਤੇ ਉਹ ਹਰ ਦਮ ਉਸ ਵਿਚ ਵਸਦੇ ਹਨ। ਅਦ੍ਰਿਸ਼ਟਮਾਨ ਦੇ ਚਮਤਕਾਰ ਸਮੇਂ ਦੀ ਚਾਲ ਨਾਲ ਪ੍ਰਗਟਦੇ ਤੇ ਸਮਾਪਤ ਹੁੰਦੇ ਜਾਂਦੇ ਹਨ। ਪਾਰਬ੍ਰਹਮ ਜੀ ਦੀ ਵਿਆਪਕਤਾ ਬੇਅੰਤ ਹੈ। ਉਸ ਦਾ ਅਨੁਭਵ ਕਦੇ ਕਦੇ ਕਿਸੇ ਕਿਸੇ ਸੀਮਾਂ ਤੱਕ ਮਨੁੱਖੀ ਸਰੀਰਾਂ ਵਿੱਚ ਇਸ ਤਰ੍ਹਾਂ ਸਥਾਪਤ ਹੁੰਦਾ ਹੈ ਕਿ ਉਸ ਦੀ ਛੋਹ ਸਰੀਰਾਂ ਦੀ ਸਮਾਪਤੀ ਨਾਲ ਸਮਾਪਤ ਨਹੀਂ ਹੁੰਦੀ। ਐਸੇ ਅਨੁਭਵ ਦੀ ਸੁਗੰਧੀ ਉਹ ਆਪਣੀ ਕਿਰਪਾ ਦੁਵਾਰਾ ਵੰਡਦੇ ਹਨ ਅਤੇ ਸੰਜੋਗਾਂ ਚੋਂ ਸਵਰ ਕੇ ਉਹ ਕਿਸੇ ਹਦ ਤੱਕ ਬਰਕਰਾਰ ਰਹਿੰਦੀ ਹੈ। ਬਹੁਤ ਹੀ ਵਿਸ਼ਾਲ ਸਖਸ਼ੀਅਤ ਦੇ ਮਾਲਿਕ ਲੱਖਾਂ ਹਿਰਦਿਆਂ ਦੇ ਧੇਅ ਸੰਤ ਮਹਾਰਾਜ ਜੀ ਦੀ ਬਹੁ ਪੱਖੀ ਸਖਸ਼ੀਅਤ ਨੂੰ ਅੱਖਰਾਂ ਵਿੱਚ ਰੂਪਮਾਨ ਕਰਨਾਂ ਕੋਈ ਸੌਖੀ ਗੱਲ ਨਹੀਂ ਹੈ। ਪਰ ਕਈ ਵਾਰ ਜਿੰਦਗੀ ਦਾ ਸਫ਼ਰ ਤਹਿ ਕਰਦੇ ਮੱਲੋ ਮੱਲੀ ਉਭਰ ਕੇ ਕਈ ਗੱਲਾਂ ਯਾਦਾਸ਼ਤ ਦੀ ਤਹਿ ਤੋਂ ਬਾਹਰ ਆ ਜਾਂਦੀਆਂ ਹਨ ਅਤੇ ਜੀਅ ਕਰਦਾ ਹੈ ਕਿ ਕਿਉਂ ਨਾ ਇਨ੍ਹਾਂ ਵਲ-ਵਲਿਆਂ ਦੀ



ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ ਅਤੇ ਪਰਮ



ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ ਅਤੇ ਪਰਮ

ਸਾਂਝ ਆਤਮ ਮਾਰਗ ਦੇ ਪਿਆਰੇ ਪਾਠਕਾਂ ਨਾਲ ਪਾ ਲਈ ਜਾਵੇ। ਆਤਮ ਮਾਰਗ ਮੈਗਜ਼ੀਨ ਨੂੰ ਸ਼ੁਰੂ ਹੋਏ ਨੂੰ ਅੱਜ 15 ਸਾਲ ਹੋ ਚੁਕੇ ਹਨ, ਜਿੰਨ੍ਹਾ ਇਸ ਰੂਹਾਨੀ ਮੈਗਜ਼ੀਨ ਨੇ ਨਿਰੋਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤਾਂ ਦਾ ਪ੍ਰਚਾਰ ਕੀਤਾ ਹੈ ਉਹ ਆਤਮ ਮਾਰਗ ਨੂੰ ਪੜ੍ਹਨ ਵਾਲੇ ਪੁਰਾਣੇ ਜਗਿਆਸੂ ਜਾਣਦੇ ਹਨ। ਆਤਮ ਮਾਰਗ ਮੈਗਜ਼ੀਨ ਵਿੱਚ ਸਿਰਫ ਤੇ ਸਿਰਫ ਜੋ ਹਰ ਪ੍ਰਾਣੀ ਦਾ ਆਪਣਾ ਸਫਰ, ਰੂਹਾਨੀ ਸਫਰ ਜਿਸ ਨੂੰ ਤਹਿ ਕਰਨ ਵਾਸਤੇ ਇਸ ਸੰਸਾਰ ਵਿਚ ਜਨਮ ਲਿਆ ਹੈ ਉਸ ਬਾਤ ਪ੍ਰਥਾਇ ਰਤਵਾੜਾ ਸਾਹਿਬ ਵਾਲੇ ਮਹਾਂਪੁਰਖਾਂ ਨੇ ਬਚਨ ਕੀਤੇ ਹਨ ਜੋ ਲਗਾਤਾਰ ਛੱਪਦੇ ਆ ਰਹੇ ਹਨ। ਆਤਮ ਮਾਰਗ ਮੈਗ਼ਜੀਨ ਦੇ ਪਾਠਕ ਗੁਰਮਤਿ ਦੀ ਵਿਚਾਰ ਧਾਰਾ ਨੂੰ ਭਲੀ ਭਾਂਤ ਸਮਝਣ ਦੇ ਯੋਗ ਹੋ ਗਏ ਹਨ ਅਤੇ ਇਸ ਨੂੰ ਪੜ੍ਹਕੇ ਉਹ ਜਾਣਨ ਲੱਗ ਪਏ ਹਨ ਕਿ ਯੋਗ ਕੀ ਹੈ? ਗੁਰਮਤਿ ਕੀ ਹੈ? ਸਾਡਾ ਰਸਤਾ ਕੀ? ਸਾਡਾ aim of life ਕੀ ਹੈ? ਅਸੀਂ

ਕੌਣ ਹਾਂ? ਅਸੀਂ ਸੰਸਾਰ ਵਿੱਚ ਕੀ ਕਰਨ ਵਾਸਤੇ ਆਏ ਹਾਂ? ਸਾਡੀ ਜਿੰਦਗੀ ਦਾ ਅਸਲੀ ਮਨੋਰਥ ਕੀ ਹੈ? ਅਸੀਂ ਕਿਥੇ ਜਾਣਾ ਹੈ? ਸਰੀਰ ਛੱਡਣ ਬਾਅਦ ਵੀ ਕੋਈ ਜੀਵਨ ਹੈ? ਸੰਸਾਰ ਵਿੱਚ ਸਾਰੀਆਂ ਜਿੰਮੇਵਾਰੀਆਂ ਨਿਭਾਉਂਦੇ ਅਸੀਂ ਕਿਵੇਂ ਗੁਰਮਤਿ ਦੇ ਧਾਰਨੀ ਹੋ ਕੇ ਗੁਰੂ ਵਾਲੇ ਬਣ ਕੇ ਆਪਣਾ ਜਨਮ ਸੰਵਾਰਨਾ ਹੈ? ਸੁਰਤਿ ਤੇ ਸ਼ਬਦ ਦਾ ਰਸਤਾ ਕੀ ਹੈ? ਇਹੋ ਜਿਹੇ ਕਈ ਸਵਾਲ ਜਿਹੜੇ ਸਾਡੇ ਅੰਦਰ ਲਗਾਤਾਰ ਖੜਦੁੰਮ ਮਚਾਈ ਰੱਖਦੇ ਹਨ। ਇਨ੍ਹਾਂ ਸਵਾਲਾ ਦੇ ਜਵਾਬ ਮਹਾਂਪੁਰਖਾਂ ਦੀ ਲਿਖਤ ਨੂੰ ਜਿਹੜਾ ਪ੍ਰੇਮੀ ਧਿਆਨ ਨਾਲ ਪੜ੍ਹਦਾ ਹੈ ਉਸ ਨੂੰ ਪਤਾ ਲਗ ਜਾਂਦਾ ਹੈ।



ਪਰਮ ਸਤਿਕਾਰਯੋਗ ਬੀਜੀ ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ ਦੇ ਬੱਚਿਆਂ ਵਿਚਕਾਰ

ਜਿਵੇਂ ਜਿਵੇਂ ਸਮਾਂ ਲੰਘਦਾ ਤੁਰਿਆਂ ਜਾਂਦਾ ਹੈ ਜਿਆਦਾਤਰ ਅਨੁਭਵ ਜਿਸ ਕਿਸੇ ਪ੍ਰੇਮੀ ਨੇ ਕਿਸੇ ਮੱਤ ਦੇ ਪੂਰਨ ਮਹਾਤਮਾ, ਬ੍ਰਹਮੁ ਨੇਸ਼ਟੀ, ਬ੍ਰਹਮੁ ਸ੍ਰੋਤਰੀ, ਬ੍ਰਹਮੁ ਬਕਤਾ ਦੀ ਸੰਗਤ ਵਿੱਚ ਰਹਿ ਕੇ ਲਗਾਤਾਰ ਨੇਮ ਨਾਲ ਸੰਗਤ ਕਰ-ਕਰ ਕੇ ਲਗਾਤਾਰ ਹਾਜਰੀ ਭਰਕੇ ਸੁਣੇ, ਸਮਝੇ ਅਤੇ ਹਿਰਦੇ ਵਿੱਚ ਧਾਰਨ ਕੀਤੇ ਹੁੰਦੇ ਹਨ। ਜਦੋਂ ਮਹਾਤਮਾ ਆਪਣੀ ਸਰੀਰਕ ਪ੍ਰਾਲਭਤ ਪੂਰੀ ਹੋਣ ਤੇ ਆਪਣੇ ਸਰੀਰ ਨੂੰ ਤੱਤਾਂ ਵਿੱਚ ਤੱਤ ਰਲਾ ਕੇ ਪ੍ਰਲੋਕ ਸੱਚਖੰਡ ਵਿੱਚ ਵਾਸਾ ਕਰ ਲੈਂਦਾ ਹੈ। ਪਰ ਪਿਛੇ ਜਿਹੜੇ ਪ੍ਰੇਮੀ ਉਨ੍ਹਾਂ ਦੇ ਬਿਰਹੇ ਵਿਚ ਲਗਾਤਾਰ ਆਪਣਾ ਜੀਵਨ ਬਸਰ ਕਰਦੇ ਹਨ। ਉਨ੍ਹਾਂ ਵੱਲੋਂ ਦਰਸਾਏ ਰਾਹ ਨੂੰ ਕਿਸੇ ਕੀਮਤ ਤੇ ਛੱਡਣ ਲਈ ਤਿਆਰ ਨਹੀਂ ਹੁੰਦੇ। ਉਨ੍ਹਾਂ ਦਾ ਜੀਵਨ ਆਮ ਸੰਸਾਰੀ ਬੰਦੇ ਨਾਲੋ ਕੁਝ ਵੱਖਰਾ ਜਿਹਾ ਪ੍ਰਤੀਤ ਹੁੰਦਾ ਰਹਿੰਦਾ ਹੈ।

20ਵੀਂ ਸਦੀ ਦੇ ਮਹਾਨ ਯੁੱਗ ਪੁਰਸ਼ ਧੰਨ ਧੰਨ ਸੰਤ ਮਹਾਰਾਜ ਰਤਵਾੜਾ ਸਾਹਿਬ ਵਾਲੇ ਜਿੰਨਾਂ ਨੇ ਆਤਮ ਮਾਰਗ ਮੈਗਜ਼ੀਨ ਦੀ ਸ਼ੁਰੂਆਤ ਕਰਕੇ ਇੱਕ ਨਵਾਂ ਸੁਨਿਹਰੀ ਇਤਿਹਾਸ ਰਚ ਦਿਤਾ ਆਪ ਜੀ ਦੇ ਦ੍ਰਿੜ ਸੰਕਲਪ ਨੇ ਆਤਮ ਮਾਰਗ ਮੈਗਜੀਨ ਦੀ ਸ਼ੁਰੂਆਤ ਕੀਤੀ ਜਿਹੜਾ ਕਿ ਅੱਜ 15 ਸਾਲ ਹੋ ਗਏ ਦੇਸ਼ਾਂ ਵਿਦੇਸ਼ਾਂ ਵਿੱਚ ਬੈਠੇ ਉਨ੍ਹਾਂ ਦੇ ਪਿਆਰ ਨੂੰ ਤਰਸਦੀ ਸੰਗਤ ਆਤਮ ਮਾਰਗ ਮੈਗਜੀਨ ਪੜ੍ਹ ਕੇ ਨਿਹਾਲ ਹੋ ਰਹੀ। ਆਪਣਾ ਜੀਵਨ ਉਨ੍ਹਾਂ ਵੱਲੋਂ ਦਰਸਾਏ ਰਾਹ ਆਤਮ ਮਾਰਗ ਤੇ ਚਲਾ ਰਹੀ ਹੈ ਉਨ੍ਹਾਂ ਨੇ ਆਪਣੇ ਜੀਵਨ ਕਾਲ ਅੰਦਰ ਹੀ ਅਨੇਕਾਂ ਪੁਸਤਕਾਂ ਦੀ ਰਚਨਾਂ ਕੀਤੀ ਆਪ ਦਾ ਜੀਵਨ ਇੱਕ ਅਦੁੱਤੀ ਮਿਸਾਲ ਹੈ ਗ੍ਰਹਿਸਤ ਵਿੱਚ ਰਹਿੰਦਿਆਂ ਸਾਰੀਆਂ ਜਿੰਮੇਵਾਰੀਆਂ ਨਿਭਾਉਂਦਿਆਂ ਆਪ ਜੀ ਦੇ ਜੀਵਨ ਤੇ ਇੱਕ ਪੰਛੀ ਝਾਤ ਮਾਰੀ ਜਾਵੇ ਤਾਂ ਬਚਪਨ ਤੋਂ ਹੀ ਕਿਨਾਂ ਸੰਘਰਸ਼ ਵਾਲਾ ਜੀਵਨ ਹੈ ਸਿੰਧ ਪਾਕਿਸਤਾਨ ਵਿੱਚ, ਯੂ.ਪੀ., ਰੋਪੜ, ਆਪ ਜੀ ਨੇ ਘਰ ਘਰ ਜਾ ਕੇ ਜੋ ਸਿਖੀ ਦਾ ਪ੍ਰਚਾਰ ਕੀਤਾ



**ਪਰਮ ਸਤਿਕਾਰਯੋਗ ਬੀਜੀ**

ਉਸ ਦੀ ਮਿਸਾਲ, ਇੱਕ ਝਲਕ, ਇੱਕ ਨਜਾਰਾ, ਇੱਕ ਅਕਹਿ ਅਨੰਦ ਦਾ ਸਰੂਪ, ਆਪ ਜੀ ਦੀ ਅਣਥਕ ਘਾਲਣਾ ਕਮਾਈ ਦਾ ਪ੍ਰਤੀਕ ਅੱਜ ਵੀ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਗਵਾਹੀ ਭਰ ਰਿਹਾ ਜਿਹੜੇ ਉਨ੍ਹਾਂ ਦੇ ਪਿਆਰੇ ਉਥੇ ਰਹਿ ਕੇ ਸੇਵਾ ਕਮਾ ਰਹੇ ਹਨ। ਉਨ੍ਹਾਂ ਨੂੰ ਪਤਾ ਹੈ ਕਿ ਇਥੇ ਮੇਰੇ ਪਿਆਰੇ ਨੇ 22 ਸਾਲ ਦੇ ਕਰੀਬ ਰਹਿ ਕੇ ਨਾਮ ਬਾਣੀ ਦਾ ਪ੍ਰਚਾਰ ਪ੍ਰਸਾਰ ਦੇਸ਼ਾਂ ਵਿਦੇਸ਼ਾਂ ਤੱਕ ਫੈਲਾਇਆ।



ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ ਦੀ ਤਿਆਰ ਹੋਣ ਜਾ ਰਹੀ ਨਵੀਂ ਬਿਲਡਿੰਗ ਦੀ ਕਾਰ ਸੇਵਾ ਦੇ ਦ੍ਰਿਸ਼।

ਆਪ ਜੀ ਦੇ ਚਰਨ ਰਤਵਾੜਾ ਸਾਹਿਬ ਦੀ ਪਵਿੱਤਰ ਭੂਮੀ ਦੇ ਕਣ ਕਣ ਤੇ ਪਏ ਹੋਏ ਹਨ। ਆਪ ਜੀ ਨੇ ਰਤਵਾੜਾ ਸਾਹਿਬ ਦੇ ਚੌਗਿਰਦੇ ਨੂੰ ਸਾਫ ਸੁਥਰਾ ਅਤੇ ਆਕਸੀਜਨ ਦੀ ਜ਼ਿਆਦਾ ਮਾਤਰਾ ਰੱਖਣ ਵਾਸਤੇ ਇਸ ਦੇ ਚੌਗਿਰਦੇ ਅੰਦਰ ਹਜਾਰਾਂ ਦੇ ਕਰੀਬ ਦਰੱਖਤ ਆਪ ਆਪਣੇ ਹਸਤਕੰਵਲਾਂ ਦੁਆਰਾ ਲਗਵਾਏ ਜਿਹੜੇ ਅੱਜ ਵੀ ਆਪ ਜੀ ਦੇ ਦਰਸ਼ਨਾਂ ਦੀ ਝਲਕ ਨੂੰ ਅੱਜ ਵੀ ਤਰਸਦੇ ਰਹੇ।



ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ ਦੀ ਤਿਆਰ ਹੋਣ ਜਾ ਰਹੀ ਨਵੀਂ ਬਿਲਡਿੰਗ ਦੀ ਕਾਰ ਸੇਵਾ ਦੇ ਦ੍ਰਿਸ਼।

ਆਪ ਆਪਣਾ ਕੀਮਤੀ ਸਮਾਂ ਅੰਮ੍ਰਿਤ ਵੇਲੇ 4.00 ਵਜੇ ਤੋਂ ਅਸਥਾਨ ਤੇ ਪਹੁੰਚ ਕੇ ਨਾਮ ਅਭਿਆਸੀ ਜਗਿਆਸੂਆਂ ਨੂੰ ਤਪੋ ਅਸਥਾਨ ਜੋ ਕਿ ਨਦੀ ਦੇ ਕੰਢੇ ਤੇ ਸਥਿਤ ਹੈ ਸੈਂਕੜਿਆਂ ਦੇ ਕਰੀਬ ਜਗਿਆਸੂ ਉਸ ਟਾਈਮ ਨਾਮ ਜਪਣ ਲਈ ਪਹੁੰਚਦੇ ਸਨ। ਆਪ ਆਪਣੀ ਦੇਖ ਰੇਖ ਹੇਠ ਨਾਮ ਦਾ ਅਭਿਆਸ ਕਰਵਾਇਆ ਕਰਦੇ ਸਨ। ਅੱਜ ਵੀ ਉਹ ਅਸਥਾਨ 'ਤਪੋ ਅਸਥਾਨ' ਜਿਥੇ ਨਾਮ ਜਪਣ ਵਾਸਤੇ ਕੁਦਰਤੀ ਸ਼ੁੱਧ ਸ਼ਾਂਤ ਵਾਤਾਵਰਣ ਸਥਿਤ ਹੈ। ਇਸ ਤਪੋ ਅਸਥਾਨ ਤੇ ਸੰਘਣੇ ਦਰਖਤਾਂ ਵਿਚਕਾਰ ਕੁਟੀਆ ਬਣੀਆਂ ਹੋਈਆਂ ਹਨ। ਨਾਮ ਜਪਣ ਵਾਲਿਆਂ ਨੂੰ ਕੋਈ ਵੀ ਰੋਟੀ ਕਪੜਾ ਮਕਾਨ ਕੁਲੀ ਗੁਲੀ ਜੁਲੀ ਦਾ ਫਿਕਰ ਕਰਨ ਦੀ ਲੋੜ ਨਹੀਂ ਹੈ ਕਿਉਂਕਿ ਗੁਰਦੁਆਰਾ ਸਾਹਿਬ ਕੰਪਲੈਕਸ ਅੰਦਰ ਆਪਣਾ ਡੈਅਰੀ ਫਾਰਮ ਅਤੇ ਔਰਗੈਨਿਕ ਐਗਰੀਕਲਚਰ ਫਾਰਮ ਹੈ। ਇਸੇ ਹੀ ਅਸਥਾਨ ਤੋਂ ਜੀਵਨ ਦੀਆਂ ਸਾਰੀਆਂ ਲੋੜਾਂ ਪੂਰੀਆਂ ਹੋ ਜਾਂਦੀਆਂ ਹਨ। ਗੁਰੂ ਕੇ ਲੰਗਰ ਅਤੇ ਰਿਹਾਇਸ਼ ਦਾ ਪੂਰਾ ਪੂਰਾ ਪ੍ਰਬੰਧ ਹੈ। ਅੱਜ ਦੇਖਣ ਵਿੱਚ ਸੰਸਾਰ ਰੋਗੀ ਨਜ਼ਰ ਆ ਰਿਹਾ ਹੈ–

***ਹਉਮੈ ਰੋਗੁ ਮਾਨੁਖ ਕਉ ਦੀਨਾ ॥ ਕਾਮ ਰੋਗਿ ਮੈਗਲੁ ਬਸਿ ਲੀਨਾ ॥ ਦ੍ਰਿਸਟਿ ਰੋਗਿ ਪਚਿ ਮੁਏ ਪਤੰਗਾ ॥ ਨਾਦ ਰੋਗਿ ਖਪਿ ਗਏ ਕੁਰੰਗਾ ॥ ੧ ॥ ਜੋ ਜੋ ਦੀਸੈ ਸੋ ਸੋ ਰੋਗੀ ॥ ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥ ੧ ॥ ਰਹਾਉ ॥ ਜਿਹਵਾ ਰੋਗਿ ਮੀਨੁ ਗ੍ਰਸਿਆਨੋ ॥ ਬਾਸਨ ਰੋਗਿ ਭਵਰੁ ਬਿਨਸਾਨੋ ॥***

*ਹੇਤ ਰੋਗ ਕਾ ਸਗਲ ਸੰਸਾਰਾ ॥*
*ਤ੍ਰਿਬਿਧਿ ਰੋਗ ਮਹਿ ਬਧੇ ਬਿਕਾਰਾ ॥ ੨ ॥*
*ਰੋਗੇ ਮਰਤਾ ਰੋਗੇ ਜਨਮੈ ॥*
*ਰੋਗੇ ਫਿਰਿ ਫਿਰਿ ਜੋਨੀ ਭਰਮੈ ॥*
*ਰੋਗ ਬੰਧ ਰਹਨੁ ਰਤੀ ਨ ਪਾਵੈ ॥*
*ਬਿਨੁ ਸਤਿਗੁਰ ਰੋਗੁ ਕਤਹਿ ਨ ਜਾਵੈ ॥ ੩ ॥*
*ਪਾਰਬ੍ਰਹਮਿ ਜਿਸੁ ਕੀਨੀ ਦਇਆ ॥*
*ਬਾਹ ਪਕੜਿ ਰੋਗਹੁ ਕਢਿ ਲਇਆ ॥*
*ਤੂਟੇ ਬੰਧਨ ਸਾਧਸੰਗੁ ਪਾਇਆ ॥*
*ਕਹੁ ਨਾਨਕ ਗੁਰਿ ਰੋਗੁ ਮਿਟਾਇਆ ॥ ੪ ॥ ੭ ॥ ੨੦*
**ਅੰਗ - ੧੧੪੦**



ਸੰਤ ਬਾਬਾ ਗੁਰਦੇਵ ਸਿੰਘ ਜੀ ਵੱਲੋਂ ਗਧਰਾਂਮ ਵਿਖੇ ਰਤਵਾੜਾ ਸਾਹਿਬ ਵਾਲਿਆਂ ਦੀ ਯਾਦ ਵਿੱਚ ਕਰਵਾਏ ਸਮਾਗਮ ਸਮੇਂ ਸੰਤ ਬਾਬਾ ਹਰਪਾਲ ਸਿੰਘ ਜੀ ਕੀਰਤਨ ਕਰਦੇ ਹੋਏ।

ਹਰ ਇੱਕ ਜੀਵ ਅੰਦਰ ਨਾਮ ਦੀ ਦਵਾਈ ਪਈ ਹੈ -

*ਹਰਿ ਅਉਖਧੁ ਸਭ ਘਟ ਹੈ ਭਾਈ ॥*
*ਗੁਰ ਪੂਰੇ ਬਿਨੁ ਬਿਧਿ ਨ ਬਨਾਈ ॥*
*ਗੁਰਿ ਪੂਰੈ ਸੰਜਮੁ ਕਰਿ ਦੀਆ ॥*
*ਨਾਨਕ ਤਉ ਫਿਰਿ ਦੂਖ ਨ ਥੀਆ ॥ ਅੰਗ - ੨੫੯*



ਕੀਰਤਨ ਦਾ ਅਨੰਦ ਮਾਣਦੀ ਹੋਈ ਸੰਗਤ

ਪੁਰਾਣਾ ਯਾਮੀ ਯੋਗੀ ਅਭਿਆਸੀ ਵੀ ਰਤਵਾੜਾ ਸਾਹਿਬ ਟਿਕਾਣਾ ਰੱਖ ਕੇ ਨਾਮ ਅਭਿਆਸ ਆਪ ਕਰਦੇ ਅਤੇ ਹੋਰਨਾਂ ਨੂੰ ਕਰਵਾ ਕੇ ਰੋਗ ਮੁਕਤ ਕਰ ਰਹੇ ਹਨ। ਗੁਰੂ ਘਰ ਦੇ ਵਿੱਚ ਸਵਾਸ-ਸਵਾਸ ਨਾਲ ਸਿਮਰਨ ਕਰਨ ਦੀ ਤਾਕੀਦ ਹੈ ਕਿਉਂਕਿ ਗੁਰੂ ਦਾ ਸਿੱਖ ਗੁਰੂ ਆਸ਼ੇ ਅਨੁਸਾਰ ਇਸ ਤਰ੍ਹਾਂ ਹੁੰਦਾ ਹੈ-

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ ॥*
*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥*
*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ੨ ॥*
**ਅੰਗ-੩੦੬**

ਜਿਵੇਂ ਜਿਵੇਂ ਸਮਾਂ ਲੰਘਦਾ ਤੁਰਿਆਂ ਜਾਂਦਾ ਹੈ ਇਕ ਨਵੇਂ ਪ੍ਰਕਾਸ਼ ਦੀ ਕਿਰਨਾਂ, ਜੀਵਨ ਜਿਉਣ ਦੇ ਗੂੜ੍ਹ ਰਹਸ, ਉਭਰ ਕੇ ਅੱਗੇ ਆ ਜਾਂਦੇ ਹਨ। ਪਰ ਇਹ ਰਹੱਸ ਉਨ੍ਹਾਂ ਨੂੰ ਹੀ ਮਹਿਸੂਸ ਹੁੰਦੇ ਹਨ। ਜਿੰਨਾਂ ਨੇ ਉਨ੍ਹਾਂ ਦੇ ਇੱਕ ਵਾਰ ਦਰਸ਼ਨ ਕਰ ਲਏ ਉਸ ਤੋਂ ਬਾਅਦ ਗੁਰਮਤਿ ਦਾ ਰਸਤਾ ਨਹੀਂ ਤਿਆਗਿਆ ਅਤੇ ਲਗਾਤਾਰ ਔਖੇ ਹੋ ਕੇ ਸੌਖੇ ਹੋ ਕੇ ਉਸ ਰੱਸਤੇ ਤੇ ਚਲੇ ਆ ਰਹੇ ਹਨ।

ਇਸ ਤਰ੍ਹਾਂ ਦੀ ਇੱਕ ਅਜੋਕੇ ਸਮੇਂ ਦੇ ਵਿੱਚ ਮਿਸਾਲ ਵੇਖਣ ਨੂੰ ਮਿਲੀ ਹੈ ਕਿ ਬਾਬਾ ਸਤਨਾਮ ਸਿੰਘ ਯੂ.ਐਸ.ਏ.

ਦੇ ਪਿਤਾ ਜੀ ਬਾਬਾ ਇਕਬਾਲ ਸਿੰਘ ਨੇ ਆਪਣੀ ਜੀਵਨ ਯਾਤਰਾ ਨੂੰ ਗੁਰਮਤਿ ਅਨੁਸਾਰ ਕਿਵੇਂ ਸਫਲ ਕੀਤਾ ਹੈ -

*ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥*
*ਜੀਵਤ ਸਾਹਿਬੁ ਸੇਵਿਓ ਅਪਨਾ*
*ਚਲਤੇ ਰਾਖਿਓ ਚੀਤਿ ॥੧॥ ਰਹਾਉ ॥*
*ਜੈਸੀ ਆਗਿਆ ਕੀਨੀ ਠਾਕੁਰਿ*
*ਤਿਸ ਤੇ ਮੁਖੁ ਨਹੀ ਮੋਰਿਓ ॥*
*ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ*
*ਉਠਿ ਉਆਹੂ ਕਉ ਦਉਰਿਓ ॥੨॥*
*ਆਗਿਆ ਮਹਿ ਭੂਖ ਸੋਈ ਕਰਿ*
*ਸੂਖਾ ਸੋਗ ਹਰਖ ਨਹੀ ਜਾਨਿਓ ॥*
*ਜੋ ਜੋ ਹੁਕਮੁ ਭਇਓ ਸਾਹਿਬ ਕਾ*
*ਸੋ ਮਾਥੈ ਲੇ ਮਾਨਿਓ ॥੩॥*
*ਭਇਓ ਕ੍ਰਿਪਾਲੁ ਠਾਕੁਰੁ ਸੇਵਕ ਕਉ*
*ਸਵਰੇ ਹਲਤ ਪਲਾਤਾ ॥*
*ਧੰਨੁ ਸੇਵਕੁ ਸਫਲੁ ਓਹੁ ਆਇਆ*
*ਜਿਨਿ ਨਾਨਕ ਖਸਮੁ ਪਛਾਤਾ ॥੪॥ ਅੰਗ- ੧੦੦੦*

ਬਾਬਾ ਜੀ ਦਾ ਜੀਵਨ ਸਫ਼ਰ 90 ਸਾਲ ਪਹਿਲਾਂ ਪਾਕਿਸਤਾਨ ਤੋਂ ਸਰੀਰਕ ਜਨਮ ਦੇ ਨਾਲ ਸ਼ੁਰੂ ਹੋਇਆ ਸੀ। 1947 ਦੀ ਖਾਨਾ ਜੰਗੀ ਦੇ ਅੰਦਰ ਬਹਿਰਾਮ ਨਗਰ ਵਿਖੇ ਪ੍ਰਾਲਭਧ ਅਨੁਸਾਰ ਪਰਿਵਾਰ ਸਮੇਤ ਆਉਣਾ ਕੀਤਾ। ਉਸ ਤੋਂ ਬਾਅਦ ਰੋਜੀ ਰੋਟੀ ਵਾਸਤੇ ਅਮਰੀਕਾ ਦੇ ਵਿੱਚ ਰਹਿਣਾ ਸ਼ੁਰੂ ਕਰ ਦਿਤਾ ਕਿਉਂਕਿ ਇਹ ਜੀਵ ਦੇ ਹੱਥ ਵੱਸ ਨਹੀਂ ਹੋਇਆ ਕਰਦਾ -

*ਨਕਿ ਨਥ ਖਸਮ ਹਥ ਕਿਰਤੁ ਧਕੇ ਦੇ ॥*
*ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ ॥੨*
*ਅੰਗ - ੬੫੩*

ਗੁਰੂ ਪਾਤਿਸ਼ਾਹ ਜੀ ਨੇ ਆਪਣੇ ਸਿਖਾਂ ਨੂੰ ਸਰਦਾਰੀਆਂ ਬਖਸ਼ਿਸ਼ ਕੀਤੀਆਂ ਹਨ। ਯੂਰਪੀਨ ਦੇਸ਼ਾਂ ਦੇ ਅੰਦਰ ਵਤਨਾਂ ਤੋਂ ਦੂਰ ਕਿਰਤ ਕਮਾਈਆਂ ਕਰਕੇ ਅੱਜ ਦੁਨਿਆਵੀ ਸੁਖਾਂ ਦੀ ਕੋਈ ਗਿਣਤੀ ਨਹੀਂ ਹੈ। ਮਾਇਆ ਦੀ ਹਰ ਝਲਕ ਇਨਸਾਨ ਨੂੰ ਆਪਣੇ ਪਰਮ ਆਪੇ ਤੋਂ ਦੂਰ ਲੈ ਕੇ ਜਾ ਰਹੀ ਹੈ ਪਰੰਤੂ ਸਤਿ ਪੁਰਸ਼ਾਂ ਦੇ ਸਤਿਸੰਗੀ ਨਾਮ ਮੰਡਲ ਦੇ ਵਿੱਚ ਵਾਸਾ ਕਰਦੇ ਹੋਏ ਮਾਇਆਵੀ ਪਦਾਰਥਾਂ ਦੇ ਵਿੱਚ ਰਹਿੰਦੇ ਹੋਏ ਵੀ ਜੀਵਨ ਜੁਗਤ ਨੂੰ ਸਮਝਦੇ ਹਨ -

*ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥*
*ਸੁਰਤਿ ਸਬਦਿ ਭਵ ਸਾਗਰੁ ਤਰੀਐ*
*ਨਾਨਕ ਨਾਮੁ ਵਖਾਣੇ ॥*
*ਰਹਹਿ ਇਕਾਂਤਿ ਏਕੋ ਮਨਿ ਵਸਿਆ*
*ਆਸਾ ਮਾਹਿ ਨਿਰਾਸੋ ॥*
*ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕੁ ਤਾ ਕਾ ਦਾਸੋ ॥*
*ਅੰਗ - ੯੩੮*

ਗੁਰਮਤਿ ਮਾਰਗ ਦੇ ਵਿੱਚ ਗੁਰਮੁਖਾਂ ਦੀ ਸੰਗਤ ਸੰਸਾਰ ਸਾਗਰ ਤੋਂ ਪਾਰ ਲਾਉਣ ਵਾਲੀ ਹੈ। ਮਹਾਨ ਕਰਮ ਯੋਗੀ ਰਤਵਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਨੇ ਆਪਣੇ ਜੀਵਨ ਕਾਲ ਦੇ ਸਰੀਰਕ ਸਫ਼ਰ ਦੇ ਆਖਰੀ ਤਿੰਨ ਕੁ ਹੀ ਸਾਲ ਜੀਵਾਂ ਦੇ ਪ੍ਰੇਮ ਵਸ ਯੂਰਪ ਦੇ ਦੇਸ਼ਾਂ ਦੀ ਪ੍ਰਚਾਰ ਯਾਤਰਾ

ਪਰਮ ਸਤਿਕਾਰਯੋਗ ਬੀਜੀ ਦੀ ਆਗਿਆ ਆਨੁਸਾਰ ਸੰਤ ਬਾਬਾ ਹਰਪਾਲ ਸਿੰਘ ਜੀ ਦੀ ਅਮਰੀਕਾ ਪ੍ਰਚਾਰ ਫੇਰੀ ਸਮੇਂ ਦੇ ਵੱਖ ਵੱਖ ਦ੍ਰਿਸ਼।







ਕੀਤੀ ਹੈ। ਗੁਰਮੰਤਰ ਅਭਿਆਸ ਜੁਗਤ ਅੱਜ ਦੇ ਇਨਸਾਨ ਦੀ ਮਨੋਬਿਰਤੀ ਅਨੁਸਾਰ ਮੀਡੀਏ ਦੀ ਪੂਰੀ ਵਰਤੋ ਕਰਕੇ ਕੀਤੀ ਹੈ। ਅੰਮ੍ਰਿਤ ਵੇਲੇ ਸੰਗਤੀ ਸਿਮਰਨ ਦੀ ਸ਼ੁਰੂਆਤ ਸਤਿਪੁਰਸ਼ਾਂ ਦੀ ਮਹਾਨ ਕ੍ਰਿਪਾ ਮੰਨੀ ਜਾਂਦੀ ਹੈ। ਆਪ ਨੇ ਬਾਬਾ ਸਤਨਾਮ ਸਿੰਘ ਜੀ ਨੂੰ ਸੈਨਹੋਜੇ ਅਮਰੀਕਾ ਵਿਖੇ ਜੁਗਤ ਅਨੁਸਾਰ ਗੁਰਮੰਤਰ ਅਭਿਆਸ ਕਰਨ ਦਾ ਆਦੇਸ਼ ਦਿਤਾ ਸੀ। ਉਸੇ ਆਦੇਸ਼ ਦੀ ਪਾਲਨਾ ਕਰਦੇ ਹੋਏ ਪੰਜ ਤੋਂ ਸੱਤ ਅੰਮ੍ਰਿਤ ਵੇਲੇ ਹਰ ਐਤਵਾਰ ਸਤਿਸੰਗ ਨਿਰੰਤਰ ਜਾਰੀ ਹਨ। ਸੰਗਤਾਂ ਪੰਜ ਵਜੇ ਗੁਰੂ ਪਾਤਿਸ਼ਾਹ ਦੀ ਹਾਜਰੀ ਅੰਦਰ ਸੁਰਤਿ ਨੂੰ ਸ਼ਬਦ ਨਾਲ ਜੋੜਦੇ ਹੋਏ ਵਾਹਿਗੁਰੂ-ਵਾਹਿਗੁਰੂ ਮੰਤਰ ਦਾ ਅਭਿਆਸ ਸਵਾਸ ਨਾਲ ਕਰਦੇ ਹਨ। ਅੰਦਰ ਨੂੰ ਸਵਾਸ ਜਾਂਦੇ 'ਵਾਹਿ' ਬਾਹਰ ਨੂੰ ਆਉਂਦੇ 'ਗੁਰੂ' ਨਾਲ ਬੈਠ ਕੇ ਅਭਿਆਸ ਕਰਦੇ ਹਨ -

*ਸਾਸ ਸਾਸ ਸਾਸ ਹੈ ਜੇਤੇ ਮੈ ਗੁਰਮਤਿ ਨਾਮੁ ਸਮ੍ਹਾਰੇ ॥*
*ਸਾਸੁ ਸਾਸੁ ਜਾਇ ਨਾਮੈ ਬਿਨੁ*
*ਸੋ ਬਿਰਥਾ ਸਾਸੁ ਬਿਕਾਰੇ ॥*
*ਜਨ ਕੇ ਸਾਸ ਸਾਸ ਹੈ*
*ਜੇਤੇ ਹਰਿ ਬਿਰਹਿ ਪ੍ਰਭੂ ਹਰਿ ਬੀਧੇ ॥*
*ਜਿਉ ਜਲ ਕਮਲ ਪ੍ਰੀਤਿ ਅਤਿ ਭਾਰੀ*
*ਬਿਨੁ ਜਲ ਦੇਖੇ ਸੁਕਲੀਧੇ ॥ ਅੰਗ - ੧੧੭੯*
*ਜੇਤੇ ਸਾਸ ਸਾਸ ਹਮ ਲੇਤੇ ਤੇਤੇ ਹੀ ਗੁਣ ਗਾਇਆ ॥*
*ਨਿਮਖ ਨ ਬਿਛੁਰੈ ਘਰੀ ਨ ਬਿਸਰੈ*
*ਸਦ ਸੰਗੇ ਜਤ ਜਾਇਆ ॥੧॥ ਅੰਗ - ੧੨੧੨*
*ਸਾਸਿ ਸਾਸਿ ਸਿਮਰਹੁ ਗੋਬਿੰਦ ॥*
*ਮਨ ਅੰਤਰ ਕੀ ਉਤਰੈ ਚਿੰਦ ॥ ਅੰਗ - ੨੯੫*

ਇਸੇ ਸਤਿਸੰਗ ਦੀ ਕ੍ਰਿਪਾ ਸਦਕਾ ਬਾਬਾ ਸਤਨਾਮ ਸਿੰਘ ਦੇ ਪਿਤਾ ਜੀ ਨੇ ਆਪਣਾ ਪ੍ਰੇਮ ਨੇਮ ਨਿਭਾਇਆ ਹੈ। ਉਨ੍ਹਾਂ ਨੇ ਆਪਣਾ ਇਹ ਨੇਮ ਬਣਾ ਲਿਆ ਸੀ ਕਿ ਹਰ ਸਾਲ ਮਹਾਂਪੁਰਸ਼ਾਂ ਦੀ ਮਹਾਨ ਕਰਮ ਭੂਮੀ ਰਤਵਾੜਾ ਸਾਹਿਬ ਵਿਖੇ ਸਲਾਨਾ ਸਮਾਗਮ ਉਪਰ ਜਰੂਰ ਹੀ ਹਾਜਰੀ ਭਰਨੀ ਹੈ ਜਿੰਦਗੀ ਦੇ ਆਖਰੀ 90ਵੇਂ ਸਾਲ ਦੇ ਵਿੱਚ ਵੀ ਉਨ੍ਹਾ ਨੇ ਆਪਣੀ ਹਾਜਰੀ ਮਹਾਂਪੁਰਸ਼ਾਂ ਦੀ ਸੱਤਵੀਂ ਬਰਸੀ ਸਮਾਗਮ ਉਪੱਰ ਭਰ ਕੇ ਥੋੜੇ ਦਿਨਾਂ ਬਾਅਦ ਹੀ ਅਮਰੀਕਾ ਜਾ ਕੇ ਸਰੀਰ ਦਾ ਪਰਿਤਿਆਗ ਕਰ ਦਿਤਾ ਹੈ। ਐਸੇ ਪ੍ਰੇਮੀਆਂ ਦੇ ਦ੍ਰਿੜ ਇਰਾਦੇ ਵਿਸ਼ਵਾਸ਼ ਸਾਡੇ ਵਾਸਤੇ ਵੀ ਪ੍ਰੇਰਨਾਂ ਦਾ ਸਰੋਤ ਹਨ ਕਿ ਆਪਣੇ ਪਿਆਰੇ ਦੇ ਪਿਆਰ ਅੰਦਰ ਪ੍ਰੇਮ ਨੇਮ ਨੂੰ ਨਿਭਾਉਣਾ ਸਾਡਾ ਪਰਮ ਫਰਜ਼ ਹੈ। ਇਸੇ ਤਰ੍ਹਾਂ ਦੇ ਨਾਲ ਉਨ੍ਹਾਂ ਦੇ ਅੰਤਿਮ ਸੰਸਕਾਰ ਸਮੇਂ ਅੰਤਿਮ ਅਰਦਾਸ ਦੇ ਵਿੱਚ ਸ਼ਾਮਲ ਹੋਣ ਵਾਸਤੇ ਹਜਾਰਾ ਦੀ ਤਾਦਾਦ ਵਿੱਚ ਦੇਸ਼ਾਂ ਵਿਦੇਸ਼ਾਂ ਤੋਂ ਸਤਿਸੰਗੀ ਪ੍ਰੇਮੀ ਪਹੁੰਚੇ ਸਨ। ਗੁਰਦੁਆਰਾ ਰਤਵਾੜਾ ਸਾਹਿਬ ਤੋਂ ਵੀ ਪਰਮ ਪੂਜਯ ਸਤਿਕਾਰਯੋਗ ਬੀਜੀ ਦੇ ਅਸ਼ੀਰਵਾਦ ਨਾਲ ਬਾਬਾ ਹਰਪਾਲ ਸਿੰਘ ਜੀ ਆਪਣੇ ਸਾਰੇ ਰੁਝੇਵੇਂ ਛੱਡ ਕੇ ਪਿਆਰ ਵਸ ਅੰਤਮ ਅਰਦਾਸ ਵਿੱਚ ਸ਼ਾਮਲ ਹੋਏ। ਬਾਬਾ ਜੀ ਦਾ ਅੰਤਿਮ ਸਮਾਂ ਬਹੁਤ ਹੀ ਸੁਖੈਨ ਤਰੀਕੇ ਦੇ ਨਾਲ ਗੁਰੂ ਨਾਨਕ ਪਤਿਸ਼ਾਹ ਨੂੰ ਯਾਦ ਕਰਦੇ ਹੋਏ ਧੰਨ ਧੰਨ ਕਹਿੰਦੇ ਹੋਏ ਪੂਰਾ ਹੋਇਆ ਹੈ। ਗੁਰੂ ਪਤਿਸ਼ਾਹ ਨੇ ਅੰਤਮ ਅਰਦਾਸ ਉਪਰੰਤ ਜੋ ਹੁਕਮਨਾਮਾ ਬਖਸ਼ਿਆ ਉਸ ਦੇ ਵਿੱਚ

ਪਰਮ ਸਤਿਕਾਰਯੋਗ ਬੀਜੀ ਦੀ ਆਗਿਆ ਆਨੁਸਾਰ ਸੰਤ ਬਾਬਾ ਹਰਪਾਲ ਸਿੰਘ ਜੀ ਦੀ ਅਮਰੀਕਾ ਪ੍ਰਚਾਰ ਫੇਰੀ ਸਮੇਂ ਦੇ ਵੱਖ ਵੱਖ ਦ੍ਰਿਸ਼।







ਵੀ ਇਹ ਹੀ ਫੁਰਮਾਨ ਕੀਤਾ ਹੈ–

*ਸਲੋਕੁ ਮਃ ੩ ॥*
*ਏ ਮਨ ਹਰਿ ਜੀ ਧਿਆਇ ਤੂ*
*ਇਕ ਮਨਿ ਇਕ ਚਿਤਿ ਭਾਇ ॥*
*ਹਰਿ ਕੀਆ ਸਦਾ ਸਦਾ ਵਡਿਆਈਆ*
*ਦੇਇ ਨ ਪਛੁਤਾਇ ॥*
*ਹਉ ਹਰਿ ਕੈ ਸਦ ਬਲਿਹਾਰਣੈ*
*ਜਿਤੁ ਸੇਵਿਐ ਸੁਖੁ ਪਾਇ ॥*
*ਨਾਨਕ ਗੁਰਮੁਖਿ ਮਿਲਿ ਰਹੈ*
*ਹਉਮੈ ਸਬਦਿ ਜਲਾਇ ॥੧॥ ਮਃ ੩ ॥*
*ਆਪੇ ਸੇਵਾ ਲਾਇਅਨੁ ਆਪੇ ਬਖਸ ਕਰੇਇ ॥*
*ਸਭਨਾ ਕਾ ਮਾ ਪਿਉ ਆਪਿ ਹੈ ਆਪੇ ਸਾਰ ਕਰੇਇ ॥*
*ਨਾਨਕ ਨਾਮੁ ਧਿਆਇਨਿ ਤਿਨ ਨਿਜ ਘਰਿ ਵਾਸੁ ਹੈ*
*ਜੁਗੁ ਜੁਗੁ ਸੋਭਾ ਹੋਇ ॥੨॥ ਪਉੜੀ ॥*
*ਤੂ ਕਰਣ ਕਾਰਣ ਸਮਰਥੁ ਹਹਿ ਕਰਤੇ*
*ਮੈ ਤੁਝ ਬਿਨੁ ਅਵਰੁ ਨ ਕੋਈ ॥*
*ਤੁਧੁ ਆਪੇ ਸਿਸਟਿ ਸਿਰਜੀਆ ਆਪੇ ਫੁਨਿ ਗੋਈ ॥*
*ਸਭੁ ਇਕੋ ਸਬਦੁ ਵਰਤਦਾ ਜੋ ਕਰੇ ਸੁ ਹੋਈ ॥*
*ਵਡਿਆਈ ਗੁਰਮੁਖਿ ਦੇਇ ਪ੍ਰਭੁ ਹਰਿ ਪਾਵੈ ਸੋਈ ॥*
*ਗੁਰਮੁਖਿ ਨਾਨਕ ਆਰਾਧਿਆ ਸਭਿ ਆਖਹੁ*
*ਧੰਨੁ ਧੰਨੁ ਧੰਨੁ ਗੁਰੁ ਸੋਈ ॥੨੯॥੧॥*

ਸੰਗਤਾਂ ਦੇ ਪ੍ਰੇਮ ਵਸ ਅਨੇਕਾਂ ਹੀ ਅਸਥਾਨਾਂ ਤੇ ਪਹੁੰਚ ਕੇ ਪਤਾ ਲਗਦਾ ਹੈ ਕਿ ਕਿਵੇਂ ਮਹਾਂਪੁਰਸ਼ਾਂ ਦੇ ਸਤਿਸੰਗੀ ਉਨ੍ਹਾਂ ਦੀ ਦਰਸਾਈ ਜੁਗਤ ਅਨੁਸਾਰ ਗੁਰਮੰਤਰ ਅਭਿਆਸ ਨਿਰੰਤਰ ਜਾਰੀ ਰੱਖ ਰਹੇ ਹਨ। ਜਗ੍ਹਾ ਜਗ੍ਹਾ ਸੰਸਾਰ ਦੇ ਹਰ ਕੋਨੇ ਵਿੱਚ ਗੁਰਬਾਣੀ ਦਾ ਪਿਆਰ ਭਰਿਆ ਰੂਹਾਨੀ ਸਨੇਹਾ ਆਤਮ ਮਾਰਗ ਮੈਗਜ਼ੀਨ ਰਾਹੀਂ ਪਹੁੰਚ ਰਿਹਾ ਹੈ। ਪਿਆਰ ਵਾਲੀਆਂ ਸੰਗਤਾਂ ਇਸ ਸ਼ਬਦ ਲੰਗਰ ਨੂੰ ਨਿਰੰਤਰ ਜਾਰੀ ਰੱਖਣ ਵਾਸਤੇ ਆਪਣਾ ਤਨ ਮਨ ਧਨ ਨਾਲ ਪੂਰਾ ਸਹਿਯੋਗ ਦੇ ਰਹੀਆਂ ਹਨ। ਹੁਣ ਵੀ ਜੋ ਪ੍ਰੇਮੀ ਵਤਨਾਂ ਤੋਂ ਦੂਰ ਵਿਦੇਸ਼ਾਂ ਵਿੱਚ ਬੈਠੇ ਹਨ। ਉਨ੍ਹਾਂ ਦੀ ਇੱਕ ਹੀ ਚਾਹਤ ਹੈ ਕਿ ਇਸ ਤਰ੍ਹਾਂ ਦੇ ਪਰਉਪਕਾਰੀ ਕਾਰਜਾਂ ਨੂੰ ਸੰਸਾਰਕ ਜੀਵਾਂ ਦੇ ਭਲੇ ਵਾਸਤੇ ਸਦਾ ਵਾਸਤੇ ਹੀ ਪਰਵਾਹ ਚਲਦੇ ਰੱਖ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਜਾ ਸਕਣ।

ਬਾਬਾ ਸਾਧੂ ਸਿੰਘ ਜੀ ਰਤਵਾੜਾ ਸਾਹਿਬ ਦਾ ਪਹਿਲਾ ਜੀਵਨ ਬਹੁਤ ਹੀ ਔਗਣ ਭਰਪੂਰ ਸੀ। ਜਦੋਂ 1980 ਵਿੱਚ ਮਹਾਂਪੁਰਸ਼ ਆਪਣਾ ਯੂ.ਪੀ. ਵਿੱਚ ਫਾਰਮ ਵੇਚ ਕੇ ਚੰਡੀਗੜ੍ਹ ਦੇ ਇਲਾਕੇ ਵਿੱਚ ਆਏ ਤਾਂ ਉਨ੍ਹਾਂ ਨੇ ਕੰਢੀ ਦੇ ਪੱਛੜੇ ਇਲਾਕੇ ਵਿੱਚ ਆਪਣੇ ਕੋਲੋਂ ਸਾਰਾ ਖਰਚ ਕਰਕੇ ਨਾਮ ਬਾਣੀ ਦਾ ਪ੍ਰਚਾਰ ਅਰੰਭਿਆ ਤਾਂ ਬਾਬਾ ਸਾਧੂ ਸਿੰਘ ਨੇ ਅੰਮ੍ਰਿਤ ਛਕ ਲਿਆ ਸੀ। ਬਾਬਾ ਸਾਧੂ ਸਿੰਘ ਨੂੰ ਔਗਣਾ ਦਾ ਪਸਚਾਤਾਪ ਕਰਨ ਵਾਸਤੇ ਮਹਾਂਪੁਰਸ਼ਾਂ ਨੇ ਪਹਿਲਾਂ 25 ਪਾਠ ਜਪੁਜੀ ਸਾਹਿਬ ਕਰਨ ਦਾ ਨਿਤਨੇਮ ਦੱਸਿਆ ਅਤੇ ਉਪਰੰਤ ਨਾਮ ਅਭਿਆਸ ਗੁਰਮੰਤਰ ਦਾ ਸਵਾਸ ਸਵਾਸ ਦੇ ਨਾਲ ਕਰਨ ਦੀ ਜੁਗਤੀ ਸਮਝਾਈ ਸੀ। ਮਹਾਂਪੁਰਸ਼ਾਂ ਦੁਆਰਾ ਦਰਸਾਈ ਜੁਗਤ ਅਨੁਸਾਰ ਗੁਰਮੰਤਰ ਅਭਿਆਸ ਕਰਦੇ ਹੋਏ

ਪਰਮ ਸਤਿਕਾਰਯੋਗ ਬੀਜੀ ਦੀ ਆਗਿਆ ਅਨੁਸਾਰ ਸੰਤ ਬਾਬਾ ਹਰਪਾਲ ਸਿੰਘ ਜੀ ਦੀ ਅਮਰੀਕਾ ਪ੍ਰਚਾਰ ਫੇਰੀ ਸਮੇਂ ਦੇ ਵੱਖ ਵੱਖ ਦ੍ਰਿਸ਼।







ਅੰਮ੍ਰਿਤਵੇਲੇ ਨਿਤਨੇਮ ਉਪਰੰਤ ਸਰੀਰ ਦਾ ਤਿਆਗ ਯੋਗੀਆਂ ਵਾਗੂੰ ਸਾਰਾ ਦੱਸ ਕੇ ਕਰ ਗਏ ਸਨ। ਮਹਾਂਪੁਰਸ਼ਾਂ ਦੀ ਸੰਗਤ ਜੀਵਾਂ ਨੂੰ ਜਮਾਂ ਦੀ ਮਾਰ ਤੋਂ ਬਚਾਉਂਦੀ ਹੈ –

*ਕਬੀਰ ਜਮ ਕਾ ਠੇਂਗਾ ਬੁਰਾ ਹੈ*
*ਓਹੁ ਨਹੀ ਸਹਿਆ ਜਾਇ ॥*
*ਏਕੁ ਜੁ ਸਾਧੂ ਮੋੁਹਿ ਮਿਲਿਓ ਤਿਨ੍ਹਿ ਲੀਆ*
*ਅੰਚਲਿ ਲਾਇ ॥ ੭੮ ॥ ਅੰਗ – ੧੩੬੮*

ਮਹਾਂਪੁਰਸ਼ਾਂ ਦੇ ਜਨਮ ਨਗਰ ਧਮੋਟ ਦੇ ਲਾਲਾ ਅਮਰ ਨਾਥ ਦੀ ਅਮਰ ਕਹਾਣੀ ਰਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਨਾਲ ਸਬੰਧਤ ਹੈ। ਲਾਲਾ ਅਮਰ ਨਾਥ ਦੇ ਸੌਹਰੇ ਘਰ ਘਣਗਸਾਂ ਨਗਰ ਵਿਖੇ ਸਨ। ਲਾਲਾ ਜੀ ਜਾਂਦੇ ਹੋਏ ਰਸਤੇ ਵਿੱਚ ਰਾੜਾ ਸਾਹਿਬ ਮਹਾਂਪੁਰਸ਼ਾਂ ਨੂੰ ਨਮਸ਼ਕਾਰ ਹੀ ਕਰਦੇ ਸਨ ਇਸ ਕੀਤੀ ਹੋਈ ਨਮਸ਼ਕਾਰ ਦਾ ਹੀ ਫਲ ਉਨ੍ਹਾਂ ਨੂੰ ਇਹ ਮਿਲਿਆ –

*ਤੁਧੁ ਸਾਲਾਹਨਿ ਤਿਨ ਧਨੁ*
*ਪਲੈ ਨਾਨਕ ਕਾ ਧਨੁ ਸੋਈ ॥*
*ਜੇ ਕੋ ਜੀਉ ਕਹੈ ਓਨਾ ਕਉ*
*ਜਮ ਕੀ ਤਲਬ ਨ ਹੋਈ ॥ ਅੰਗ – ੧੩੨੮*

ਲਾਲਾ ਜੀ ਦੁਆਰਾ ਆਪਣੇ ਮੁਖਾਰਬਿੰਦ ਤੋਂ ਸੁਣਾਈ ਆਪ ਬੀਤੀ ਅੱਜ ਵੀ ਸਾਨੂੰ ਨਸੀਹਤ ਦੇ ਰਹੀ ਹੈ ਕਿ ਨਾਮ ਜਪਣ ਵਾਲਿਆਂ ਨੂੰ ਫਤਹਿ ਬਲਾਉਣ ਦਾ ਹੀ ਫਲ ਕਿੰਨਾ ਵੱਡਾ ਹੈ। ਜਦੋਂ ਲਾਲਾ ਜੀ ਸਰੀਰ ਛਡ ਕੇ ਸੰਸਾਰ ਤੋਂ ਜਾ ਰਹੇ ਸਨ ਤਾਂ ਉਨ੍ਹਾਂ ਨੂੰ ਕੀਤੇ ਬੁਰੇ ਕਰਮਾਂ ਦਾ ਫਲ ਜਮ੍ਹਾਂ ਦੀ ਮਾਰ ਦਾ ਮਿਲਣਾ ਸੀ ਜਦੋਂ ਕੀਤੇ ਪਾਪ ਕਰਮ ਸਾਹਮਣੇ ਆਏ ਤਾਂ ਮਹਾਂਪੁਰਸ਼ਾਂ ਨੂੰ ਯਾਦ ਕੀਤਾ –

*ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥*
*ਮਨ ਕੀ ਕਟੀਐ ਮੈਲੁ ਸਾਧਸੰਗਿ ਵੁਠਿਆ ॥*
*ਅੰਗ – ੫੨੦*

ਨਾਮ ਨਾਲ ਸੁਰਤਿ ਜੁੜ ਗਈ ਤੇ ਵਾਅਦਾ ਕੀਤਾ ਕਿ ਮੈਂ ਆਪਣੀ 25 ਵੀਘੇ ਜਮੀਨ ਰਾੜਾ ਸਾਹਿਬ ਦੇ ਨਾਮ ਕਰਵਾ ਦੇਵਾਂਗਾ। ਲਾਲਾ ਜੀ ਸਰੀਰ ਵਿੱਚ ਫੇਰ ਸੁਰਜੀਤ ਹੋ ਗਏ ਘਰ ਵਿੱਚ ਖੁਸ਼ੀਆਂ ਮਨਾਈਆਂ ਗਈਆਂ। ਲਾਲਾ ਜੀ ਆਪਣੇ ਕੀਤੇ ਵਾਅਦੇ ਮੁਤਾਬਿਕ ਗੁਰਦੁਆਰਾ ਕਰਮਸਰ ਰਾੜਾ ਸਾਹਿਬ ਵਿਖੇ ਪਹੁੰਚ ਕੇ ਆਪਣੀ ਜਮੀਨ ਦੀ ਪ੍ਰੇਮ ਭੇਟਾ ਕਰਨ ਦੀ ਬੇਨਤੀ ਕੀਤੀ ਤਾਂ ਵੱਡੇ ਸੰਤ ਮਹਾਰਾਜ ਸ੍ਰੀ ਮਾਨ ਸੰਤ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਨੇ ਕਿਹਾ ਕੇ ਅਸੀਂ ਤਾਂ ਨਿਰਵਿਰਤੀ ਵਿੱਚ ਰਹਿੰਦੇ ਹਾਂ। ਤੁਸੀਂ ਛੋਟੇ ਸੰਤਾਂ (ਸੰਤ ਕਿਸ਼ਨ ਸਿੰਘ ਜੀ ਮਹਾਰਾਜ ਰਾੜਾ ਸਾਹਿਬ) ਨੂੰ ਇਹ ਆਪਣੀ ਬੇਨਤੀ ਕਰੋ। ਛੋਟੇ ਸੰਤਾਂ ਨੇ ਕਿਹਾ ਕਿ ਲਾਲਾ ਜੀ ਅਸੀਂ ਧਮੋਟ ਕਿਵੇਂ ਖੇਤੀ ਕਰਨ ਜਾਵਾਂਗੇ ਤੁਸੀਂ ਇਸ ਤਰ੍ਹਾਂ ਦੇ ਨਾਲ ਕਰੋ ਕਿ ਜਮੀਨ ਦੀ ਜੋ ਕੀਮਤ ਅਸੀਂ ਤਹਿ ਕਰਾਂਗੇ ਉਸ ਨੂੰ ਤੁਹਾਨੂੰ ਮੰਨਣਾ ਪਵੇਗਾ। ਉਸ ਸਮੇਂ ਜੋ ਸੰਤਾਂ ਨੇ ਜ਼ਮੀਨ ਦੀ ਕੀਮਤ ਪਾਈ ਲਾਲਾ ਜੀ ਨੇ ਸੇਵਾ ਕਰਾਈ ਇਸ ਦੀ ਜਿਉਂਦੀ ਜਾਗਦੀ ਗੁ. ਕਰਮਸਰ ਰਾੜਾ ਸਾਹਿਬ ਦੀ ਕੰਧ ਵਿੱਚ ਛੋਟੇ ਸੰਤਾਂ ਦੀ ਰਿਹਾਇਸ਼ ਅੱਗੇ ਪੱਥਰ ਉਪਰ ਅੰਕਿਤ ਹੈ।

ਪਰਮ ਸਤਿਕਾਰਯੋਗ ਬੀਜੀ ਦੀ ਆਗਿਆ ਆਨੁਸਾਰ ਸੰਤ ਬਾਬਾ ਹਰਪਾਲ ਸਿੰਘ ਜੀ ਦੀ ਅਮਰੀਕਾ ਪ੍ਰਚਾਰ ਫੇਰੀ ਸਮੇਂ ਦੇ ਵੱਖ ਵੱਖ ਦ੍ਰਿਸ਼।







# ਸਤਿਸੰਗ ਮਹਿਮਾਂ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

*ਸਤਿਨਾਮ ਸ੍ਰੀ ਵਾਹਿਗੁਰੂ*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥*
*ਅੰਗ - ੨੮੯*

*ਧਾਰਨਾ - ਰਾਖੋ ਰਾਖਨਹਾਰ ਦਇਆਲਾ,*
*ਨਾਨਕ ਘਰ ਕੇ ਗੋਲੇ ਜੀ।*

*ਤੁਮ ਦਾਤੇ ਠਾਕੁਰ ਪ੍ਰਤਿਪਾਲਕ*
*ਨਾਇਕ ਖਸਮ ਹਮਾਰੇ ॥*
*ਨਿਮਖ ਨਿਮਖ ਤੁਮ ਹੀ ਪ੍ਰਤਿਪਾਲਹੁ*
*ਹਮ ਬਾਰਿਕ ਤੁਮਰੇ ਧਾਰੇ ॥੧॥*
*ਜਿਹਵਾ ਏਕ ਕਵਨ ਗੁਨ ਕਹੀਐ ॥*
*ਬੇਸੁਮਾਰ ਬੇਅੰਤ ਸੁਆਮੀ*
*ਤੇਰੋ ਅੰਤੁ ਨ ਕਿਨ ਹੀ ਲਹੀਐ ॥੧॥ ਰਹਾਉ ॥*
*ਕੋਟਿ ਪਰਾਧ ਹਮਾਰੇ ਖੰਡਹੁ*
*ਅਨਿਕ ਬਿਧੀ ਸਮਝਾਵਹੁ ॥*
*ਹਮ ਅਗਿਆਨ ਅਲਪ ਮਤਿ ਥੋਰੀ*
*ਤੁਮ ਆਪਨ ਬਿਰਦੁ ਰਖਾਵਹੁ ॥੨॥*
*ਤੁਮਰੀ ਸਰਣਿ ਤੁਮਾਰੀ ਆਸਾ*
*ਤੁਮ ਹੀ ਸਜਨ ਸੁਹੇਲੇ ॥*
*ਰਾਖਹੁ ਰਾਖਨਹਾਰ ਦਇਆਲਾ*
*ਨਾਨਕ ਘਰ ਕੇ ਗੋਲੇ ॥ ਅੰਗ - ੬੭੪*

*ਧਾਰਨਾ - ਸੁਣਿਓ ਮੇਰੇ ਮੀਤਾ*
*ਮਹਿਮਾ ਸਾਧੂਆਂ ਦੇ ਸੰਗ ਦੀ।*

*ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ ॥*
*ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ ॥੧॥*
*ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ ॥*
*ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ॥*
*ਅੰਗ - ੮੦੯*

ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਉਨ੍ਹਾਂ ਪਿਆਰਿਆਂ ਦੀ ਮਹਿਮਾਂ ਦੱਸ ਰਹੇ ਨੇ, ਜਿਨ੍ਹਾਂ ਨੇ ਪ੍ਰਮੇਸ਼ਰ ਦੇ ਵਿਚ ਅਭੇਦਤਾ ਹਾਸਲ ਕਰ ਲਈ ਹੈ। ਆਪਣੀ ਮਹਿਮਾ ਨਹੀਂ ਮਹਾਰਾਜ ਦੱਸ ਰਹੇ। ਸਾਧੂਆਂ ਦੀ ਮਹਿਮਾ ਦੱਸ ਰਹੇ ਨੇ। ਸਾਧਨਾ ਸੰਪੰਨ ਜਿਸਨੂੰ ਗਿਆਨ ਦੀ ਪ੍ਰਾਪਤੀ ਹੋ ਗਈ, ਉਹ ਸਾਧੂ ਹੋਇਆ ਕਰਦਾ ਹੈ, ਉਹਦੇ ਬਗੈਰ ਰੂਹਾਨੀ ਸਫਰ ਨਹੀਂ ਤਹਿ ਹੋਇਆ ਕਰਦਾ। ਜ਼ਰੂਰੀ ਹੈ, ਮਹਾਰਾਜ ਕਹਿੰਦੇ ਉਨ੍ਹਾਂ ਦੀ ਸੋਭਾ ਕਹੀ ਨਹੀਂ ਜਾਂਦੀ।

*ਤਿਨ ਕੀ ਸੋਭਾ ਕਿਆ ਗਣੀ*
*ਜਿ ਸਾਹਿਬਿ ਮੇਲੜੀਆਹ ॥ ਅੰਗ - ੧੩੫*

ਸਾਹਿਬ ਨੂੰ ਇਕ ਤਾਂ ਨਹੀਂ ਮਿਲਦਾ, ਬੇਅੰਤ ਕਰੋੜਾਂ ਬ੍ਰਹਿਮੰਡ ਨੇ, ਖਰਬਾਂ ਬ੍ਰਹਿਮੰਡ ਨੇ, ਖਰਬਾਂ ਬ੍ਰਹਿਮੰਡਾਂ 'ਚੋਂ ਮਿਲਦੇ ਹੀ ਜਾਂਦੇ ਨੇ। ਉਨ੍ਹਾਂ ਦੀ ਮਹਿਮਾਂ ਬਹੁਤ ਉਚੀ ਮਹਾਰਾਜ ਜੀ ਨੇ ਫੁਰਮਾਨ ਕੀਤੀ ਹੈ -

*ਧਾਰਨਾ - ਮਹਿਮਾਂ ਸੰਤਾਂ ਦੀ ਵੇਦ ਨ ਜਾਣਦੇ।*

*ਸਾਧ ਕੀ ਮਹਿਮਾ ਬੇਦ ਨ ਜਾਨਹਿ ॥*
*ਜੇਤਾ ਸੁਨਹਿ ਤੇਤਾ ਬਖਿਆਨਹਿ ॥ ਅੰਗ - ੨੭੨*

ਦੁਨੀਆਂਦਾਰ ਦੀ ਮਹਿਮਾ ਨਹੀਂ ਗੁਰੂ ਮਹਾਰਾਜ ਨੇ ਕਥੀ, ਨਾ ਗਿਆਨੀਆਂ ਦੀ ਕਥੀ ਹੈ, ਨਾ ਲੈਕਚਰਾਰਾਂ ਦੀ, ਨਾ ਪੜ੍ਹਿਆਂ ਲਿਖਿਆਂ ਦੀ, ਨਾ ਪੈਸੇ ਵਾਲਿਆਂ ਦੀ; ਮਹਾਰਾਜ ਨੇ ਤਾਂ ਉਨ੍ਹਾਂ ਨੂੰ ਭਾਗਸ਼ੀਲ ਆਖਿਆ ਹੈ -

*ਭਾਗਠੜੇ ਹਰਿ ਸੰਤ ਤੁਮ੍ਾਰੇ*
*ਜਿਨ੍ ਘਰਿ ਧਨੁ ਹਰਿ ਨਾਮਾ ॥*
*ਪਰਵਾਣੁ ਗਣੀ ਸੇਈ ਇਹ ਆਏ*
*ਸਫਲ ਤਿਨਾ ਕੇ ਕਾਮਾ ॥ ਅੰਗ - ੭੪੯*

ਸਾਧੂ ਦੀ ਮਹਿਮਾ ਦਾ ਜ਼ਿਕਰ ਬਾਰ-ਬਾਰ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿਚ ਆਉਂਦਾ ਹੈ, ਸਾਡੀ ਭਾਰਤੀ ਸੰਸਕ੍ਰਿਤੀ ਦੇ ਅੰਦਰ ਬ੍ਰਹਮਾ ਜੀ ਦੇ ਮੁਖ ਤੋਂ ਵੇਦਾਂ ਦੀ ਰਚਨਾ ਹੋਈ। ਕਿਉਂਕਿ ਰਚਨਾ ਕਰਨ ਵਾਲਾ ਜੋ ਦੇਵ ਸੀ -

*ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥*
*ਅੰਗ - ੭*

ਸੰਸਾਰੀ ਇਸਨੂੰ ਆਖਿਆ ਗਿਆ ਹੈ, ਰਚਨਾ ਕਰਦਾ ਹੈ ਸੰਸਾਰ ਦੀ। ਪ੍ਰਕ੍ਰਿਤੀ ਦੇ, ਮਾਇਆ ਮੰਡਲ 'ਚੋਂ ਆਖਰੀ ਹੱਦ ਦੇ ਉਤੇ ਇਹਦੀ ਪਦਵੀ ਹੈ ਤੇ ਇਹਨੇ ਵੇਦ ਰਚੇ ਨੇ, ਵੇਦ ਜਿਹੜੇ ਨੇ ਅਤਿ ਉਤਮ ਕਿਸਮ ਦੀ ਗਿਆਨ ਭਰੀ ਹੋਈ ਬਾਣੀ ਹੈ। ਉਸ ਤੋਂ ਉਤੇ ਕੋਈ ਹੋਰ ਗ੍ਰੰਥ ਗਿਣਿਆ ਨਹੀਂ ਜਾ ਸਕਦਾ। ਮਹਾਰਾਜ ਕਹਿੰਦੇ ਉਸਨੂੰ ਵੀ ਮਹਿਮਾ ਦਾ ਨਹੀਂ ਪਤਾ ਹੈ ਕਿ ਸਾਧੂ ਕੀ ਹੁੰਦਾ ਹੈ? ਕਿਉਂਕਿ ਸਾਧੂ ਜਿਹੜਾ ਹੁੰਦਾ ਹੈ ਉਹ ਰਜੋ ਗੁਣ, ਤਮੋ ਗੁਣ, ਸਤੋ ਗੁਣ ਤੋਂ ਉਤੇ ਹੋ ਕੇ ਤੁਰੀਆ ਅਤੀਤ

ਅਵਸਥਾ 'ਚ ਹੁੰਦਾ ਹੈ। ਤੁਰੀਆਂ ਅਤੀਤ ਅਵਸਥਾ ਅਨੁਭਵ ਦੀ ਬੋਲੀ ਹੈ। ਅਨੁਭਵ ਦੀ ਸੂਝ ਹੈ, ਲਿਖਣ ਪੜ੍ਹਨ ਵਿਚ ਨਹੀਂ ਉਹ ਆਉਂਦੀ ਹੁੰਦੀ। ਨਾ ਲਿਖ ਪੜ੍ਹ ਕੇ ਜਾਣਦਾ ਹੈ, ਜਿਥੇ ਲਿਖਾਂਗੇ ਪੜ੍ਹਾਂਗੇ ਉਥੇ ਤਿੰਨ ਗੁਣਾਂ ਦੇ ਵਿਚੋਂ ਰਜੋ ਗੁਣ, ਤਮੋ ਗੁਣ, ਸਤੋ ਗੁਣ ਦੇ ਵਿਚ ਲਿਖਿਆ ਜਾਏਗਾ। ਏਸ ਕਰਕੇ ਤਿੰਨ ਗੁਣਾਂ ਤੋਂ ਉਚਾ ਸਾਧੂ ਹੋਣ ਕਰਕੇ -

*ਸਾਧ ਕੀ ਮਹਿਮਾ ਬੇਦ ਨ ਜਾਨਹਿ ॥*
*ਜੇਤਾ ਸੁਨਹਿ ਤੇਤਾ ਬਖਿਆਨਹਿ ॥*
*ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ ॥*
*ਅੰਗ - ੨੭੨*

ਰਜੋ ਗੁਣ, ਤਮੋ ਗੁਣ, ਸਤੋ ਗੁਣ ਤੋਂ ਬਹੁਤ ਦੂਰ ਹੈ, ਅਛੋਹ ਹੈ ਨਹੀਂ ਜਾਣ ਸਕਦੀ -

*ਸਾਧ ਕੀ ਉਪਮਾ ਰਹੀ ਭਰਪੂਰਿ ॥*
*ਸਾਧ ਕੀ ਸੋਭਾ ਕਾ ਨਾਹੀ ਅੰਤ ॥*
*ਸਾਧ ਕੀ ਸੋਭਾ ਸਦਾ ਬੇਅੰਤ ॥*
*ਸਾਧ ਕੀ ਸੋਭਾ ਊਚ ਤੇ ਊਚੀ ॥ ਅੰਗ - ੨੭੨*

ਜਿੰਨੀ ਕਹਿ ਦੇਵਾਂਗੇ ਉਸ ਤੋਂ ਅੱਗੇ ਫੇਰ ਹੈ, ਜੇ ਹੋਰ ਕੁਛ ਕਹਿ ਦਿਤਾ, ਉਸ ਤੋਂ ਅੱਗੇ ਹੋਰ ਹੈ -

*ਸਾਧ ਕੀ ਸੋਭਾ ਮੂਚ ਤੇ ਮੂਚੀ ॥*
*ਸਾਧ ਕੀ ਸੋਭਾ ਸਾਧ ਬਨਿ ਆਈ ॥*
*ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥ ਅੰਗ - ੨੭੨*

ਸਾਧ ਨੂੰ ਜਾਣਦਾ ਕੌਣ ਹੈ? ਸਾਧੂ ਦੀ ਸੋਭਾ, ਸਾਧੂ ਦੀ ਮਹਿਮਾ ਸਾਧੂ ਹੀ ਜਾਣਦਾ ਹੈ, ਹੋਰ ਕਿਸੇ ਨੂੰ ਨਹੀਂ ਪਤਾ ਹੁੰਦਾ। ਪਰ ਸਾਧੂ ਹੋਵੇ ਭੇਖ ਨਾ ਹੋਵੇ, ਮੁਸ਼ਕਲ ਸਾਨੂੰ ਇਹ ਪੇਸ਼ ਆਉਂਦੀ ਹੈ ਕਿ ਸਾਧੂ ਮਿਲਦਾ ਨਹੀਂ। ਸਾਧੂ ਮਿਲਦਾ ਹੈ -

*ਪੂਰਬ ਕਰਮ ਅੰਕੁਰ ਜਬ ਪ੍ਰਗਟੇ*
*ਭੇਟਿਓ ਪੁਰਖੁ ਰਸਿਕ ਬੈਰਾਗੀ ॥*
*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ ॥ ਅੰਗ - 204*

ਸਾਧੂ ਦੇ ਮਿਲਣ ਨਾਲ ਦੋ ਗੱਲਾਂ ਹੁੰਦੀਆਂ ਨੇ। ਇਕ ਤਾਂ ਜਿਹੜੀ ਇਹਨੂੰ ਨੀਂਦ ਚੜ੍ਹੀ ਹੋਈ ਹੈ, ਮਾਇਆ ਦੀ, ਤਿੰਨਾਂ ਗੁਣਾਂ ਦੀ, ਖਰਬਾਂ ਸਾਲ ਤੋਂ ਇਹ ਸੁਪਨਾ ਟੁੱਟਣ 'ਚ ਨਹੀਂ ਆ ਰਿਹਾ। ਉਹ ਟੁੱਟ ਜਾਂਦਾ ਹੈ, ਤੱਤ ਗਿਆਨ ਦੇ ਵਿਚ ਜਾਗ ਆ ਜਾਂਦੀ ਹੈ। ਤਿੰਨਾਂ ਗੁਣਾਂ ਤੋਂ ਉਤੇ ਤ੍ਰਿਗੁਣ ਅਤੀਤ ਅਵਸਥਾ ਵਾਲਾ ਹੋ ਜਾਂਦਾ ਹੈ। ਦੂਸਰਾ ਜੋ ਅਗਿਆਨ ਦਾ ਹਨ੍ਹੇਰਾ ਹੈ ਜਿਸਨੇ ਸਾਰੇ ਸੰਸਾਰ ਨੂੰ ਆਪਣੇ ਵਿਚ; ਅੰਧਕਾਰ ਦੇ ਵਿਚ ਸਮੋਇਆ ਹੋਇਆ ਹੈ ਉਹ ਅੰਧੇਰਾ ਦੂਰ ਹੋ ਜਾਂਦਾ ਹੈ ਤੇ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ। ਦੋ ਚੀਜ਼ਾਂ ਸਾਧੂ ਦੇ ਮਿਲਾਪ ਨਾਲ ਹੋਇਆ ਕਰਦੀਆਂ ਨੇ। ਉਹਦੇ ਮਿਲਾਪ ਦੇ ਵਿਚ ਕਿਸੇ ਦੇ ਅਵਗੁਣ ਬਾਧਾ ਨਹੀਂ ਪਾਇਆ ਕਰਦੇ।

*ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ॥*
*ਅੰਗ - ੮੦੯*

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ ॥*
*ਖੰਨਲੀ ਧੋਤੀ ਉਜਲੀ ਨ ਹੋਵਈ*
*ਜੇ ਸਉ ਧੋਵਣਿ ਪਾਹੁ ॥ ਅੰਗ - ੬੫੧*

ਹੁਣ ਇਹਦਾ ਕਿਤੇ ਨਾ ਕਿਤੇ ਤਾਂ ਖਾਤਮਾ ਹੋਣਾ ਹੀ ਹੈ। ਕਿੰਨੀ ਕੁ ਮੈਲ ਲੱਗੀ ਹੋਈ ਹੈ? ਕਈ ਵਾਰੀ ਇਹ ਪ੍ਰਸ਼ਨ ਹੋਇਆ ਕਰਦਾ ਹੈ ਕਿ ਕੀ ਸਾਨੂੰ ਪਤਾ ਲਗ ਸਕਦਾ ਹੈ ਕਿ ਸਾਡੇ ਅੰਦਰੋਂ ਮੈਲ ਖਤਮ ਹੋ ਗਈ? ਸੰਤਾਂ ਨੂੰ ਅਨੁਭਵ ਹੁੰਦਾ ਹੈ; ਉਹ ਕਹਿੰਦੇ ਹਾਂ ਪਤਾ ਲਗ ਸਕਦਾ ਹੈ। ਕਿਵੇਂ ਪਤਾ ਲੱਗੇ? ਜਿੰਨਾਂ ਚਿਰ ਅੰਤਸ਼ਕਰਣ ਮੈਲਾ ਹੈ ਨਾ ਨਾਮ ਵਿਚ ਚਿਤ ਲੱਗੇ, ਨਾ ਬਾਣੀ 'ਚ ਚਿਤ ਲੱਗੇ; ਤੇ ਜਿਉਂ-ਜਿਉਂ ਅੰਤਸ਼ਕਰਣ ਦੀ ਮੈਲ ਲਹਿੰਦੀ ਜਾਏਗੀ; ਨਾਮ ਦਾ ਰਸ ਅੰਦਰ ਸ਼ੁਰੂ ਹੋ ਜਾਏਗਾ। ਨਾਮ ਦੇ ਵਿਚ ਸ਼ਮੂਲੀਅਤ ਮਿਲ ਜਾਏਗੀ। ਨਾਮ ਦਾ ਅੰਦਰ ਪ੍ਰਕਾਸ਼ ਹੋ ਜਾਏਗਾ ਤੇ ਮੈਲ ਸਮਝ ਲਓ ਕਿ ਲਹਿਣੀ ਸ਼ੁਰੂ ਹੋ ਜਾਏਗੀ। ਉਸ ਵੇਲੇ ਹੋਏਗਾ ਕੀ? ਉਸ ਵੇਲੇ ਇਕ ਐਸੀ ਅਵਸਥਾ ਆ ਜਾਏਗੀ, ਜਿਹਨੂੰ ਬਾਣੀ ਦੇ ਅੰਦਰ ਮਹਾਰਾਜ ਜੀ ਨੇ ਫੁਰਮਾਨ ਕਰਕੇ ਦੱਸਿਆ ਹੈ ਕਿ -

*ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥*
*ਨਾਨਕ ਅਵਰੁ ਨ ਜੀਵੈ ਕੋਇ ॥*
*ਜੇ ਜੀਵੈ ਪਤਿ ਲਥੀ ਜਾਇ ॥*
*ਸਭੁ ਹਰਾਮੁ ਜੇਤਾ ਕਿਛੁ ਖਾਇ ॥ ਅੰਗ - ੧੪੨*

ਉਹਦੇ ਅੰਦਰ ਜ਼ਿੰਦਗੀ ਦੀ ਰੌ ਰੁਮਕ ਜਾਏਗੀ। ਉਹ ਨਾਮ ਦੇ ਉਤੇ ਅਧਾਰਿਤ ਹੋ ਗਈ। ਜੇ ਨਾਮ ਵਿਸਰਦਾ ਹੈ, ਤਾਂ ਉਹਨੂੰ ਪਤਾ ਲਗ ਜਾਂਦਾ ਹੈ ਕਿ ਮੈਨੂੰ ਤਾਂ ਕੋਈ ਬਹੁਤ ਘਾਟਾ ਪੈ ਗਿਆ, ਮੈਨੂੰ ਕੋਈ ਬਹੁਤ ਨੁਕਸਾਨ ਹੋ ਰਿਹਾ ਹੈ। ਮੇਰਾ ਜੀਵਨ ਖਤਮ ਹੋ ਰਿਹਾ ਹੈ ਤੇ ਅਵਸਥਾ ਐਸੀ ਆ ਜਾਂਦੀ ਹੈ -

*ਧਾਰਨਾ - ਆਖਾ ਜੀਵਾ ਵਿਸਰੇ ਮਰ ਜਾਵਾਂ।*

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ*
*ਦੇਖਿ ਦਰਸੁ ਅਘਾਵੈ ॥ ਅੰਗ - ੭੦੮*

ਪੰਛੀਆਂ ਦੀਆਂ ਮਿਸਾਲਾਂ, ਮਛਲੀ ਦੀ ਮਿਸਾਲ ਦਿਤੀ ਮਹਾਰਾਜ ਜੀ ਨੇ, ਫੇਰ ਪਪੀਹੇ ਦੀ ਮਿਸਾਲ ਦਿਤੀ, ਫੇਰ ਹਰਨ ਦੀ; ਇਹ ਜ਼ਿੰਦਗੀ ਦੀ ਨਿਸ਼ਾਨੀ ਹੈ। ਇਹ ਸਮਝ ਲਓ ਕਿ

ਮੈਲ ਮੇਰੀ ਉਤਰ ਗਈ। ਹੁਣ ਮੇਰਾ ਅੰਤਸ਼ਕਰਣ ਮੈਲਾ ਨਹੀਂ ਰਿਹਾ। ਜਦ ਅੰਤਸ਼ਕਰਣ ਦਾ ਸ਼ੀਸ਼ਾ ਸਾਫ ਹੋਏਗਾ ਫੇਰ ਅੱਗੇ ਕੀ ਹੋਏਗਾ? ਅੱਗੇ ਵਾਹਿਗੁਰੂ ਦੇ ਦਰਸ਼ਨ ਨੇ। ਵਾਹਿਗੁਰੂ ਤਾਂ ਪ੍ਰੀਪੂਰਨ ਹੈ, ਹਰੇਕ ਦੇ ਅੰਦਰ ਬਾਹਰ ਹੈ -

*ਸੋ ਅੰਤਰਿ ਸੋ ਬਾਹਰਿ ਅਨੰਤ ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ ॥*
*ਅੰਗ - ੨੯੩*

ਲੇਕਿਨ ਸ਼ੀਸ਼ਾ ਮੈਲਾ ਹੋਣ ਕਰਕੇ ਉਹ ਨਜ਼ਰ ਨਹੀਂ ਆ ਰਿਹਾ, ਦਿਸਦਾ ਨਹੀਂ। ਹੁਣ ਜੇ ਤਾਂ ਹੋਰ ਚੀਜ਼ ਹੋਵੇ ਤਾਂ, ਤਾਂ ਸ਼ੀਸ਼ੇ ਦੀ ਸਫਾਈ ਹੋ ਜਾਵੇ; ਸ਼ੁਭ ਕਰਮਾਂ ਤੇ ਨਿਸ਼ਕਾਮ ਕਰਮਾਂ ਦੇ ਨਾਲ ਅੰਤਸ਼ਕਰਣ ਦੀ ਮੈਲ ਹਟਦੀ ਹੈ। ਸ਼ੁਭ ਕਰਮਾਂ ਦੀ ਪ੍ਰੇਰਨਾ ਮਹਾਂਪੁਰਸ਼ਾਂ ਤੋਂ ਮਿਲਦੀ ਹੈ; ਸਾਧੂ ਦੀ ਸੰਗਤ ਤੋਂ ਮਿਲਦੀ ਹੈ, ਸਾਧੂ ਦੇ ਬਚਨਾਂ ਤੋਂ ਮਿਲਦੀ ਹੈ; ਫੇਰ ਉਸ ਤੋਂ ਬਾਅਦ ਸ਼ੀਸ਼ਾ ਜਿਹੜਾ ਹੈ ਸਿੱਧਾ ਨਹੀਂ ਹੈ। ਟੇਢਾ ਤੇ ਵਿੰਗਾ ਹੈ, ਉਹਦੇ 'ਚ ਸ਼ਕਲ ਨਜ਼ਰ ਨਹੀਂ ਆਉਂਦੀ, ਪੁੱਠਾ ਹੈ। ਹੁਣ ਸ਼ੀਸ਼ਾ ਸਿੱਧਾ ਕਰਕੇ ਸਨਮੁਖ ਲਿਆਉਣ ਤੇ, ਆਤਮ ਤੱਤ ਦੇ ਸਨਮੁਖ ਲਿਆਉਣਾ ਹੈ, ਜਿਵੇਂ ਸੂਰਜ ਸ਼ੀਸ਼ੇ ਵਿਚੋਂ ਦੇਖਣਾ ਹੈ, ਐਉਂ ਪ੍ਰੀਪੂਰਨ ਵਾਹਿਗੁਰੂ ਨੂੰ ਅੰਤਸ਼ਕਰਣ ਦੇ ਸ਼ੀਸ਼ੇ 'ਚ ਦੇਖਣਾ ਹੈ, ਉਹ ਤਾਂ ਹੋਏਗਾ, ਜੇ ਸ਼ੀਸ਼ਾ ਸਿੱਧਾ ਹੋ ਜਾਏਗਾ। ਉਹ ਸਿੱਧਾ ਤਾਂ ਹੋਏਗਾ ਜੇ ਟਿਕ ਜਾਏਗਾ। ਉਹ ਟਿਕਣ ਵਾਸਤੇ ਉਪਾਸਨਾ ਹੁੰਦੀ ਹੈ। ਉਪਾਸਨਾ ਦੋ ਤਰ੍ਹਾਂ ਦੀ ਹੈ, ਇਕ ਅੰਤਰੀਵ ਉਪਾਸਨਾ, ਉਹਨੂੰ ਅੰਤਰੰਗ ਕਹਿੰਦੇ ਨੇ, ਦੂਸਰੀ ਬਾਹਰਲੀ ਉਪਾਸ਼ਨਾ ਹੈ। ਆਪਣੇ ਈਸ਼ਟ ਦੀ ਬਾਹਰੋਂ ਸੇਵਾ ਕਰਨੀ। ਆਪਣੇ ਈਸ਼ਟ ਨੂੰ ਆਗਿਆ ਚੱਕਰ 'ਚ ਨਿਵਾਸ ਦੇ ਕੇ, ਬਿਠਾ ਕੇ ਉਹਦੀ ਫੇਰ ਵਿਧੀਪੂਰਵਕ ਸੇਵਾ ਕਰਨੀ। ਹਰ ਬੰਦੇ ਦੇ ਸਮਝ ਵਿਚ ਨਹੀਂ ਆਉਂਦੀ ਇਹ ਗੱਲ; ਬੰਦਗੀ ਕਰੇ ਲਗਾਤਾਰ ਤਾਂ ਜਾ ਕੇ ਕਿਤੇ ਇਹ ਗੱਲ ਸਮਝ ਵਿਚ ਪੈਂਦੀ ਹੈ। ਜੇ ਵਿਚਾਲੇ ਹੀ ਕਿਸੇ ਨਾਸਤਕ ਨਾਲ ਮਿਲ ਗਿਆ, ਕਿਸੇ ਹੋਰ ਮਤ ਦੇ ਨਾਲ ਮਿਲ ਗਿਆ, ਫੇਰ ਇਹ ਮੱਤ ਹੋਰ ਹੈ ਉਹ ਹੋਰ ਹੈ। ਏਸ ਤੋਂ ਵੀ ਜਾਂਦਾ ਰਹਿੰਦਾ ਹੈ, ਏਸ ਕਰਕੇ ਸਾਰੀਆਂ ਚੀਜ਼ਾਂ ਗੁਪਤ ਰੱਖੀਆਂ ਗਈਆਂ ਨੇ। ਸਾਧੂ ਦਸਦਾ ਹੈ ਕਿ ਹੁਣ ਐਉਂ ਕਰ ਤੂੰ। ਜੇ ਉਹ ਪ੍ਰਗਟ ਵੀ ਕਰ ਦੇਵੇ ਫੇਰ ਵੀ ਜਾਂਦਾ ਰਹਿੰਦਾ ਹੈ, ਫੇਰ ਵੀ ਨਹੀਂ ਰਹਿੰਦਾ। ਅੰਦਰਲਾ ਕੁਛ ਸਿਸਟਮ ਹੀ ਐਸਾ ਹੈ।

ਕਈ ਪ੍ਰੇਮੀ ਮੈਨੂੰ ਦੱਸਣਗੇ ਜੀ! ਮੈਨੂੰ ਜੋਤੀ ਦੇ ਦਰਸ਼ਨ ਹੋ ਰਹੇ ਸੀ, ਅੱਖਾਂ ਮੀਟਣੀਆ ਓਸੇ ਵੇਲੇ ਜੋਤ ਲਟਾਲਟ ਜਗ ਪੈਣੀ। ਹੁਣ ਪਤਾ ਨਹੀਂ ਕੀ ਹੋ ਗਿਆ, ਬੁੱਝ ਗਈ। ਬੁੱਝ ਗਈ ਪ੍ਰੇਮੀਆਂ! ਤੂੰ ਦੱਸ ਬੈਠਿਆ। ਇਹ ਰੂਹਾਨੀ ਭੇਦ ਕਿਸੇ ਨੂੰ ਨਹੀਂ ਦੱਸਣੇ, ਜੇ ਦੱਸਣੇ ਨੇ ਤਾਂ ਅਧਿਕਾਰੀ ਨੂੰ ਦੱਸੇ ਜਾਂਦੇ ਨੇ ਹੋਰ ਨਹੀਂ ਕਿਸੇ ਨੂੰ ਦੱਸੇ ਜਾਂਦੇ। ਆਮ ਪਬਲਿਕ ਨੂੰ ਨਹੀਂ ਦੱਸੇ ਜਾਂਦੇ। ਇਸੇ ਕਰਕੇ ਨਾਮ ਦੀ ਮਹਿਮਾ ਮਨਮੁਖ ਨੂੰ ਦੱਸਣੀ ਦੋਸ਼ ਪੈਦਾ ਕਰਦੀ ਹੈ। ਇਹ ਰਸਤਾ ਹੋਰ ਤਰ੍ਹਾਂ ਦਾ ਹੈ, ਇਹ ਸਕੂਲ ਹੋਰ ਤਰ੍ਹਾਂ ਦਾ ਹੈ। ਗੁਪਤ ਸਕੂਲ ਹੈ, ਗੁਪਤ ਇਹਦੇ ਉਪਦੇਸ਼ ਨੇ, ਕਿਤਾਬਾਂ ਵਿਚ ਨਹੀਂ ਇਹ ਲਿਖੇ ਜਾਂਦੇ। ਕਿਤਾਬਾਂ 'ਚ ਉਣ ਹੱਦ ਤਕ ਲਿਖੇ ਜਾਂਦੇ ਨੇ ਜਿਥੇ ਕੋਈ ਅੰਦਰਲੇ ਨੂੰ ਨੁਕਸਾਨ ਨਾ ਪਹੁੰਚਦਾ ਹੋਵੇ। ਸੋ ਉਪਾਸਨਾ ਬੜੇ-ਬੜੇ ਮਹਾਤਮਾ ਕਰਦੇ ਨੇ; ਚਾਹੇ ਉਹ ਬ੍ਰਹਮਗਿਆਨੀ ਨੇ। ਬਾਬਾ ਬੁੱਢਾ ਜੀ ਨੇ ਜਦ ਸਰੀਰ ਛੱਡਣਾ ਸੀ ਆਪ ਨੇ ਤਾਂ ਗੁਰੂ ਹਰਿਗੋਬਿੰਦ ਸਾਹਿਬ ਨੂੰ ਬੇਨਤੀ ਭੇਜੀ ਕਿ ਮਹਾਰਾਜ! ਮੇਰੀਆ ਹੁਣ ਤਿਆਰੀਆਂ ਨੇ, ਸਰੀਰ ਛੱਡਣਾ ਹੈ; ਤੇ ਮੇਰੇ ਉਤੇ ਕ੍ਰਿਪਾ ਕਰੋ, ਉਹ ਕ੍ਰਿਪਾ ਇਹ ਹੈ ਕਿ ਉਧਰੋਂ ਮੈਂ ਸਰੀਰ ਛੱਡਾਂ, ਉਧਰੋਂ ਤੁਹਾਡੇ ਦਰਸ਼ਨ ਹੁੰਦੇ ਹੋਣ।

*ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥*
*ਅੰਗ - ੨੯੦*

ਚਾਰੇ ਅਵਸਥਾ ਦੇ ਵਿਚ ਵਾਹਿਗੁਰੂ ਆਪ ਹੀ ਹੋਇਆ ਕਰਦਾ ਹੈ। ਮਹਾਰਾਜ ਨੇ ਕਿਹਾ, ਬਾਬਾ ਜੀ! ਤੁਸੀਂ ਤਾਂ ਮਹਾਰਾਜ ਜੋ ਕੁਛ ਜਾਨਣਾ ਸੀ ਜਾਣ ਲਿਆ, ਜੋ ਕੁਛ ਪਾਉਣਾ ਸੀ ਪਾ ਲਿਆ ਤੁਹਾਨੂੰ ਕਿਹੜੀ ਲੋੜ ਹੈ। ਕਹਿੰਦੇ ਨਾ ਮਹਾਰਾਜ! ਮੈਨੂੰ ਗੁਰੂ ਦੇ ਦਰਸ਼ਨ ਦੀ ਲੋੜ ਹੈ, ਮੈਂ ਦਰਸ਼ਨ ਕਰਦਾ ਹੋਇਆ ਆਖਰੀ ਸਾਹ ਲਵਾਂ। ਗੁਰੂ ਮਹਾਰਾਜ ਨੂੰ ਜਾਣਾ ਪਿਆ, ਜਾ ਕੇ ਸਾਮ੍ਹਣੇ ਬੈਠੇ, ਬਾਬਾ ਜੀ ਨੇ ਸਰੀਰ ਛੱਡਿਆ। ਭਾਈ ਮਤੀ ਦਾਸ ਜੀ ਨੂੰ ਕਹਿਣਾ ਪਿਆ ਜਲਾਦ ਨੂੰ ਕਿ ਹੇ ਜਲਾਦ! ਚੀਰਨਾ ਤਾਂ ਤੂੰ ਹੈ ਪਰ ਤੂੰ ਮੇਰਾ ਮੂੰਹ ਗੁਰੂ ਤੇਗ ਬਹਾਦਰ ਸਾਹਿਬ ਵਲ ਕਰ ਦੇ। ਭਾਈ ਮਤੀ ਦਾਸ ਜੀ ਦੀ ਅਵਸਥਾ ਛੋਟੀ ਨਹੀਂ ਸੀ, ਬ੍ਰਹਮਲੀਨ ਪਹਿਲਾਂ ਹੀ ਸੀਗੇ। ਲੇਕਿਨ ਫੇਰ ਵੀ ਉਪਾਸਨਾ ਜ਼ਰੂਰੀ ਹੋਇਆ ਕਰਦੀ ਹੈ। ਸੋ ਅੰਤਰੀਵ ਉਪਾਸਨਾ ਜਿਹੜੀ ਹੈ ਉਹਦੇ ਵਿਚ ਚਿੱਤ ਲਗਦਾ ਹੈ, ਬਹੁਤ ਰਸ ਆਉਂਦਾ ਹੈ, ਉਥੋਂ ਦੀ ਹੋ ਕੇ ਲੰਘਣਾ ਪੈਂਦਾ ਹੈ, ਫੇਰ ਅੱਗੇ ਕੀ ਆਉਂਦਾ ਹੈ, ਅੱਗੇ ਆਉਂਦਾ ਹੈ ਹਨ੍ਹੇਰਾ, ਪੜਦਾ, ਜਿੰਨੀ ਦੇਰ ਤਕ ਪੜਦਾ ਨਹੀਂ ਚੁੱਕ ਹੁੰਦਾ, ਓਨੀਂ ਦੇਰ ਤਕ ਵਾਹਿਗੁਰੂ ਦੇ ਦਰਸ਼ਨ ਨਹੀਂ ਹੁੰਦੇ, ਪੜਦੇ ਦੇ ਅੰਦਰ ਹੈ। ਪੜਦਾ ਕਿਵੇਂ ਚੁੱਕ ਹੁੰਦਾ ਹੈ? ਪੜਦੇ ਨੂੰ ਚੁੱਕਣ ਨੂੰ ਕੋਈ ਸਮਰੱਥ ਨਹੀਂ। ਉਸ ਹਨ੍ਹੇਰੇ ਨੂੰ ਦੂਰ ਕਰਨ ਲਈ ਦੁਨੀਆਂ ਦੇ ਅੰਦਰ ਕੋਈ ਸਮਰੱਥ ਨਹੀਂ ਹੈ। ਉਹਦੇ ਬਾਰੇ ਮਹਾਰਾਜ ਨੇ ਐਸਾ ਫੁਰਮਾਨ ਕੀਤਾ ਹੈ -

*ਧਾਰਨਾ - ਬਿਨਾਂ ਗੁਰਾਂ ਤੋਂ ਨਾ ਮਿਟਦਾ ਅੰਧੇਰਾ,*
*ਚੰਦ ਭਾਵੇਂ ਸੌ ਚੜ੍ਹ ਜਾਏ।*
*ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥*
*ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥*
*ਅੰਗ - ੪੬੩*

ਇਹ ਜੋ ਪੜਦਾ ਹੈ, ਇਹ ਸਮਰੱਥ ਗੁਰੂ ਤੋਂ ਬਗੈਰ ਦੂਰ ਨਹੀਂ ਹੋਇਆ ਕਰਦਾ। ਇਸੇ ਕਰਕੇ ਆਖਰੀ ਜੋ ਮੰਜ਼ਲ ਹੈ ਇਹ ਮੁਰਸ਼ਦ ਤੋਂ ਬਗੈਰ ਨਹੀਂ ਲੰਘੀ ਜਾਂਦੀ। ਮੁਰਸ਼ਦ-ਏ-ਕਾਮਲ ਹੈ

ਜਿਹੜਾ, ਮੰਜ਼ਲ-ਏ-ਹੈਰਾਨ ਜਾਂ ਮੰਜ਼ਲ-ਏ-ਨੂਰ ਤੋਂ ਫਨਾਹ-ਫਿਲਾ ਦੇ ਵਿਚ ਦਾਖਲ ਕਰਦਾ ਹੈ। ਉਥੇ ਗੁਰੂ ਦੀ ਨਦਰ ਹੁੰਦੀ ਹੈ -

*ਨਾਨਕ ਨਦਰੀ ਨਦਰਿ ਨਿਹਾਲ ॥ ਅੰਗ - ੮*

ਵਾਹਿਗੁਰੂ ਦੇ ਮੰਡਲ ਵਿਚ ਗੁਰੂ ਦਾਖਲ ਕਰਕੇ ਆਪ ਕਿੱਥੇ ਜਾਂਦਾ ਹੈ? ਕਹਿੰਦੇ, ਹੈਰਾਨ ਹੋ ਗਏ ਇਹ ਤਾਂ ਵਾਹਿਗੁਰੂ ਆਪ ਹੀ ਸੀ ਮੇਰਾ ਗੁਰੂ -

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ ॥*
*ਗੁਰ ਗੋਵਿੰਦੁ ਗੋੁਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ ॥ ਅੰਗ - ੪੪੨*

ਸੋ ਏਸ ਕਰਕੇ ਜਦ ਤਕ ਆਦਮੀ ਦੇ ਅੰਦਰ ਮੈਲ ਹੈ, ਜਦੋਂ ਤਕ ਮੈਲ ਦੀਆਂ ਲਹਿਰਾਂ ਇਹਦੇ ਅੰਦਰ ਚਲਦੀਆਂ ਨੇ -

*ਜਬ ਲਗੁ ਜਾਨੈ ਮੁਝ ਤੇ ਕਛੁ ਹੋਇ ॥*
*ਤਬ ਇਸ ਕਉ ਸੁਖੁ ਨਾਹੀ ਕੋਇ ॥*
*ਜਬ ਇਹ ਜਾਨੈ ਮੈ ਕਿਛੁ ਕਰਤਾ ॥*
*ਤਬ ਲਗੁ ਗਰਭ ਜੋਨਿ ਮਹਿ ਫਿਰਤਾ ॥*
*ਜਬ ਧਾਰੈ ਕੋਊ ਬੈਰੀ ਮੀਤੁ ॥*
*ਤਬ ਲਗੁ ਨਿਹਚਲੁ ਨਾਹੀ ਚੀਤੁ ॥*
*ਜਬ ਲਗੁ ਮੋਹ ਮਗਨ ਸੰਗਿ ਮਾਇ ॥*
*ਤਬ ਲਗੁ ਧਰਮ ਰਾਇ ਦੇਇ ਸਜਾਇ ॥*
*ਅੰਗ - ੨੭੮*

ਇਹ ਮੈਲਾਂ ਨੇ ਬੇਅੰਤ; ਕਿਤੇ ਪੈਸੇ ਦੀ ਮੈਲ ਹੈ, ਕਿਤੇ ਬੱਚਿਆਂ ਦੀ ਮੈਲ ਹੈ, ਕਿਤੇ ਪਦਵੀਆਂ ਦੀ ਮੈਲ ਹੈ, ਕਿਤੇ ਆਪਣੇ ਆਪ ਦੀ ਮੈਲ ਹੈ, ਇਹ ਮੈਲਾਂ ਨਹੀਂ ਉਤਰਦੀਆਂ, ਮੈਲ ਨੂੰ ਉਤਾਰਦਾ ਕੌਣ ਹੈ; ਕਹਿੰਦੇ ਸਾਧੂ ਦੀ ਸੰਗਤ; -

*ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ॥*
*ਅੰਗ - ੮੦੯*

ਫੇਰ ਨਿਰਮਲ ਹੋ ਗਿਆ -

*ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ ॥*
*ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥ਅੰਗ - ੧੩੬੭*

ਜਨਮਾਂ-ਜਨਮਾਤਰਾਂ ਦੀ ਲੱਗੀ ਹੋਈ ਮੈਲ ਇਕ ਕਣੀ ਨਾਮ ਦੀ ਦੇ ਕੇ ਸਾਧੂ ਦੂਰ ਕਰ ਦਿੰਦੇ ਨੇ।

*ਗੁਰਮੁਖਿ ਕੋਟਿ ਉਧਾਰਦਾ ਭਾਈ*
*ਦੇ ਨਾਵੈ ਏਕ ਕਣੀ ॥ ਅੰਗ - ੬੦੮*

ਇਕ ਕਣੀ ਦੇ ਕੇ ਸਾਰੀ ਮੈਲ ਲਾਹ ਦਿੰਦਾ ਹੈ ਤੇ ਕਰੋੜਾਂ ਬੰਦਿਆਂ ਦਾ ਉਧਾਰ ਕਰ ਦਿੰਦਾ ਹੈ। ਸੋ ਐਸਾ ਇਕ ਚਰਿੱਤਰ ਜੋ ਬਿਲਕੁਲ ਹੀ ਮੈਲਾ ਸੀ, ਗੁਰੂ ਮਹਾਰਾਜ ਉਹਦਾ ਜ਼ਿਕਰ ਬਾਣੀ ਦੇ ਅੰਦਰ ਐਉਂ ਕਰਦੇ ਨੇ -

*ਧਾਰਨਾ - ਬਾਲਮੀਕ ਨੂੰ,*
*ਹੋਇਆ ਸਾਧੂਆਂ ਦਾ ਸੰਗ।*

ਮਹਾਰਾਜ ਕਹਿੰਦੇ, ਦੇਖੋ ਇਕ ਗਵਾਹੀ ਦਿੰਦੇ ਹਾਂ, ਪਿਆਰ ਦੇ ਨਾਲ ਸੁਣਿਓ।

*ਸੁਣਿ ਸਾਖੀ ਮਨ ਜਪਿ ਪਿਆਰ ॥*
*ਅਜਾਮਲੁ ਉਧਰਿਆ ਕਹਿ ਏਕ ਬਾਰ ॥*
*ਬਾਲਮੀਕੈ ਹੋਆ ਸਾਧਸੰਗੁ ॥*
*ਧ੍ਰੂ ਕਉ ਮਿਲਿਆ ਹਰਿ ਨਿਸੰਗ ॥ ਅੰਗ - ੧੧੯੨*

ਤਿੰਨ ਮਿਸਾਲਾਂ ਮਹਾਰਾਜ ਨੇ ਦਿਤੀਆਂ ਨੇ, ਇਕ ਤਾਂ ਇਕ ਬੱਚੇ ਦੀ ਦਿਤੀ ਹੈ। ਮਹਾਰਾਜ ਕਹਿੰਦੇ ਜਦੋਂ ਉਹ ਪ੍ਰਮੇਸ਼ਰ ਦੇ ਰਸਤੇ 'ਤੇ ਲੱਗਿਆ ਵਾਹਿਗੁਰੂ ਨਿਸੰਗ ਹੋ ਕੇ ਕੋਈ ਪੜਦਾ ਨਹੀ, ਕੋਈ ਲਕੋਅ ਨਹੀਂ ਰੱਖਿਆ ਸਾਮ੍ਹਣੇ ਆ ਗਿਆ। ਅਜਾਮਲ ਨੇ ਪਿਆਰ ਵਿਚ ਆ ਕੇ ਸਿਰਫ ਇਕ ਵਾਰੀ ਨਾਰਾਇਣੁ ਕਿਹਾ ਸੀ। ਬਾਲਮੀਕ ਜਿਹੜਾ ਸੀ ਉਹਨੂੰ ਸਾਧੂਆਂ ਦਾ ਸੰਗਿ ਹੋਇਆ, ਸਾਧੂਆਂ ਦਾ ਜੋ ਅਸਰ ਹੁੰਦਾ ਹੈ; ਸੰਗਤ ਹੋਣ ਤੋਂ ਬਾਅਦ ਉਹਦੇ ਬਾਰੇ ਮਹਾਰਾਜ ਫੁਰਮਾਨ ਕਰਦੇ ਨੇ ਕਿ ਬਾਲਮੀਕ ਬੰਦਗੀ ਕਰਨ ਵਾਲਾ ਨਹੀਂ ਸੀਗਾ। ਦੋ ਬਾਲਮੀਕ ਹੋਏ ਨੇ ਇਤਿਹਾਸ ਵਿਚ। ਦੋਹਾਂ ਦੀ ਬੜੀ ਮਾਨਤਾ ਹੈ। ਇਕ ਨੂੰ ਤਾਂ ਸਾਰੇ ਚੰਗੀ ਤਰ੍ਹਾਂ ਜਾਣਦੇ ਨੇ, ਇਕ ਨੂੰ ਨਹੀਂ ਜਾਣਦੇ। ਇਕ ਬਾਲਮੀਕ ਉਹ ਹੈ ਜਿਹੜਾ ਤ੍ਰੇਤੇ ਜੁਗ ਵਿਚ ਹੋਇਆ, ਬ੍ਰਾਹਮਣ ਸੀਗਾ, ਬੜਾ ਭਾਰੀ ਰਿਸ਼ੀ ਸੀ, ਤੇ ਉਸ ਨੇ ਸ੍ਰੀ ਰਾਮ ਚੰਦਰ ਜੀ ਦੇ ਆਉਣ ਤੋਂ ਪਹਿਲਾਂ, ਰਾਮਾਇਣ ਲਿਖ ਦਿਤੀ ਸੀ। ਅਨੁਮਾਨ ਹੈ ਵਿਦਵਾਨਾਂ ਦਾ ਕਿ ਦੱਸ ਹਜ਼ਾਰ ਸਾਲ ਪਹਿਲਾਂ ਰਾਮਾਇਣ ਲਿਖ ਦਿਤੀ ਸੀ ਉਸਨੇ। ਜਿਹੜੀ ਲਵ ਤੇ ਕੁਸ਼ ਨੂੰ ਜਦੋਂ ਅਯੁੱਧਿਆ ਭੇਜਿਆ ਉਸ ਵੇਲੇ ਉਹ ਰਾਮਾਇਣ ਯਾਦ ਕਰਵਾ ਦਿਤੀ ਸੀ, ਉਨ੍ਹਾਂ ਨੇ ਉਥੇ ਜਾ ਕੇ ਸਾਰੀ ਗਾਈ। ਫੇਰ ਰਾਮ ਚੰਦਰ ਜੀ ਨੂੰ ਪਤਾ ਲੱਗਿਆ ਕਿ ਇਹ ਤਾਂ ਮੇਰੇ ਹੀ ਬੱਚੇ ਨੇ। ਪਹਿਲਾਂ ਉਨ੍ਹਾਂ ਨਾਲ ਯੁੱਧ ਕਰਦੇ ਰਹੇ। ਉਹ ਐਡਾ ਪ੍ਰਤਾਪ ਵਾਲਾ ਸੀ। ਉਹਦਾ ਅਸਥਾਨ ਸੀ ਅੰਮ੍ਰਿਤਸਰ ਦੇ ਕੋਲ; ਪੰਜਾਬ ਦੇ ਰਹਿਣ ਵਾਲਾ, ਇਥੇ ਰਹਿੰਦੇ ਸੀ। ਮਾਤਾ ਸੀਤਾ ਜੀ ਨੂੰ ਇਥੇ ਬਨਵਾਸ ਦੇ ਕੇ ਛੱਡ ਦਿਤਾ ਗਿਆ ਸੀ ਉਨ੍ਹਾਂ ਕੋਲ। ਉਨ੍ਹਾਂ ਨੂੰ ਸਾਰੇ ਜਾਣਦੇ ਨੇ। ਕਿਉਂਕਿ ਰਾਮਾਇਣ ਹੈ ਬਾਲਮੀਕ ਦੀ, ਰਾਮਾਇਣ ਨੂੰ ਸਾਰੇ ਜਾਣਦੇ ਨੇ ਤੇ ਉਨ੍ਹਾਂ ਨੂੰ ਵੀ ਜਾਣਦੇ ਨੇ।

ਦੂਸਰਾ ਜੋ ਬਾਲਮੀਕ ਸੀ ਉਹ ਗੁੰਮਨਾਮ ਸੀ, ਉਹ ਕਿਰਤੀ ਬੰਦਾ ਸੀ, ਲੇਕਿਨ ਉਹਦਾ ਜੋ ਪਹਿਲਾ ਜੀਵਨ ਸੀ, ਉਹ ਇਹ ਸੀ ਕਿ ਉਹ ਚੰਡਾਲ ਜਾਤੀ ਨਾਲ ਸਬੰਧ ਰਖਦਾ ਸੀ। ਇਹ ਆਰੀਅਨ ਤੇ ਅਨਾਰੀਅਨ ਦੋ ਵਸਦੇ ਸੀ ਭਾਰਤ ਵਰਸ਼ ਦੇ ਵਿਚ। ਆਰੀਆਂ ਦੀ ਸਭਿਅਤਾ ਵੱਖ ਸੀ, ਅਨਾਰੀਆਂ ਦੀ ਵੱਖ

ਸੀ। ਅਨਾਰੀਅਨ ਜਿਹੜੇ ਸੀ ਉਹ ਆਰੀਆਂ ਦਾ ਮੰਤਰ 'ਓਅੰਕਾਰ' ਨਹੀਂ ਸੀ ਜਪ ਸਕਦੇ। ਨਾ ਵੇਦ ਸੁਣ ਸਕਦੇ ਸੀ, ਕੋਈ ਕੰਮ ਵਿਚ ਵੀ ਉਨ੍ਹਾਂ ਨੂੰ ਨੇੜੇ ਨਹੀਂ ਸੀ ਆਉਣ ਦਿੰਦੇ। ਉਨ੍ਹਾਂ ਦੀ ਆਪਣੀ ਸਭਿਅਤਾ ਸੀ, ਕਾਲੇ ਜਾਦੂ ਕਰਨੇ, ਮੰਤਰ ਜੰਤਰ ਕਰਨੇ ਤੇ ਇਨ੍ਹਾਂ ਕੋਲ ਵੇਦਾਂ ਦਾ ਗਿਆਨ ਹੋਣ ਕਰਕੇ ਇਹਨੂੰ ਗੁਪਤ ਰਖਦੇ ਸੀ। ਦਿੱਲੀ ਦੇ ਨੇੜੇ ਹੀ ਬਹੁਤ ਭਾਰੀ ਜੰਗਲ ਸੀ, ਜਦ ਦਿੱਲੀ ਸ਼ਹਿਰ ਇਸ ਤਰ੍ਹਾਂ ਨਹੀਂ ਸੀਗਾ। ਮਾੜ੍ਹਾ ਜਿਹਾ ਟਿਕਾਣਾ ਹੁੰਦਾ, ਲੋਕ ਲੰਘਦੇ, ਰਾਤ ਕੱਟਦੇ ਸੀ, ਦਰਿਆ ਲੰਘਣ ਤੋਂ ਬਾਅਦ। ਇਥੇ ਇਹਦਾ ਵਾਸਾ ਸੀ, ਭੀਲ ਕੌਮ ਦੇ ਵਿਚੋਂ ਹੋਣ ਕਰਕੇ, ਡਾਕੇ ਮਾਰਨੇ, ਚੋਰੀਆਂ ਚਕਾਰੀਆਂ ਕਰਨੀਆਂ, ਇਹ ਇਨ੍ਹਾਂ ਦਾ ਆਮ ਪੇਸ਼ਾ ਹੋਇਆ ਕਰਦਾ ਸੀ। ਬੁਰਾ ਨਹੀਂ ਸੀ ਮੰਨਦੇ ਉਸਨੂੰ।

ਸੋ ਬਾਲਮੀਕ ਜਿਸ ਵਕਤ ਜੁਆਨ ਹੋ ਗਿਆ, ਅਠਾਰ੍ਹਾਂ ਸਾਲ ਦਾ ਪਿਤਾ ਇਹਦਾ ਚੜ੍ਹਾਈ ਕਰ ਗਿਆ ਸੀ। ਮਾਂ ਨੇ ਕਿਹਾ ਬੇਟਾ! ਤੂੰ ਕੋਈ ਕੰਮ ਕਰਿਆ ਕਰ, ਕੰਮ ਕਰਨ ਤੇ ਰੋਟੀ ਮਿਲਣੀ ਹੈ ਆਪਾਂ ਨੂੰ। ਕਹਿੰਦਾ, ਮੈਨੂੰ ਪਤਾ ਨਹੀਂ ਮਾਤਾ ਮੈਂ ਕੀ ਕੰਮ ਕਰਾਂ? ਕਹਿੰਦੀ ਤੇਰੇ ਨਾਲੋਂ ਜੁਆਨ ਇਥੇ ਕੋਈ ਨਹੀਂ ਹੈ। ਐਡਾ ਤੈਨੂੰ ਪ੍ਰਭੂ ਨੇ ਸਰੀਰ ਦਿਤਾ ਹੈ ਮਜ਼ਬੂਤ, ਕੁਹਾੜਾ ਲੈ, ਇਥੋਂ ਦੀ ਜਾਂਦੇ ਨੇ ਅਮੀਰ ਆਦਮੀ, ਕਾਫਲੇ ਲੰਘਦੇ ਨੇ, ਮੌਕਾ ਪਾ ਕੇ ਲੁੱਟ ਲਿਆ ਕਰ ਤੇ ਇਹੀ ਤੇਰੇ ਪਿਤਾ ਦਾ ਪੇਸ਼ਾ ਸੀ, ਇਹੀ ਤੇਰੇ ਦਾਦੇ ਦਾ, ਇਹੀ ਪੜਦਾਦੇ ਦਾ। ਸੋ ਦੋ ਤਰ੍ਹਾਂ ਦੀਆਂ ਮਾਵਾਂ ਗਿਣੀਆਂ ਗਈਆਂ ਨੇ ਸੰਸਾਰ ਵਿਚ; ਇਕ ਮਾਵਾਂ ਉਹ ਨੇ ਜਿਹੜੀਆਂ ਆਪਣੇ ਬੱਚਿਆਂ ਨੂੰ ਜੰਮਣ ਮਰਨ ਦੇ ਚੱਕਰ 'ਚੋਂ ਛੁਡਾਉਂਦੀਆਂ ਨੇ, ਜਮਾਂ ਤੋਂ ਛੁਡਾਉਂਦੀਆਂ ਨੇ। ਸੰਸਾਰ ਦੇ ਦੁਖਾਂ ਕਲੇਸ਼ਾਂ ਤੋਂ ਛੁਡਾਉਂਦੀਆਂ ਨੇ, ਉਹ ਪ੍ਰਮੇਸ਼ਰ ਦਾ ਭਜਨ ਕਰਨ ਲਾਉਂਦੀਆਂ ਨੇ। ਉਨ੍ਹਾਂ ਮਾਵਾਂ ਨੂੰ ਧੰਨ ਕਿਹਾ ਗਿਆ ਹੈ –

***ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥***
***ਅੰਗ – ੪੮੮***

ਧਰੂੰ ਦੀ ਮਾਤਾ, ਬਾਬੇ ਫਰੀਦ ਦੀ ਮਾਤਾ, ਅਨੇਕਾਂ ਮਾਤਾਵਾਂ ਹੋਈਆਂ ਨੇ ਜਿਨ੍ਹਾਂ ਨੇ ਆਪਣੇ ਬੱਚਿਆਂ ਨੂੰ ਬੰਦਗੀ ਕਰਨ ਲਾਇਆ; ਕਿਉਂਕਿ ਉਹ ਚਾਹੁੰਦੀਆਂ ਸੀ ਕਿ ਜਿਹਨੇ ਮੇਰੀ ਕੁੱਖ ਤੋਂ ਜਨਮ ਲੈ ਲਿਆ, ਉਹ ਜਮਾਂ ਦੇ ਨਾ ਜਾਵੇ। ਇਕ ਮਾਵਾਂ ਉਹ ਨੇ ਜਿਹੜੀਆਂ ਪੁੱਠੀ ਮੱਤ ਦਿੰਦੀਆਂ ਨੇ, ਉਹਦੇ ਬਾਰੇ ਮਹਾਰਾਜ ਨੇ ਕਿਹਾ ਹੈ ਕਿ –

***ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ ॥***
***ਬਿਧਵਾ ਕਸ ਨ ਭਈ ਮਹਤਾਰੀ ॥ ਅੰਗ – ੩੨੮***

ਹੇ ਮਾਂ! ਤੂੰ ਵਿਧਵਾ ਹੋ ਜਾਣਾ ਸੀ, ਕਿਉਂਕਿ ਤੂੰ ਐਸੇ ਪੁੱਤਰ ਨੂੰ ਜਨਮ ਦੇ ਦਿਤਾ, ਤੇਰੀਆਂ ਕੁਲਾਂ ਨਰਕਾਂ ਨੂੰ ਜਾਣਗੀਆਂ। ਇਕ ਪੁੱਤਰ 101 ਕੁਲ ਦਾ ਉਧਾਰ ਕਰ ਦਿੰਦੇ ਨੇ, ਇਕ ਪੁੱਤਰ ਡੋਬ ਦਿੰਦੇ ਨੇ। ਕਿਵੇਂ ਡੋਬ ਦਿੰਦੇ ਨੇ? ਰਹਿਤਨਾਮੇ ਦੀ ਬਾਤ ਆਉਂਦੀ ਹੈ ਇਹ –

***ਤਨਕ ਤਮਾਕੂ ਸੇਵੀਐ ਦੇਵ ਪਿਤਰ ਤਜਿ ਜਾਇ।***

ਜਰਾ ਕੁ ਤਮਾਕੂ ਦਾ ਸੇਵਨ ਕਰ ਲਓ, ਜਿਹੜੇ ਬਜ਼ੁਰਗ ਸਾਡੇ ਦੇਵਤੇ ਬਣੇ ਹੋਏ ਨੇ, ਪਿਤਰ ਲੋਕ 'ਚ ਨੇ, ਗੰਧਰਭ ਲੋਕ ਵਿਚ ਨੇ, ਦੇਵ ਗੰਧਰਭ ਲੋਕ, ਸਵਰਗ ਲੋਕ 'ਚ, ਇੰਦਰ ਲੋਕ 'ਚ, ਉਸੇ ਵੇਲੇ ਉਹ ਛੱਡ ਜਾਂਦੇ ਨੇ; ਕਹਿੰਦੇ ਨੇ ਇਹ ਸਾਡਾ ਕੁਛ ਨਹੀਂ ਲਗਦਾ। ਉਹਦੇ ਉਤੇ ਜਿਹੜਾ protection ਦਾ ਹੱਥ ਸੀ, ਉਹ ਖਤਮ ਹੋ ਜਾਂਦਾ ਹੈ, ਹੁਣ ਉਹਦਾ ਦੋਸ਼ ਕਿੰਨਾ ਲਗਦਾ ਹੈ, ਕਹਿੰਦੇ –

***ਪਾਣੀ ਤਾ ਕਿ ਹਾਥ ਕਉ ਮਧਰਾ ਸਮ ਅਘਦਾਇ।***

ਉਹਦੇ ਹੱਥ ਤੋਂ ਪਾਣੀ ਪੀਣਾ, ਜਿਹੋ ਜਿਹੀ ਸ਼ਰਾਬ ਪੀ ਲਈ, ਜਿਹੋ ਜਿਹਾ ਪਾਣੀ ਪੀ ਲਿਆ, ਓਨਾਂ ਹੀ ਪਾਪਦਾਇਕ। ਫੇਰ ਪੁਛਿਆ ਕਿ ਸ਼ਰਾਬ ਦਾ ਕਿੰਨਾ ਦੋਸ਼ ਹੁੰਦਾ ਹੈ? ਕਹਿੰਦੇ –

***ਮਧਰਾ ਦਹਤੀ ਸਪਤ ਕੁਲ।***

ਸੱਤ ਕੁਲਾਂ ਦਾ ਨਾਸ਼ ਸ਼ਰਾਬ ਕਰਦੀ ਹੈ।

***ਭਾਂਗ ਦਹੇ ਤਨ ਏਕ।***

ਭੰਗ ਪੀਣ ਵਾਲਾ ਆਪਣੇ ਤਨ ਦਾ ਨਾਸ਼ ਕਰਦਾ ਹੈ।

***ਜਗਤ ਜੂਠ ਸਤ ਕੁਲ ਦਹੇ।***

ਜਿਹੜਾ ਤਮਾਕੂ ਪੀਂਦਾ ਹੈ, ਖਾਂਦਾ ਹੈ, ਸੌ ਕੁਲ ਦਾ ਨਾਸ਼ ਕਰ ਦਿੰਦਾ ਹੈ।

***ਨਿੰਦਾ ਦਹੇ ਅਨੇਕ।***

ਨਿੰਦਾ ਕਰਨ ਵਾਲੇ ਦਾ ਹਿਸਾਬ ਕਿਤਾਬ ਹੀ ਨਹੀਂ ਰਹਿੰਦਾ। ਸੋ ਮਹਾਰਾਜ ਕਹਿੰਦੇ ਪਿਆਰਿਓ! ਜਿਸ ਕੁਲ ਦੇ ਅੰਦਰ ਐਸਾ ਕਲੰਕਤ ਕਰਨ ਵਾਲਾ ਪੁੱਤਰ ਪੈਦਾ ਹੋ ਜਾਵੇ, ਉਸ ਨਾਲੋਂ ਚੰਗਾ ਇਹ ਹੈ ਕਿ ਵਿਧਵਾ ਰਹਿ ਜਾਂਦੀ, ਪੁੱਤਰ ਦਿਤਾ ਨਹੀਂ ਸੀ ਅਕਾਲ ਪੁਰਖ ਨੇ, ਨਾ ਮਾਂ ਨੂੰ ਪਾਪ ਲੱਗਿਆ, ਨਾ ਪਿਓ ਨੂੰ, ਨਾ ਦਾਦੇ ਨੂੰ, ਨਾ ਪੜਦਾਦੀ ਨੂੰ, ਨਾ ਨਾਨਕਿਆਂ ਨੂੰ, ਕਿਸੇ ਨੂੰ ਪਾਪ ਨਹੀਂ ਸੀ ਲਗਣਾ। ਨਹੀਂ ਤਾਂ 101 ਕੁਲ ਨੂੰ ਡਬੋ ਲੈਂਦਾ ਹੈ ਉਹ ਇਕੋ ਹੀ ਬੰਦਾ। ਸੋ ਤਾਂ ਮਹਾਰਾਜ ਕਹਿੰਦੇ ਨੇ –

***ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ ॥***
***ਬਿਧਵਾ ਕਸ ਨ ਭਈ ਮਹਤਾਰੀ ॥੧॥***
***ਜਿਹ ਨਰ ਰਾਮ ਭਗਤਿ ਨਹਿ ਸਾਧੀ ॥***
***ਜਨਮਤ ਕਸ ਨ ਮੁਓ ਅਪਰਾਧੀ ॥ ਅੰਗ – ੩੨੮***

ਕਹਿੰਦੇ ਜੰਮਦਾ ਹੀ ਮਰ ਜਾਂਦਾ, ਚੰਗਾ ਸੀ। ਇਕ ਥਾਂ ਗੁਰੂ ਮਹਾਰਾਜ ਨੇ ਐਸਾ ਫੁਰਮਾਨ ਕੀਤਾ ਹੈ –

***ਧਾਰਨਾ – ਕਾਹਨੂੰ ਜੰਮਣਾ ਸੀ ਭਗਤੀ ਤੋਂ ਹੀਣਿਆਂ***

*ਓਏ, ਕਾਹਨੂੰ ਜੰਮਣਾ।*

*ਜਿਨੀ ਐਸਾ ਹਰਿ ਨਾਮੁ ਨ ਚੇਤਿਓ*

*ਸੇ ਕਾਹੇ ਜਗਿ ਆਏ ਰਾਮ ਰਾਜੇ ॥ ਅੰਗ - ੪੫੦*

ਮਹਾਰਾਜ ਕਹਿੰਦੇ ਤੁਸੀਂ ਦੱਸੋ ਤਾਂ ਸਹੀ ਕੀ ਕਰਨ ਆਏ ਓਂ? ਕੋਈ ਜਵਾਬ ਨਹੀਂ ਹੈ। ਮਹਾਰਾਜ ਕਹਿੰਦੇ ਤੁਸੀਂ ਆਪਣੇ ਕਰਮ ਭੁਗਤਣ ਆਏ ਓਂ। ਕਰਮ ਭੁਗਤਣੇ ਨੇ ਸੰਸਾਰ ਦੇ ਅੰਦਰ; ਹੋਰ ਤੁਹਾਡਾ ਕੋਈ ਕੰਮ ਨਹੀਂ।

*ਮਾਣਸ ਜਨਮੁ ਦੁਲੰਭੁ ਹੈ*

*ਨਾਮ ਬਿਨਾ ਬਿਰਥਾ ਸਭੁ ਜਾਏ ॥ ਅੰਗ - ੪੫੦*

ਬਿਰਥਾ ਚਲਿਆ ਜਾਂਦਾ ਹੈ ਨਾਮ ਜਪਣ ਤੋਂ ਬਗੈਰ।

*ਹੁਣਿ ਵਤੈ ਹਰਿ ਨਾਮੁ ਨ ਬੀਜਿਓ*

*ਅਗੈ ਭੁਖਾ ਕਿਆ ਖਾਏ ॥ ਅੰਗ - ੪੫੦*

ਹੁਣ ਤੇਰੀ ਵਤ ਲੱਗੀ ਹੋਈ ਹੈ ਨਾਮ ਜਪਣ ਦੀ। ਕੀ ਔਖਾ ਹੈ? ਗੁਰੂ ਵਾਲਾ ਬਣ ਕੇ ਮੰਤਰ ਲੈ ਲਓ। ਉਸ ਮੰਤਰ ਦਾ ਜਾਪ ਕਰਦੇ ਹੀ ਜਾਓ। ਕਿਉਂਕਿ ਅੰਦਰ ਮੈਲ ਹੈ, ਉਹਨੇ ਅੰਦਰਲੇ ਪਾਸੇ ਦੀ ਲੰਘਣਾ ਹੈ, ਪੜਤਾਂ ਦੀਆਂ ਪੜਤਾਂ ਮੈਲ ਦੀਆਂ ਪਾਟ ਗਈਆਂ ਨੇ। ਪਾਣੀ ਕੱਢਣ ਵਾਸਤੇ ਕਿੰਨਾਂ ਤੁਰੱਦਦ ਕਰਦੇ ਹਾਂ। ਬੋਰ ਕਰਦੇ ਹਾਂ। ਇਵੇਂ ਜਿਵੇਂ ਸਰੀਰ ਦੇ ਅੰਦਰ ਨਾਮ ਪਿਆ ਹੈ।

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*

*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*

*ਸੁੰਨ ਸਮਾਧਿ ਅਨਹਤ ਤਹ ਨਾਦ ॥*

*ਕਹਨੁ ਨ ਜਾਈ ਅਚਰਜ ਬਿਸਮਾਦ ॥*

*ਅੰਗ - ੨੯੩*

ਮਹਾਰਾਜ ਕਹਿੰਦੇ ਏਸ ਸਰੀਰ ਨੂੰ ਪਛਾਣੋ -

*ਇਹੁ ਸਰੀਰੁ ਸਭੁ ਧਰਮੁ ਹੈ*

*ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ ॥*

*ਅੰਗ - ੩੦੯*

ਅੰਦਰ ਨਾਮ ਪਿਆ ਹੈ -

*ਗੁਹਜ ਰਤਨ ਵਿਚਿ ਲੁਕਿ ਰਹੇ*

*ਕੋਈ ਗੁਰਮੁਖਿ ਸੇਵਕੁ ਕਢੈ ਖੋਤਿ ॥*

*ਅੰਗ - ੩੦੯*

'ਖੋਤ' ਕਹਿੰਦੇ ਨੇ, ਹੌਲੀ-ਹੌਲੀ ਖੁਣ-ਖੁਣ ਕੇ ਕੱਢਣਾ। ਜਿਵੇਂ ਆਪਾਂ ਬੋਰ ਕਹਿ ਲਓ। ਜਦ ਨਾਮ ਤਕ ਪਹੁੰਚਿਆ।

*ਸਭੁ ਆਤਮ ਰਾਮੁ ਪਛਾਣਿਆ*

*ਤਾਂ ਇਕੁ ਰਵਿਆ ਇਕੋ ਓਤਿ ਪੋਤਿ ॥*

*ਅੰਗ - ੩੦੯*

ਆਪਣਾ ਹੀ ਨਹੀਂ ਪਤਾ ਲੱਗਿਆ, ਸਾਰਿਆਂ ਦੇ ਸਰੀਰ 'ਚ ਪਤਾ ਲਗ ਗਿਆ ਕਿ ਇਨ੍ਹਾਂ ਦੇ ਅੰਦਰ ਤਾਂ ਨਾਮ ਹੀ ਆਤਮਾ ਪਈ ਹੈ।

*ਇਕੁ ਦੇਖਿਆ ਇਕੁ ਮੰਨਿਆ*

*ਇਕੋ ਸੁਣਿਆ ਸ੍ਰਵਣ ਸਰੋਤਿ ॥ ਅੰਗ - ੩੦੯*

ਮਹਾਰਾਜ ਕਹਿੰਦੇ ਇਕ ਦੇਖਿਆ, ਇਕ ਮੰਨ ਲਿਆ, ਇਕ ਸੁਣ ਲਿਆ। ਮਹਾਰਾਜ ਕਹਿੰਦੇ, ਫੇਰ ਤੇਰਾ ਫਾਇਦਾ ਕੀ, ਜੇ ਤੂੰ ਅੰਦਰੋਂ ਨਾਮ ਨਾ ਕੱਢ ਸਕਿਆ। ਫੇਰ ਤੇਰੇ ਸੰਸਾਰ 'ਚ ਆਉਣ ਦਾ ਫਾਇਦਾ ਕੀ। ਕਿਤੇ ਮਹਾਰਾਜ ਇਹਨੂੰ ਬੀਜਣਾ ਕਹਿੰਦੇ ਨੇ। ਅਨੇਕ ਅਲੰਕਾਰਾਂ ਨਾਲ ਦਸਦੇ ਨੇ ਕਿ ਤੇਰੇ ਅੰਦਰ ਨਾਮ ਪਿਆ ਹੈ, ਗੁਰੂ ਵਾਲਾ ਬਣ ਕੇ ਤੂੰ ਏਸ ਨਾਮ ਨੂੰ ਪ੍ਰਾਪਤ ਕਰਨ ਦਾ ਯਤਨ ਕਰ। ਦਿਨ ਲੰਘਦੇ ਜਾਂਦੇ ਨੇ, ਮੁੜ ਕੇ ਪਤਾ ਨਹੀਂ ਫੇਰ ਕਿਹੜੇ ਘਰ ਪੈਦਾ ਹੋਣਾ ਹੈ। ਗਰੀਬ ਹੋਣਾ ਹੈ, ਅਮੀਰ ਹੋਣਾ ਹੈ, ਐਵੇਂ ਬੋਝਾ ਚੁੱਕ-ਚੁੱਕ ਮਰ ਜਾਵਾਂਗੇ, ਹੁਣ ਵਧੀਆ ਮਹਾਰਾਜ ਜੀ ਨੇ ਰਹਿਣ ਨੂੰ ਵੀ ਥਾਂ ਦਿਤੇ ਨੇ। ਸ਼ਹਿਰ ਵੀ ਦਿਤਾ ਹੈ, ਸੋਹਣਾ ਵਾਤਾਵਰਣ ਵੀ ਦਿਤਾ ਹੈ। ਇਹ ਵੀ ਨਹੀਂ ਪਤਾ ਕਿ ਕੋਈ ਜਾਨਵਰ ਹੀ ਬਣ ਜਾਣਾ ਹੈ, ਕੋਈ ਪਤਾ ਨਹੀਂ ਹੈ।

ਬੰਦਾ ਬਹਾਦਰ ਦੇ ਕੋਲ ਗੁਰੂ ਦਸ਼ਮੇਸ਼ ਪਿਤਾ ਜਾਂਦੇ ਨੇ, ਜਦ ਬੰਦਾ ਬਹਾਦਰ ਨੇ ਗੁਰੂ ਮਹਾਰਾਜ ਦੀ ਮਹਿਮਾ ਨੂੰ ਜਾਣ ਲਿਆ, ਉਸ ਵੇਲੇ ਮਹਾਰਾਜ ਜੀ ਨੇ ਪੁਛਿਆ ਕਿ ਕਿਉਂ ਬਈ ਬੰਦਾ ਸਿੰਘ ਬਹਾਦਰ ਤੇਰੇ ਗੁਰੂ ਕਿੱਥੇ ਨੇ, ਤੈਨੂੰ ਕੁਛ ਹੈ ਗਿਆਨ? ਕਹਿੰਦਾ ਮਹਾਰਾਜ! ਐਨਾ ਗਿਆਨ ਮੈਨੂੰ ਨਹੀਂ ਹੈ। ਕਹਿੰਦੇ ਫੇਰ ਵੀ? ਕਹਿੰਦਾ, ਬ੍ਰਹਮਲੀਨ ਹੋ ਗਏ। ਬ੍ਰਹਮਲੀਨ ਹੀ ਕਹਿੰਦੇ ਹਾਂ ਅਸੀਂ ਕਿ ਜੀ ਫਲਾਣਾ ਬ੍ਰਹਮਲੀਨ ਹੋ ਗਿਆ। 'ਅੱਖਰ' ਹੈ ਇਕ। ਅਸੀਂ ਚੜ੍ਹਾਈ ਕਰ ਗਿਆ ਕਹਿ ਦਿੰਦੇ ਹਾਂ। ਕਿੱਥੇ ਨੂੰ ਕਰ ਗਿਆ ਚੜ੍ਹਾਈ ਇਹ ਵੀ ਨਹੀਂ ਸਾਨੂੰ ਪਤਾ ਹੁੰਦਾ। ਉਹ ਕਹਿੰਦਾ, ਮੈਨੂੰ ਤਾਂ ਪਤਾ ਨਹੀਂ, ਜੇ ਆਪ ਨੂੰ ਪਤਾ ਹੈ ਤਾਂ ਇਕ ਵਾਰੀ ਦਰਸ਼ਨ ਕਰਾ ਦਿਓ, ਮਹਾਰਾਜ ਕਹਿੰਦੇ ਦੇਖ ਉਤੇ ਚੱਲ। ਆਹ ਜਿਹੜਾ ਬਿਲ ਦਾ ਬੂਟਾ ਹੈ। ਇਹਦੀਆਂ ਤੂੰ ਆਹ ਟਾਹਣੀਆਂ ਤੇ ਨਾ ਜਾਈਂ। ਐਸ ਟਾਹਣੀ 'ਤੇ ਜਾਹ। ਇਹਦੇ ਉਤੋਂ ਫੇਰ ਤੂੰ ਨਿੱਕੀ ਟਾਹਣੀ 'ਤੇ ਜਾਈਂ। ਉਥੇ ਤੈਨੂੰ ਇਕ ਕੀੜਾ ਮਿਲੇਗਾ ਵੱਡਾ ਸਾਰਾ। ਉਹਨੇ ਬਿੱਲ ਦੇ ਅੰਦਰ ਸੁਰਾਖ ਕਰਿਆ ਹੋਇਆ ਹੈ। ਇਹ ਮੌਜ ਦੇ ਨਾਲ ਅੰਦਰ ਬਿੱਲ ਵੀ ਖਾਂਦਾ ਰਹਿੰਦਾ ਹੈ, ਕੀੜੇ ਖਾਂਦੇ ਹੀ ਨੇ, ਕੱਕੜੀਆਂ ਦੇ ਵਿਚ ਸੁਰਾਖ ਕਰ ਲੈਂਦੇ ਨੇ। ਖਰਬੂਜਿਆਂ ਵਿਚ ਕਰ ਲੈਂਦੇ ਨੇ। ਕਹਿੰਦੇ, ਉਹਨੂੰ ਲਿਆ ਤੂੰ ਸਾਡੇ ਕੋਲ। ਬੰਦਾ ਬਹਾਦਰ ਉਤੇ ਚੜ੍ਹ ਗਿਆ, ਜਿਥੇ-ਜਿਥੇ ਮਹਾਰਾਜ ਨੇ ਦੱਸਿਆ, ਓਸ ਟਾਹਣੀ ਤੋਂ ਜਾ ਕੇ, ਜੜ੍ਹਾਂ ਦੇ ਵਿਚ ਐਉਂ ਲੱਗਿਆ ਪਿਆ, ਉਹਨੇ ਫੜ ਲਿਆ, ਬਿੱਲ ਵੀ ਤੋੜ ਲਿਆ। ਮਹਾਰਾਜ ਜੀ ਕੋਲ ਲੈ ਆਇਆ। ਮਹਾਰਾਜ ਕਹਿੰਦੇ ਆਹ ਹੈ ਤੇਰਾ ਗੁਰੂ। ਹੈਰਾਨ ਹੋ ਗਿਆ ਕਿ ਸੱਚੇ ਪਾਤਸ਼ਾਹ! ਮੈਨੂੰ ਤੁਹਾਡੇ ਬਚਨਾਂ 'ਤੇ ਯਕੀਨ ਹੈ, ਮੇਰਾ ਸੰਸਾ ਨਵਿਰਤ ਕਰ ਦਿਓ। ਇਕ ਵਾਰੀ ਮੇਰਾ ਗੁਰੂ

ਬੋਲ ਕੇ ਮੈਨੂੰ ਦੱਸ ਦੇਵੇ। ਮਹਾਰਾਜ ਜੀ ਨੇ ਕ੍ਰਿਪਾ ਕਰ ਦਿਤੀ ਬੋਲਣ ਦੀ ਸ਼ਕਤੀ ਦੇ ਦਿਤੀ। ਕਹਿਣ ਲੱਗਿਆ, ਮਾਧੋਦਾਸ! ਸੱਚਮੁੱਚ ਮੈਂ ਤੇਰਾ ਗੁਰੂ ਹਾਂ। ਰੋਣ ਲੱਗ ਗਿਆ, ਕਹਿਣ ਲੱਗਿਆ, ਹੇ ਸਤਿਗੁਰੂ! ਤੂੰ ਮੈਨੂੰ ਐਡੀ ਵੱਡੀ ਵਿਦਿਆ ਦਿਤੀ, ਐਨੀਆਂ ਸ਼ਕਤੀਆਂ ਦਾ ਮਾਲਕ ਬਣਾਇਆ, ਐਨੇ ਬੀਰ ਮੈਂ ਵਸ ਵਿਚ ਕੀਤੇ। ਤੁਹਾਡਾ ਆਹ ਹਾਲ? ਮੇਰਾ ਕੀ ਹਾਲ ਹੋਏਗਾ ਫੇਰ? ਕਹਿੰਦੇ, ਮਾਧੋਦਾਸ! ਤੈਨੂੰ ਪੂਰਾ ਸਤਿਗੁਰੂ ਮਿਲ ਗਿਆ। ਤੇਰਾ ਹਾਲ ਕੋਈ ਮਾੜਾ ਨਹੀਂ ਹੋਣਾ। ਇਨ੍ਹਾਂ ਦਾ ਬਚਨ ਕਮਾ, ਮਹਾਰਾਜ! ਤੁਹਾਡਾ ਇਹ ਕਿਉਂ ਹੋਇਆ? ਕਹਿੰਦਾ, ਮੈਂ ਜਦ ਚੜ੍ਹਾਈ ਕਰ ਰਿਹਾ ਸੀ। ਬਿੱਲ ਪੱਕੇ ਹੋਏ ਸੀ। ਮੈਂ ਉਤੇ ਨੂੰ ਝਾਕਿਆ ਤਾਂ ਮੇਰੇ ਮਨ ਵਿਚ ਆਇਆ ਕਿ ਮੈਂ ਇਹ ਪੱਕਿਆ ਹੋਇਆ ਬਿੱਲ ਨਹੀਂ ਖਾਧਾ, ਮੇਰੇ ਆਹ ਖਿਆਲ ਆ ਗਿਆ, ਨਾਲ ਦੀ ਨਾਲ ਮੇਰੇ ਪ੍ਰਾਣ ਨਿਕਲ ਗਏ। 'ਅੰਤ ਮਤੇ ਸੋ ਗਤੇ' ਜਿਹੋ ਜਿਹੀ ਅੰਤ ਦੀ ਮਤੀ ਹੋਏਗੀ, ਐਹੋ ਜਿਹੀ ਗਤੀ ਹੋਏਗੀ। ਜੇ ਕੋਠੀ 'ਚ ਰਹਿ ਜਾਵੇ ਸੁਰਤ, ਪ੍ਰੇਤ ਬਣ ਜਾਂਦਾ ਹੈ, ਨਾਲੇ ਆਪ ਦੁਖੀ, ਨਾਲੇ ਘਰਦਿਆਂ ਦੀ ਬੱਸ ਕਰਾ ਦਿੰਦਾ ਹੈ। ਪਸ਼ੂ ਮਾਰ ਦਏਗਾ, ਡੰਗਰ ਮਾਰ ਦਵੇਗਾ, ਘਾਟੇ ਪਾਉਣ ਲੱਗ ਜਾਏਗਾ, ਫਸਲਾਂ ਤਬਾਹ ਕਰ ਦਏਗਾ।

ਗੁਰੂ ਦਸਵੇਂ ਪਾਤਸ਼ਾਹ ਨੇ ਬਠਿੰਡੇ ਦਿਓ ਨੂੰ ਪੁਛਿਆ ਕਿ ਤੁਸੀਂ ਕੀ ਕੰਮ ਕਰਦੇ ਹੁੰਦੇ ਓ, ਕਹਿੰਦੇ ਮਾਲਵੇ ਦੀਆਂ ਸਭ ਫਸਲਾਂ ਖਾ ਜਾਂਦੇ ਹਾਂ, ਤਾਂ ਵੀ ਨਹੀਂ ਸਾਡਾ ਗੁਜ਼ਾਰਾ ਹੁੰਦਾ।ਸੋ ਨੁਕਸਾਨ ਕਰ ਦਿੰਦੀਆਂ ਨੇ ਆਹ ਰੂਹਾਂ। ਕਹਿਣ ਲੱਗਾ, ਮਰਨ ਤੋਂ ਬਾਅਦ ਮੈਂ ਕੀੜਾ ਬਣਦਾ ਤੁਰਿਆ ਆ ਰਿਹਾ ਹਾਂ। ਮੇਰੀ ਗਤੀ ਕੋਈ ਨਹੀਂ ਹੈ। ਇਹ ਤਾਂ ਗੁਰੂ ਮਹਾਰਾਜ ਆ ਗਏ, ਕ੍ਰਿਪਾ ਕਰ ਦਿਤੀ, ਮੇਰੀ ਵੀ ਗਤੀ ਤੇ ਤੇਰੀ ਵੀ ਗਤੀ।

ਹੁਣ ਇਹ ਨਹੀਂ ਪਤਾ ਕਿ ਸਰੀਰ ਛੱਡਣ ਤੋਂ ਬਾਅਦ ਅਸੀਂ ਕਿੱਥੇ ਜਾਈਏ। ਕਿਹੋ ਜਿਹੇ ਘਰ ਵਿਚ ਜਾਈਏ। ਬੜਾ ਮੁਸ਼ਕਲ ਹੈ, ਜਿਸ ਨੂੰ ਪਿਛਲੇ ਜਨਮ ਦਾ ਪਤਾ ਹੋਵੇ ਨਾ ਕਿ ਮੈਂ ਆਹ ਸੀ, ਦੂਸਰੇ ਜਨਮ ਵਿਚ ਉਹਨੂੰ ਬਹੁਤ ਔਖਾ ਹੁੰਦਾ ਹੈ, ਕਿ ਲੈ ਚੰਗੇ ਭਲੇ ਬੈਠੇ ਸੀ, ਭਜਨ ਕਰਦੇ ਸੀ, ਆਹ ਹੁਣ ਆ ਕੇ ਫੇਰ ਬੱਚੇ ਬਣ ਗਏ, ਚਪੇੜਾਂ ਖਾਣੀਆਂ ਪੈ ਗਈਆਂ ਕਿ ਤੂੰ ਪੜਦਾ ਨਹੀਂ ਹੈਂ, ਆਹ ਕੰਮ ਨਹੀਂ ਕਰਦਾ, ਆਹ ਨਹੀਂ ਕਰਦਾ। ਬੇ-ਵਸ ਹੋ ਗਿਆ ਆਦਮੀ ਗੁਰੂ ਨਾਨਕ ਦੇਵ ਜੀ ਦੇ ਵੀ ਤਾਂ ਮਾਰੀਆਂ ਸੀ ਚਪੇੜਾਂ ਕਿ ਤੂੰ ਵੀਹ ਰੁਪਏ ਕਿਉਂ ਖਰਚ ਕਰਕੇ ਆਇਆ। ਝਿੜਕਾਂ ਰੋਜ਼ ਹੀ ਪੈਂਦੀਆਂ ਸੀ।

ਮਹਾਰਾਜ ਕਹਿੰਦੇ, ਜੇ ਤੂੰ ਹੁਣੇ ਕੁਛ ਕਰ ਲਵੇਂ ਤਾਂ, ਤਾਂ ਬਹੁਤ ਵਧੀਆ ਹੈ, ਔਖਾ ਰਾਹ ਨਹੀਂ ਹੈ, ਬਿਲਕੁਲ ਸੁਖਾਲਾ ਹੈ। ਕਹਿੰਦਾ ਹੈ ਕਿ ਮਹਾਰਾਜ ਔਖਾ ਐਨਾ ਹੈ ਕਿ ਇਕ ਵਾਲ ਜਿੰਨਾ ਵੀ ਨਹੀਂ ਟੱਪਿਆ ਜਾਂਦਾ, ਪੂਰੇ ਜਨਮ 'ਚ। ਬਹੁਤ ਹੀ ਔਖਾ ਹੈ।

ਸੰਤ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ ਵਾਲੇ) ਨੂੰ ਮੈਂ ਜਦੋਂ ਮਿਲਿਆ ਤਾਂ ਮੈਨੂੰ ਕਹਿੰਦੇ ਤੇਰਾ ਇਕ ਕਦਮ ਰਹਿੰਦਾ ਹੈ ਬਾਕੀ, ਤੂੰ ਏਸ ਜਨਮ 'ਚ ਪੁੱਟ ਲੈ, ਜੇ ਏਸ 'ਚ ਨਾ ਪੁੱਟ ਹੋਇਆ, ਅਗਲਾ ਜਨਮ ਲੈਣਾ ਪਵੇਗਾ, ਫੇਰ ਅਗਲਾ, ਪਤਾ ਨਹੀਂ ਕਿੱਥੇ ਜਾ ਕੇ ਹੋਵੇ, ਪਿਛੇ ਨੂੰ ਗਿਰਨ ਤੋਂ ਬਚੀਂ -

*ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ ॥*
*ਅੰਗ - ੧੦੯੬*

ਪਿਛੇ ਨੂੰ down fall ਨਾ ਹੋ ਜਾਵੇ, ਕੀ ਪਤਾ ਹੈ ਸੁਸਾਇਟੀ ਮਾੜੀ ਮਿਲ ਜਾਵੇ, ਮਾਇਆ ਦਾ ਅਸਰ ਪੈ ਜਾਵੇ, ਮਾਇਆ ਤਾਂ ਵੱਡਿਆਂ-ਵੱਡਿਆਂ ਨੂੰ ਸੁੱਟ ਲੈਂਦੀ ਹੈ। ਕਿਹੋ ਜਿਹਾ ਹਾਲ ਹੋਵੇ ਕਿ ਉਹ ਕਦਮ ਪੁੱਟ ਹੁੰਦਾ ਹੈ ਕਿ ਨਹੀਂ ਪੁੱਟ ਹੁੰਦਾ। ਉਹ ਤਾਂ ਇਸ਼ਾਰਾ ਕਰ ਗਏ। ਕਿਉਂਕਿ ਸੁਖਾਲਾ ਨਹੀਂ ਹੈ, ਸੌ ਜਨਮ ਦੀ ਭਗਤੀ ਹੋਵੇ ਤਾਂ ਵੀ ਨਹੀਂ ਪੁੱਟ ਹੁੰਦਾ। ਬਾਂਹ ਫੜ ਕੇ ਕੋਈ ਪਾਰ ਕਰਾ ਦੇਵੇ ਤਾਂ ਹੁੰਦਾ ਹੈ, ਨਹੀਂ ਤਾਂ ਨਹੀਂ ਹੁੰਦਾ। ਆਖਰੀ ਮੰਜ਼ਲ ਵਸ ਤੋਂ ਬਾਹਰ ਹੈ। ਇਹ ਗੁਰੂ ਦੇ ਹੱਥ ਵਿਚ ਹੈ, ਸੰਤ ਦੇ ਹੱਥ ਵਿਚ ਹੈ, ਜੇ ਪਹੁੰਚਿਆ ਹੋਇਆ ਸਾਧੂ ਹੈ, ਉਹ ਲੰਘਾ ਦਿੰਦਾ ਹੈ, ਦੂਜੇ ਤੋਂ ਨਹੀਂ ਲੰਘਾ ਹੁੰਦਾ। ਸੋ ਇਸ ਤਰ੍ਹਾਂ ਮਹਾਰਾਜ ਕਹਿੰਦੇ ਪਿਆਰਿਆ! ਤੂੰ ਐਨਾ ਸਿਆਣਾ ਹੈਂ ਜੇ ਤੂੰ ਨਾਮ ਨਹੀਂ ਸੀ ਜਪਣਾ -

*ਜਿਨੀ ਐਸਾ ਹਰਿ ਨਾਮੁ ਨ ਚੇਤਿਓ*
*ਸੇ ਕਾਹੇ ਜਗਿ ਆਏ ਰਾਮ ਰਾਜੇ ॥ ਅੰਗ - ੪੫੦*

ਕਿਹੋ ਜਿਹਾ ਨਾਮ ਜਿਸ ਵਿਚ ਸਾਰੀਆਂ ਹੀ ਬਰਕਤਾਂ ਨੇ।

*ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ ॥ ਅੰਗ - ੬੪੯*
*ਜਿਸੁ ਨਾਮੁ ਰਿਦੈ ਸੋਈ ਵਡ ਰਾਜਾ ॥*
*ਅੰਗ - ੧੧੫੫*
*ਰਾਜਾ ਸਗਲੀ ਸ੍ਰਿਸਟਿ ਕਾ*
*ਹਰਿ ਨਾਮਿ ਮਨੁ ਭਿੰਨਾ ॥ ਅੰਗ - ੭੦੭*

ਕੋਈ ਤਕਲੀਫ ਨਹੀਂ ਆਉਂਦੀ।

*ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ*
*ਮਨ ਤਨ ਭਏ ਅਰੋਗਾ ॥ ਅੰਗ - ੬੧੧*

ਜੇ ਇਹੋ ਜਿਹਾ ਨਾਮ ਜਪਿਆ ਨਹੀਂ ਤਾਂ ਕਾਹਦੇ ਵਾਸਤੇ ਸੰਸਾਰ ਤੇ ਆਇਆ ਹੈਂ ਤੂੰ? ਕਹਿੰਦਾ ਜੀ ਮੈਂ ਕੋਠੀਆਂ ਬਣਾਉਣ ਵਾਸਤੇ, ਬੱਚੇ ਪੜ੍ਹਾਉਣ ਵਾਸਤੇ, ਨੌਕਰੀ ਕਰਨ ਵਾਸਤੇ; ਨੌਕਰੀ 'ਚੋਂ ਕੀ ਮਿਲਦਾ ਹੈ? ਕਹਿੰਦਾ ਹੈ ਜੀ ਰੋਟੀ। ਰੋਟੀ ਤਾਂ ਤੇਰੇ ਕਰਮਾਂ 'ਚ ਲਿਖੀ ਪਈ ਹੈ, ਮੈਂ ਲਿਖ ਕੇ ਭੇਜੀ ਹੈ ਪਹਿਲਾਂ, ਪ੍ਰਮੇਸ਼ਰ ਕਹਿੰਦਾ ਹੈ। ਪਰਾਲਬਧ ਕਰਮ ਮੈਂ ਤੇਰੇ ਮੱਥੇ 'ਚ ਲਿਖੇ ਨੇ, ਰੋਟੀ ਤਾਂ ਮੈਂ ਲਿਖ ਦਿਤੀ ਹੁਣ ਬੇਈਮਾਨੀ ਕਰ-ਕਰ ਕੇ ਤੂੰ

ਹੋਰ ਗੱਲਾਂ ਵਾਧੂ ਕਰਦਾ ਹੈਂ, ਰੋਟੀ ਤਾਂ ਲਿਖੀ ਹੋਈ ਹੈ -

*ਕਾਹੇ ਰੇ ਮਨ ਚਿਤਵਹਿ ਉਦਮੁ*
*ਜਾ ਆਹਰਿ ਹਰਿ ਜੀਉ ਪਰਿਆ ॥*
*ਸੈਲ ਪਥਰ ਮਹਿ ਜੰਤ ਉਪਾਏ*
*ਤਾ ਕਾ ਰਿਜਕੁ ਆਗੈ ਕਰਿ ਧਰਿਆ ॥*

*ਅੰਗ - ੧੦*

ਰਿਜਕ ਦਾ ਫਿਕਰ ਨਾ ਕਰ, ਉਹ ਰਾਜਕ ਹੈ, ਉਹਨੇ ਦੇਣਾ ਹੀ ਦੇਣਾ ਹੈ।ਕਿਵੇਂ ਹੀ ਦੇਵੇ ਚਾਹੇ। ਇਹ ਡਿਊਟੀ ਵਾਹਿਗੁਰੂ ਦੀ ਹੈ, ਫੇਰ ਇਹ ਤੇਰੀ ਡਿਊਟੀ ਤਾਂ ਹੈ ਨਹੀਂ ਤੂੰ ਆਪਣਾ ਜਨਮ ਬਰਬਾਦ ਕਰਕੇ ਚਲਿਆ ਜਾਵੇਂਗਾ। ਤੈਨੂੰ ਬੜੀ ਮੁਸ਼ਕਲ ਦੇ ਨਾਲ 83 ਲੱਖ 99 ਹਜ਼ਾਰ, 999 ਜੂਨਾਂ ਲੰਘਣ ਤੋਂ ਬਾਅਦ ਤੈਨੂੰ ਇਹ ਸਰੀਰ ਪ੍ਰਾਪਤ ਹੋਇਆ ਹੈ, ਇਹਦਾ ਫਾਇਦਾ ਲੈ ਲੈ, ਜੇ ਲੈ ਹੁੰਦਾ ਹੈ। ਸੰਤਾਂ ਦਾ ਬਚਨ ਕਮਾ ਲੈ, ਉਹਦੇ ਨਾਲ ਤਰ ਜਾਏਂਗਾ।

*ਜੇ ਕੋ ਬਚਨੁ ਕਮਾਵੈ ਸੰਤਨ ਕਾ*
*ਸੋ ਗੁਰ ਪਰਸਾਦੀ ਤਰੀਐ ॥ ਅੰਗ - ੭੪੭*

ਸੋ ਇਸ ਤਰ੍ਹਾਂ ਮਹਾਰਾਜ ਸਵਾਲ ਕਰਦੇ ਨੇ ਕਿ ਦੱਸ ਫੇਰ ਤੂੰ ਕਾਹਦੇ ਵਾਸਤੇ ਆਇਆ ਹੈਂ?

*ਇਹੁ ਮਾਣਸ ਜਨਮੁ ਦੁਲੰਭੁ ਹੈ*
*ਨਾਮ ਬਿਨਾ ਬਿਰਥਾ ਸਭੁ ਜਾਏ ॥*
*ਹੁਣਿ ਵਤੈ ਹਰਿ ਨਾਮੁ ਨ ਬੀਜਿਓ*
*ਅਗੈ ਭੁਖਾ ਕਿਆ ਖਾਏ ॥*
*ਮਨਮੁਖਾ ਨੋ ਫਿਰਿ ਜਨਮੁ ਹੈ*
*ਨਾਨਕ ਹਰਿ ਭਾਏ ॥ ਅੰਗ - ੪੫੦*

*ਮਨਮੁਖੁ ਦੁਖ ਕਾ ਖੇਤੁ ਹੈ ਦੁਖੁ ਬੀਜੇ ਦੁਖੁ ਖਾਇ ॥*
*ਦੁਖ ਵਿਚਿ ਜੰਮੈ ਦੁਖਿ ਮਰੈ ਹਉਮੈ ਕਰਤ ਵਿਹਾਇ॥*

*ਅੰਗ - ੯੪੭*

ਸੋ ਇਸ ਤਰ੍ਹਾਂ ਸ਼ੁਭ ਉਪਦੇਸ਼ ਦਿੰਦੀਆਂ ਨੇ ਮਾਵਾਂ। ਬਾਲਮੀਕ ਨੂੰ ਉਪਦੇਸ਼ ਦੇ ਦਿਤਾ ਕਿ ਬੰਦਾ ਪਹਿਲਾਂ ਮਾਰਿਆ ਕਰ, ਪਿਛੋਂ ਤਲਾਸ਼ੀ ਲਿਆ ਕਰ। ਪਹਿਲੇ ਦਿਨ ਉਹਨੇ ਬੰਦਾ ਮਾਰ ਦਿਤਾ, ਕੁਛ ਵੀ ਨਾ ਨਿਕਲਿਆ, ਦੋ ਪੈਸੇ ਨਿਕਲੇ। ਬੜਾ ਅਫਸੋਸ ਆਇਆ ਮਨ ਵਿਚ; ਜ਼ਮੀਰ ਨੇ ਆਵਾਜ਼ ਦਿਤੀ, ਜ਼ਮੀਰ ਮਾੜੇ ਕੰਮ ਲਈ ਵੀ ਆਵਾਜ਼ ਦਿੰਦੀ ਹੈ, ਚੰਗੇ ਲਈ ਵੀ ਦਿੰਦੀ ਹੈ ਲੇਕਿਨ ਮਾੜੇ ਨੇ ਉਹਨੂੰ ਅਵਾਜ਼ proof ਕਰ ਲਿਆ ਹੁੰਦਾ ਹੈ, ਉਹਦੀ ਆਵਾਜ਼ pass on ਨਹੀਂ ਹੁੰਦੀ। ਚੰਗੇ ਬੰਦੇ ਨੂੰ ਉਸੇ ਵੇਲੇ ਪਤਾ ਲਗ ਜਾਂਦਾ ਹੈ ਕਿ ਤੂੰ ਤਾਂ ਗਲਤ ਕੰਮ ਕਰ ਰਿਹਾ ਹੈਂ, ਠਹਿਰ ਜਾ; ਜ਼ਮੀਰ ਨੇ ਆਵਾਜ਼ ਦਿਤੀ ਕਿ ਤੂੰ ਬੜਾ ਮਾੜਾ ਕੰਮ ਕਰਿਆ, ਦੋ ਪੈਸੇ ਪਿਛੇ ਬੰਦਾ ਮਾਰ ਦਿਤਾ, ਇਹਦੇ ਬੱਚੇ ਹੋਣੇ, ਇਸਤਰੀ ਹੋਣੀ, ਕਿਸੇ ਕਾਰਜ ਜਾ ਰਿਹਾ ਸੀਗਾ ਤੇ ਤੂੰ ਮਾਰ ਦਿਤਾ। ਕੁਹਾੜਾ ਰੱਖ ਦਿਤਾ ਮਾਂ ਦੇ ਕੋਲ ਗਿਆ ਕਿ ਮੈਂ ਨਹੀਂ ਇਹ ਕੰਮ ਕਰਨਾ। ਮਾਂ ਕਹਿੰਦੀ, ਲਿਆ ਦੋ ਪੈਸੇ। ਦੋ ਪੈਸੇ ਲੈ ਕੇ ਮਾਛੀਆਂ ਦੇ ਘਰ ਜਾ ਕੇ ਪੂੰਗ ਖਰੀਦ ਲਿਆਈ (ਪੂੰਗ ਛੋਟੀਆਂ-ਛੋਟੀਆਂ ਮੱਛੀਆਂ ਹੁੰਦੀਆਂ ਨੇ) ਝੱਕਰਾ ਭਰ ਲਿਆਂਦਾ। ਕਹਿੰਦੀ, ਬਾਲਮੀਕ ਉਰ੍ਹੇ ਆ, ਤੂੰ ਤਾਂ ਦੋ ਪੈਸੇ ਪਿਛੇ ਇਕ ਬੰਦਾ ਮਾਰਿਆ, ਆਹ ਦੇਖ ਭਰਿਆ ਹੋਇਆ ਝੱਕਰਾ, ਇਹਨੇ ਦੋ ਪੈਸੇ ਲਈ ਕਿੰਨੇ ਜੀਵ ਮਾਰ ਦਿਤੇ; ਜੀਵ ਦੀ ਹੱਤਿਆ ਤਾਂ ਇਕੋ ਜਿਹੀ ਹੈ, ਬੰਦਾ ਮਾਰ ਦਿਤਾ, ਕੁੱਤਾ ਮਾਰ ਦਿਤਾ। ਪੁੱਠੇ ਰਸਤੇ ਲਾ ਦਿਤਾ; ਹੁਣ ਕੰਮ ਕੀ ਕਰਦਾ ਹੈ, ਬੰਦਿਆਂ ਨੂੰ ਮਾਰੀ ਜਾਂਦਾ ਹੈ। ਭਾਈ ਗੁਰਦਾਸ ਜੀ ਨੇ ਲਿਖਿਆ ਹੈ -

*ਵਾਟੈ ਮਾਣਸ ਮਾਰਦਾ ਬੈਠਾ ਬਾਲਮੀਕ ਬਟਵਾੜਾ।*

*ਭਾਈ ਗੁਰਦਾਸ ਜੀ, ਵਾਰ ੧੦/੧੯*

ਲੇਕਿਨ ਇਕ ਦਿਨ ਐਸਾ ਹੋਇਆ ਕਿ ਪੂਰਾ ਸਤਿਗੁਰੂ ਆ ਗਿਆ; ਸਤਿਗੁਰੂ ਦੀ ਅਣਹੋਂਦ ਨਹੀਂ ਕਦੇ ਵੀ ਸਾਧਸੰਗਤ ਜੀ ਹੁੰਦੀ। ਇਹ ਵਾਹਿਗੁਰੂ ਦਾ ਇੰਤਜ਼ਾਮ ਹੈ, ਸਾਨੂੰ ਦਖਲ ਨਹੀਂ ਦੇਣਾ ਚਾਹੀਦਾ ਇਹਦੇ ਵਿਚ ਕਿ ਗੁਰੂ ਹੁੰਦਾ ਹੈ ਕਿ ਨਹੀਂ ਹੁੰਦਾ, ਜਿਹਦੇ ਮਸਤਕ 'ਚ ਲਿਖਿਆ ਹੋਇਆ ਹੈ, ਉਹਨੂੰ ਗੁਰੂ ਮਿਲ ਜਾਏਗਾ, ਜਿਹਦੇ ਨਹੀਂ ਲਿਖਿਆ ਉਹਨੂੰ ਨਹੀਂ ਮਿਲੇਗਾ।

*ਜਿਨ ਮਸਤਕਿ ਧੁਰਿ ਹਰਿ ਲਿਖਿਆ*
*ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ ॥*

*ਅੰਗ - ੪੫੦*

ਸਤਿਗੁਰੂ ਦੀ ਅਣਹੋਂਦ ਨਹੀਂ, ਜਦ ਤੋਂ ਸੰਸਾਰ ਰਚਿਆ ਹੈ ਸਤਿਗੁਰੂ ਆਉਂਦਾ ਹੀ ਹੈ। ਕਦੇ ਕਿਸੇ ਰੂਪ ਵਿਚ, ਕਦੇ ਕਿਸੇ 'ਚ। ਸਤਿਗੁਰੂ ਜੋਤੀ ਹੁੰਦੀ ਹੈ, ਸਰੀਰ ਧਾਰਨ ਕਰ ਲੈਂਦੀ ਹੈ।

*ਪੂਰਾ ਸਤਿਗੁਰੂ ਭੇਟਿਆ ਮਨ ਵਿਚਿ ਹੋਆ ਖਿੰਜੋ ਤਾੜਾ।*

*ਭਾਈ ਗੁਰਦਾਸ ਜੀ, ਵਾਰ ੧੦/੧੯*

ਪੂਰਾ ਸਤਿਗੁਰੂ ਆ ਗਿਆ, ਹੁਣ ਅੱਜ ਪਹਿਲੀ ਵਾਰੀ ਜੇ-ਜ਼ਿਕ ਆਈ ਅੰਦਰ। ਪਹਿਲਾਂ ਤਾਂ ਨੱਠ ਕੇ ਮਾਰਦਾ ਸੀ, ਹੁਣ ਮਨ ਵਿਚ ਹੋਇਆ ਕਿ ਇਹ ਤਾਂ ਜ਼ੋਰ ਨਹੀਂ ਚੱਲਦਾ। ਉਹਦਾ ਰੋਹਬ ਐਡਾ ਹੈ, ਨਾਮ ਦਾ ਪ੍ਰਤਾਪ ਐਡਾ ਹੈ, ਮਨ ਵਿਚ ਡਰ ਗਿਆ, ਹਿੱਲ ਗਿਆ ਪੈਰਾਂ ਤੋਂ।

*ਮਾਰਨ ਨੋ ਲੋਚੈ ਘਣਾ ਕਢਿ ਨ ਹੰਘੈ ਹਥੁ ਉਘਾੜਾ।*

*ਭਾਈ ਗੁਰਦਾਸ ਜੀ, ਵਾਰ ੧੦/੧੯*

ਲੇਕਿਨ ਮਾਰ ਨਹੀਂ ਸਕਦਾ। ਕੁਹਾੜਾ ਫੜਦਾ ਹੈ, ਬਾਹਾਂ ਡੋਲ ਰਹੀਆਂ ਨੇ। ਮਾਰ ਨਹੀਂ ਸਕਦਾ।

*ਸਤਿਗੁਰ ਮਨੂਆ ਰਾਖਿਆ*
*ਹੋਇ ਨ ਆਵੈ ਉਛੋਹਾੜਾ।*

*ਭਾਈ ਗੁਰਦਾਸ ਜੀ, ਵਾਰ ੧੦/੧੯*

ਉਨ੍ਹਾਂ ਨੇ ਮਨ ਹੀ ਬਦਲ ਦਿਤਾ ਉਹਦਾ। ਹੁਣ ਹੋ ਨਹੀਂ

ਸਕਦਾ। ਉਹਨੇ ਕਿਹਾ ਕਿ ਅੱਜ ਤਾਂ ਅਜੀਬ ਆਦਮੀ ਨਾਲ ਵਾਹ ਪਿਆ ਹੈ।

ਸਾਧਸੰਗਤ ਜੀ! ਇਤਿਹਾਸ ਦੇ ਵਿਚ ਬੇਅੰਤ ਮਿਸਾਲਾਂ ਆਉਂਦੀਆਂ ਨੇ, ਗੁਰੂ ਨਾਨਕ ਪਾਤਸ਼ਾਹ ਨੂੰ ਜਦੋਂ ਬਗਦਾਦ ਵਿਚ ਵੱਟੇ ਮਾਰਨ ਆਇਆ ਸ਼ਹਿਰ; ਮਹਾਰਾਜ ਨੇ ਇਕ ਦ੍ਰਿਸ਼ਟੀ ਕਰੀ ਹੈ, 'ਸਤਿ ਸ੍ਰੀ ਅਕਾਲ, ਗੁਰਬਰ ਅਕਾਲ' ਖੜ੍ਹੇ ਹੋ ਕੇ ਇਹ ਬਾਂਗ ਦੇ ਦਿਤੀ। ਉਹਦਾ ਅਸਰ ਕੀ ਹੋਇਆ ਸਾਰਿਆਂ ਦੇ ਉਥੇ ਹੀ ਹੱਥ ਜੁੜ ਗਏ।

ਸਿਕੰਦਰ ਰਾਵੀ ਦੇ ਕੰਢੇ ਗਿਆ, ਪੋਰਸ ਨੂੰ ਨਾਲ ਲੈ ਕੇ, ਉਥੇ ਗਿਆ, ਮਹਾਤਮਾ ਬੈਠੇ ਨੇ ਉਨ੍ਹਾਂ ਨੇ ਸਤਿਕਾਰ ਹੀ ਨਾ ਕਰਿਆ, ਇਹਨੂੰ ਗੁੱਸਾ ਆ ਗਿਆ ਕਿ ਮੈਂ ਦੁਨੀਆਂ ਨੂੰ ਜਿੱਤ ਕੇ ਆ ਆਇਆ ਹਾਂ, ਇਹਨੇ ਮੇਰਾ ਸਤਿਕਾਰ ਹੀ ਨਹੀਂ ਕਰਿਆ, ਨੰਗ-ਧੜੰਗਾ ਬੈਠਾ ਹੈ। ਇਹਨੇ ਕਿਹਾ ਕਿ ਮੈਂ ਤਾਂ ਇਹਨੂੰ ਮਾਰ ਦੇਵਾਂਗਾ, ਘੋੜਾ ਤੇਜ਼ ਕਰ ਲਿਆ ਤੇ ਤਲਵਾਰ ਕੱਢ ਲਈ। ਜਦ ਕੋਲ ਗਿਆ, ਮਹਾਤਮਾ ਨੇ ਇਹਦੇ ਵਲ ਜਦ ਦੇਖਿਆ, ਤਲਵਾਰ ਉਥੇ ਹੀ ਰਹਿ ਗਈ, ਨਾ ਹੇਠਾਂ ਹੁੰਦੀ ਹੈ ਬਾਂਹ ਨਾ, ਹੋਰ ਉਪਰ ਹੁੰਦੀ ਹੈ। ਕਹਿੰਦੇ, ਮਾਰ, ਮਾਰਦਾ ਕਿਉਂ ਨਹੀਂ ਹੁਣ? ਅਜੇ ਤੇਰੀ ਤਲਵਾਰ ਰੱਜੀ ਨਹੀਂ ਹਜ਼ਾਰਾਂ ਬੇ-ਦੋਸ਼ਿਆਂ ਦਾ ਖੂਨ ਪੀ ਕੇ।

ਗੁਰੂ ਅੰਗਦ ਸਾਹਿਬ ਦੇ ਪਾਸ ਹਮਾਯੂੰ ਆਉਂਦਾ ਹੈ। ੧੫ ਮਿੰਟ ਮਹਾਰਾਜ ਬੇ-ਪਰਵਾਹ ਰਹੇ। 15 ਮਿੰਟਾਂ ਤੋਂ ਬਾਅਦ ਹਮਾਯੂੰ ਨੇ ਤਲਵਾਰ ਕੱਢ ਲਈ। ਉਹ ਉਥੇ ਹੀ ਜੁੜ ਗਿਆ, ਏਧਰ ਓਧਰ ਹੀ ਨਹੀਂ ਹੁੰਦਾ। ਸੋ ਬਾਲਮੀਕ ਨਾਲ ਇਸ ਤਰ੍ਹਾਂ ਹੀ ਬੀਤਿਆ, ਕੱਢ ਨਾ ਸਕਿਆ ਹੱਥ। ਓਸ ਵੇਲੇ ਮਨ 'ਚ ਖਿਆਲ ਆਇਆ ਕਿ ਅੱਜ ਬਹੁਤ ਸ਼ਕਤੀਸ਼ਾਲ ਰੂਹ ਨਾਲ ਮੇਰਾ ਮੁਕਾਬਲਾ ਪੈ ਗਿਆ। ਓਸ ਵੇਲੇ ਮਹਾਂਪੁਰਸ਼ਾਂ ਨੇ ਪੁਛਿਆ, ਬਾਲਮੀਕ! ਇਹ ਤੂੰ ਬੰਦੇ ਕਿਉਂ ਮਾਰਦਾ ਹੈਂ। ਤੈਨੂੰ ਪਤਾ ਹੈ ਬੰਦੇ ਮਾਰਨ ਦਾ ਦੋਸ਼ ਕਿੰਨਾ ਹੁੰਦਾ ਹੈ। ਉਹ ਕਹਿੰਦਾ ਮਹਾਰਾਜ ਸਾਡਾ ਰੁਜ਼ਗਾਰ ਆਹੀ ਹੈ, ਮੇਰੀ ਮਾਂ ਨੇ ਮੈਨੂੰ ਇਹੀ ਰੁਜ਼ਗਾਰ ਦੱਸਿਆ ਹੈ।

***ਅਉਗਣੁ ਸਭ ਪਰਗਾਸਿਅਨੁ***
***ਰੋਜਗਾਰੁ ਹੈ ਏਹੁ ਅਸਾੜਾ।***
***ਭਾਈ ਗੁਰਦਾਸ ਜੀ, ਵਾਰ ੧੦/੧੯***

ਉਹ ਕਹਿੰਦੇ, ਦੇਖ ਬਾਲਮੀਕ! ਕੰਮ ਕੋਈ ਵੀ ਕਰ ਲੈ, ਜਿਵੇਂ ਖੇਤ 'ਚ ਬੀਜ ਲੈ, ਉਵੇਂ ਵੱਢਣਾ ਪੈਂਦਾ ਹੈ। ਆਹ ਸਰੀਰ ਨਾਲ ਜਿਹੜਾ ਬੀਜੇਂਗਾ ਨਾ, ਇਹ ਤੈਨੂੰ ਵੱਢਣਾ ਪੈਣਾ ਹੈ। ਤੂੰ ਬੀਜਦਾ ਹੈਂ ਪਾਪ। ਪਾਪਾਂ ਦਾ ਫਲ ਜਿਹੜਾ ਦਰਗਾਹ 'ਚ ਜਾ ਕੇ ਮਿਲਣਾ ਹੈ ਨਾ, ਉਥੇ ਤੈਨੂੰ ਬਹੁਤ ਜ਼ਿਆਦਾ ਤਕਲੀਫਾਂ ਹੋਣਗੀਆਂ।

***ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥***
***ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥***
***ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ ॥***
***ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥***
***ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥***
***ਅੰਗ - ੩੧੫***

ਜਿਨ੍ਹਾਂ ਦੇ ਵਾਸਤੇ ਕਰਦਾ ਹੈਂ ਉਨ੍ਹਾਂ ਨੂੰ ਪੁਛ ਕੇ ਆ ਕਿ ਤੇਰੀ ਸਹਾਇਤਾ ਕਰਨਗੇ?

***ਘਰਿ ਵਿਚਿ ਪੁਛਣ ਘਲਿਆ***
***ਅੰਤਕਾਲ ਹੈ ਕੋਇ ਅਸਾੜਾ।***
***ਭਾਈ ਗੁਰਦਾਸ ਜੀ, ਵਾਰ ੧੦/੧੯***

ਹੁਣ ਸਾਰਿਆਂ ਨੇ ਜਵਾਬ ਦੇ ਦਿਤਾ।

***ਕੋੜਮੜਾ ਚਉਖੰਨੀਐ ਕੋਇ ਨ ਬੇਲੀ ਕਰਦੇ ਝਾੜਾ।***
***ਭਾਈ ਗੁਰਦਾਸ ਜੀ, ਵਾਰ ੧੦/੧੯***

ਬੇਲੀ ਨਹੀਂ ਬਣਦਾ ਕੋਈ ਵੀ। ਮਾਂ ਕਹਿੰਦੀ ਕਿ ਤੈਨੂੰ ਮੈਂ ਪਾਲਿਆ ਹੈ, ਤੇਰਾ ਫਰਜ਼ ਹੈ, ਪਾਪ ਜਿਹੜੇ ਤੂੰ ਕਰਦਾ ਹੈਂ, ਤੂੰ ਹੀ ਭੁਗਤੇਂਗਾ ਮੈਂ ਕਿਉਂ ਤੇਰੀ ਥਾਂ ਤੇ ਭੁਗਤਾਂਗੀ। ਮੈਂ ਆਪਣਾ ਫਰਜ਼ ਪੂਰਾ ਕਰ ਦਿਤਾ ਕਿ ਤੈਨੂੰ ਪਾਲ ਦਿਤਾ। ਘਰਵਾਲੀ ਕਹਿੰਦੀ ਮੈਂ ਤਾਂ ਤੇਰੇ ਨਾਲ ਵਿਆਹ ਕਰਾਇਆ ਹੈ ਮੈਂ ਤੇਰੇ ਕਰਮਾਂ ਦੀ ਭਾਗੀਦਾਰ ਨਹੀਂ ਹਾਂ। ਬੱਚਿਆ ਨੇ ਕਿਹਾ ਕਿ ਉਹ ਆਪ ਹੀ ਹੈ। ਨਿਰਾਸ਼ ਹੋ ਗਿਆ, ਕਹਿਣ ਲੱਗਿਆ ਕਿ ਜਿਨ੍ਹਾਂ ਦੇ ਵਾਸਤੇ ਮੈਂ ਇਹ ਕੰਮ ਕਰਦਾ ਹਾਂ, ਇਹ ਤਾਂ ਕੋਈ ਵੀ ਮੇਰਾ ਸਾਥ ਨਹੀਂ ਦੇ ਰਿਹਾ।

***ਧਾਰਨਾ - ਤੇਰਾ ਕੋਈ ਨਾ ਬੇਲੀ ਹੋਣਾ,***
***ਪਾਪ ਕਮਾਵਦਿਆਂ।***
***ਅਨ ਕਾਏ ਰਾਤੜਿਆ ਵਾਟ ਦੁਹੇਲੀ ਰਾਮ ॥***
***ਪਾਪ ਕਮਾਵਦਿਆ ਤੇਰਾ ਕੋਇ ਨ ਬੇਲੀ ਰਾਮ ॥***
***ਅੰਗ - ੫੪੬***

ਕਿਉਂ ਗਲਤ ਗੱਲਾਂ ਵਿਚ ਪਿਆ ਹੋਇਆ ਹੈਂ, ਜਿਸ ਰਾਹ ਤੂੰ ਜਾਣਾ ਹੈਂ, ਉਹ ਬਹੁਤ ਔਖਾ ਰਸਤਾ ਹੈ, ਉਥੇ ਸਭ ਹਾਏ-ਹਾਏ ਕਰਦੇ ਜਾਂਦੇ ਨੇ।

***ਬਾਰਿ ਵਿਡਾਨੜੈ ਹੁੰਮਸ ਧੁੰਮਸ***
***ਕੂਕਾ ਪਈਆ ਰਾਹੀ ॥ ਅੰਗ - ੫੨੦***

ਉਥੇ ਰੋਣਾ ਪੈਂਦਾ ਹੈ। ਫੇਰ ਪਛਤਾਉਣ 'ਤੇ ਬਣਦਾ ਕੁਛ ਨਹੀਂ।

***ਕੋਏ ਨ ਬੇਲੀ ਹੋਇ ਤੇਰਾ ਸਦਾ ਪਛੋਤਾਵਹੇ ॥***
***ਗੁਨ ਗੁਪਾਲ ਨ ਜਪਹਿ ਰਸਨਾ***
***ਫਿਰਿ ਕਦਹੁ ਸੇ ਦਿਹ ਆਵਹੇ ॥ ਅੰਗ - ੫੪੬***

ਕਦੋਂ ਆਉਣਾ ਹੈ ਮੁੜ ਕੇ। ਹੁਣ ਤੂੰ ਮਨੁਖ ਬਣਿਆ ਹੋਇਆ ਹੈਂ, ਹੁਣ ਭਜਨ ਨਹੀਂ ਕਰਦੇ, ਫੇਰ ਤਾਂ ਔਖਾ ਹੋ ਜਾਏਗਾ-

***ਧਾਰਨਾ - ਗੂੰਗਾ ਮੁਖ ਹੋ ਗਿਆ,***

*ਹੁਣ ਕਿਵੇਂ ਨਾਮ ਜਪੇਂਗਾ।*

*ਚਾਰਿ ਪਾਵ ਦੁਇ ਸਿੰਗ ਗੁੰਗ ਮੁਖ*
*ਤਬ ਕੈਸੇ ਗੁਨ ਗਈਹੈ ॥*
*ਊਠਤ ਬੈਠਤ ਠੇਗਾ ਪਰਿਹੈ*
*ਤਬ ਕਤ ਮੂਡ ਲੁਕਈਹੈ ॥ ੧ ॥*
*ਹਰਿ ਬਿਨੁ ਬੈਲ ਬਿਰਾਨੇ ਹੁਈਹੈ ॥ ਅੰਗ - ੫੨੪*

ਕਬੀਰ ਸਾਹਿਬ ਨੇ ਇਕ ਪਾਖੰਡੀ ਸਾਧੂ ਨੂੰ ਕਹਿਣਾ ਕਿ ਤੂੰ ਬੰਦਗੀ ਕਰਿਆ ਕਰ। ਉਹਨੇ ਕਹਿਣਾ ਕਿ ਦੇਖ ਤੂੰ ਤਾਂ ਜੁਲਾਹਾ ਹੈਂ, ਮੈਂ ਹਾਂ ਬ੍ਰਾਹਮਣ, ਨਾਲ ਸੰਨਿਆਸੀ, ਮੈਂ ਨਾ ਵੀ ਨਾਮ ਜਪਾਂ ਤਾਂ ਵੀ ਤੇਰੇ ਨਾਲੋਂ ਅੱਗੇ ਹਾਂ। ਖਾਂਦਾ ਰਿਹਾ, ਹੁਣ ਪ੍ਰਮੇਸ਼ਰ ਦੇ ਘਰ 'ਤੇ ਤਾਂ ਲੈਣਾ ਦੇਣਾ, ਹਿਸਾਬ ਕਿਤਾਬ ਬਣਿਆ ਹੋਇਆ ਹੈ। ਪਹਿਲਾਂ ਕਿਸੇ ਦਾ ਖਾਓ ਫੇਰ ਉਸ ਦਾ ਹਿਸਾਬ ਕਿਤਾਬ ਦੇਓ। ਬੜਾ ਔਖਾ ਹੈ ਹਿਸਾਬ -

*ਦਰਿ ਲਏ ਲੇਖਾ ਪੀੜਿ ਛੁਟੈ ਨਾਨਕਾ ਜਿਉ ਤੇਲੁ ॥*
*ਅੰਗ - ੪੭੪*

ਬਾਬਾ ਫਰੀਦ ਤੁਰੇ ਜਾਂਦੇ ਇਕ ਬੈਲ ਦਾ ਕਰੰਗ ਦੇਖ ਕੇ ਸਿਜਦਾ ਕਰਨ ਲੱਗ ਗਏ। ਹੈਰਾਨ ਹੋ ਗਏ ਮੁਰੀਦ! ਮੁਰਸ਼ਦ! ਇਹ ਕੀ ਕਰ ਰਹੇ ਹੋ ਤੁਸੀਂ, ਇਕ ਬੈਲ ਮਰਿਆ ਹੋਇਆ ਹੈ, ਕਹਿੰਦੇ ਪ੍ਰਮੇਸ਼ਰ ਦਾ ਅਸੀਂ ਹੁਕਮ ਦੇਖ ਰਹੇ ਸੀ, ਕਹਿੰਦੇ ਸਾਨੂੰ ਵੀ ਕੁਛ ਗਿਆਤ ਹੋਵੇ ਮਹਾਰਾਜ। ਕਹਿੰਦੇ ਜਿਹੜਾ ਬੈਲ ਪਿਆ ਹੈ ਨਾ ਇਥੇ ਦਾ ਹੀ ਵੱਡਾ ਸਰਦਾਰ ਸੀ। ਬਹੁਤ ਜ਼ਮੀਨ ਸੀ ਹਜ਼ਾਰ ਵਿੱਘੇ ਤੋਂ ਵੀ ਜ਼ਿਆਦਾ। ਪਰ ਲਾਲਚੀ ਹੱਦ ਦਰਜੇ ਦਾ ਸੀ। ਇਕ ਦਿਨ ਘੋੜੀ ਦੇ ਉਤੇ ਜਾ ਰਿਹਾ ਹੈ ਕਣਕ ਪੱਕੀ ਹੋਈ ਹੈ, ਦੇਖਦਾ ਫਿਰਦਾ ਹੈ, ਨਾਲ ਦੇ ਖੇਤ ਵਾਲੇ ਦੇ ਵਿਚ ਘੋੜੀ ਚਲਾਉਂਦਾ ਹੈ, ਬੰਨੇ 'ਤੇ ਨਹੀਂ ਚਲਾਉਂਦਾ। ਉਹਦੀਆਂ ਅੱਠ-ਦੱਸ ਬੱਲੀਆਂ ਰਕਾਬ ਵਿਚ ਫਸ ਗਈਆਂ। ਇਹਨੇ ਦੇਖ ਲਈਆਂ, ਉਵੇਂ ਜਿਵੇਂ ਫਸਾਈ ਆਇਆ, ਘਰ ਆ ਕੇ ਕਣਕ ਕੁਛ ਕੱਢੀ ਹੋਈ ਸੀ, ਹੱਥ ਨਾਲ ਮਲ ਕੇ ਉਹਦੇ ਵਿਚ ਦਾਣੇ ਪਾ ਦਿਤੇ। ਕਹਿੰਦੇ ਦਾਣੇ ਤਾਂ ਹੋਣੇ ਜ਼ਿਆਦਾ ਤੋਂ ਜ਼ਿਆਦਾ ਦੋ ਸੌ ਜਾ ਤਿੰਨ ਸੌ; ਪਰ ਪ੍ਰਮੇਸ਼ਰ ਦਾ ਹਿਸਾਬ ਦੇਖੋ, ਪੂਰਾ ਜਨਮ ਬੈਲ ਬਣ ਕੇ ਇਹਨੇ ਲੇਖਾ ਦਿਤਾ ਹੈ, ਅਸੀਂ ਤਾਂ ਸਿਜਦਾ ਕਰਦੇ ਹਾਂ। ਕਬੀਰ ਸਾਹਿਬ ਕਹਿੰਦੇ ਲੇਖਾ ਦੇਣਾ ਔਖਾ ਹੋ ਜਾਏਗਾ ਤੂੰ ਖਾਈ ਜਾਂਦਾ ਹੈਂ। ਜਿਹੜੇ ਸਾਧੂ ਦਾਨ ਲੈਂਦੇ ਨੇ, ਖਾਂਦੇ ਨੇ, ਬੰਦਗੀ ਨਹੀਂ ਕਰਦੇ, ਹਾਲ ਉਨ੍ਹਾਂ ਦਾ ਵੀ ਆਹੀ ਹੋਣਾ ਹੈ, ਉਹ ਵੀ ਛੁਟ ਨਹੀਂ ਸਕਦੇ, ਲੇਖਾ ਤਾਂ ਦੇਣਾ ਹੀ ਪੈਣਾ ਹੈ।

ਇਕ ਵਾਰੀ ਕਬੀਰ ਸਾਹਿਬ ਜਾ ਰਹੇ ਨੇ, ਉਨ੍ਹਾਂ ਕਿਸਾਨਾਂ ਦਾ ਇਕ ਬੈਲ ਚਲ ਨਹੀਂ ਰਿਹਾ। ਹੈ ਭਾਰੀ। ਕਹਿੰਦੇ ਭਾਈ! ਆਹ ਬੈਲ ਨਾਲ ਗੱਲ ਕਰਨੀ ਹੈ। ਪਾਸੇ ਹਟ ਜਾਓ ਤੁਸੀਂ। ਕਹਿੰਦੇ ਲੈ ਹੁਣ ਦੱਸ, ਤੈਨੂੰ ਪਾਲਿਆ ਹੈ, ਨਿਹਾਰੀਆਂ ਖਲਾ ਖਲਾ ਕੇ, ਘਿਉ ਖਲਾ-ਖਲਾ ਕੇ ਤਕੜਾ ਕੀਤਾ ਹੈ। ਪੁਰਾਣੇ ਸਮਿਆਂ ਵਿਚ ਮਣ-ਮਣ ਘਿਉ ਖਲਾ ਦਿੰਦੇ ਸੀ ਬੈਲਾਂ ਨੂੰ, ਪੀਪੇ ਚਾਰ-ਚਾਰ। ਫੇਰ ਦੇਖਦੇ ਹੁੰਦੇ ਕਿ ਮੇਰੇ ਬੈਲ 30 ਮੀਲ ਜਾਂਦੇ ਨੇ ਕਿ 50 ਮੀਲ ਜਾਂਦੇ ਨੇ। ਥੱਕਦੇ ਨਹੀਂ ਹੈਗੇ। ਕਹਿੰਦੇ ਹੁਣ ਦੱਸ ਨਿਹਾਰੀਆਂ ਖਾਂਦਾ ਸੀ, ਮੱਖਣ ਖਾਂਦਾ ਸੀ ਜਦ। ਹੁਣ ਵੀ ਇਨ੍ਹਾਂ ਨੇ ਤੈਨੂੰ ਬੜਾ ਪਾਲਿਆ ਹੈ, ਹੁਣ ਤਾਂ ਤੈਨੂੰ ਲੇਖਾ ਦੇਣਾ ਹੀ ਪੈਣਾ ਹੈ -

*ਜਨ ਭਗਤਨ ਕੋ ਕਹੋ ਨ ਮਾਨੋ*
*ਕੀਓ ਅਪਨੋ ਪਈਹੈ ॥ ਅੰਗ - ੫੨੪*

ਜੇ ਤੂੰ ਓਦੋਂ ਹੀ ਸਾਡਾ ਕਿਹਾ ਮੰਨ ਲੈਂਦਾ, ਹੁਣ ਤੂੰ ਸਿੱਧਾ ਹੋ ਕੇ ਤੁਰ। ਪਰਾਣੀਆਂ ਤੇਰੇ ਪੈ ਰਹੀਆਂ ਨੇ, ਨੱਕ ਤੇਰਾ ਬੰਦ ਕਰਿਆ ਹੋਇਆ ਹੈ। ਪੂੰਛ ਤੇਰੀ ਦੱਬੀ ਹੋਈ ਹੈ, ਐਉਂ ਤਾਂ ਤੈਨੂੰ ਛੱਡਣਾ ਨਹੀਂ ਇਨ੍ਹਾਂ ਨੇ, ਇਨ੍ਹਾਂ ਨੂੰ ਕੀ ਪਤਾ ਕਿ ਸਾਡਾ ਗੁਰੂ ਹੀ ਆ ਵੜਿਆ ਮੁੜ ਕੇ ਫੇਰ, ਇਹ ਤਾਂ ਲੇਖੇ ਦੇਣੇ ਪੈਣੇ ਨੇ। ਮਹਾਰਾਜ ਕਹਿੰਦੇ, ਪਿਆਰਿਓ -

*ਗੁਨ ਗੁਪਾਲ ਨ ਜਪਹਿ ਰਸਨਾ*
*ਫਿਰਿ ਕਦਹੁ ਸੇ ਦਿਹ ਆਵਹੇ ॥ ਅੰਗ - ੫੪੬*

ਕਦ ਆਉਣਗੇ ਮੁੜ ਕੇ ਫੇਰ ਨਾਮ ਜਪਣ ਵਾਲੇ ਦਿਨ। ਖਬਰੇ ਕਿੱਥੇ ਚਲੇ ਜਾਈਏ। ਦੁਨੀਚੰਦ ਕੋਲ ਗੁਰੂ ਮਹਾਰਾਜ ਜਾਂਦੇ ਨੇ, ਦੁਨੀਚੰਦ ਨੇ ਸਰਾਧ ਕੀਤਾ ਹੈ, ਮਹਾਰਾਜ ਕਹਿੰਦੇ, ਅਸੀਂ ਤੇਰੇ ਪਿਉ ਨੂੰ ਛਕਾ ਕੇ ਫੇਰ ਛਕਾਂਗੇ। ਕਹਿਣ ਲੱਗਿਆ, ਮਹਾਰਾਜ! ਇਹ ਤਾਂ ਮੈਂ ਹਰ ਸਾਲ ਕਰਦਾ ਹਾਂ, ਸਾਧੂ ਮਹਾਤਮਾ ਹਰ ਸਾਲ ਆਉਂਦੇ ਨੇ। ਕਹਿੰਦਾ, ਅੱਗੇ ਤੇਰੇ ਪਿਉ ਤਕ ਨਹੀਂ ਪਹੁੰਚਦਾ। ਜਾਹ, ਥਾਲ ਲੈ ਜਾਹ ਦ੍ਰਿਸ਼ਟੀ ਕਰ ਦਿਤੀ, ਚਾਰ ਮੀਲ ਦੇ ਉਤੇ ਬਗਿਆੜ ਬਣਿਆ ਪਿਆ ਹੈ, ਉਥੇ ਡਰੀ ਨਾ, ਤੇਰੇ ਕੋਲ ਆ ਜਾਏਗਾ। ਇਹ ਛਕ ਕੇ ਰੂਹ ਉਹਦੀ ਨਿਕਲ ਜਾਏਗੀ। ਪੁਛ ਲਈਂ ਉਸ ਤੋਂ, ਸਵਾਲ ਕਰ ਲਈਂ ਜਿਹੜੇ ਕਰਨੇ ਹੋਣਗੇ। ਸਵਾਲ ਕਰਦਾ ਹੈ ਕਿ ਪਿਤਾ ਜੀ! ਆਹ ਤੁਹਾਡਾ ਕੀ ਹਾਲ ਹੋਇਆ। ਕਹਿੰਦਾ, ਬੇਟਾ! ਮੈਂ ਬਦੀ ਕੋਈ ਨਹੀਂ ਸੀ ਕਰੀ। ਮਾੜਾ ਕੰਮ ਕੋਈ ਨਹੀਂ ਸੀ ਕਰਿਆ, ਦਾਨ ਦਿੰਦਾ ਸੀ। ਪਰ ਮੇਰੀ ਮਾੜੀ ਕਿਸਮਤ, ਓਧਰੋਂ ਮੇਰੇ ਪ੍ਰਾਣ ਨਿਕਲ ਰਹੇ ਸੀ, ਓਧਰੋਂ ਕਿਸੇ ਨੇ ਤੜਕਾ ਲਾਇਆ, ਰਾੜ੍ਹਾ ਜਿਹਨੂੰ ਕਹਿੰਦੇ ਨੇ, ਮਾਸ ਨੂੰ। ਇਹਦਾ ਹੀ ਮੇਰੇ ਮਨ 'ਚ ਖਿਆਲ ਆ ਗਿਆ, ਖਿਆਲ ਆਇਆ ਤਾਂ ਮੈਂ ਬਘਿਆੜ ਦੀ ਜੂਨੀ 'ਚ ਜਾਣਾ ਹੀ ਸੀ। 'ਅੰਤ ਮਤੇ ਸੋ ਗਤੇ'। ਜਿਹੋ ਜਿਹੀ ਮਤ ਕਰ ਲੈ ਉਹੋ ਜਿਹੀ ਗਤੀ ਪ੍ਰਾਪਤ ਹੋ ਜਾਏਗੀ। ਇਹ ਤੇਰੇ ਘਰ ਵਾਹਿਗੁਰੂ ਖਾਸ ਆ ਗਿਆ, ਪਾਰਬ੍ਰਹਮ ਪ੍ਰਮੇਸ਼ਰ ਤੂੰ, ਹੁਣ ਇਹਦੇ ਚਰਨ ਫੜ ਲਈਂ, ਮੈਨੂੰ ਤਾਂ ਤਾਰ ਦਿਤਾ ਤੂੰ, ਤੇ ਤੂੰ ਵੀ ਤਰ ਜਾਈਂ ਕਿਤੇ ਰਹਿ ਨਾ ਜਾਈਂ। ਆ ਗਿਆ, ਮਹਾਰਾਜ ਕਹਿੰਦੇ ਕਿ ਛਕਾ ਦਿਤਾ ਪ੍ਰਸ਼ਾਦਾ ਪਿਤਾ ਨੂੰ? ਕਹਿੰਦਾ, ਹਾਂ ਜੀ। ਮੈਨੂੰ ਕੋਈ ਸੇਵਾ ਦੱਸੋ ਮਹਾਰਾਜ, ਮੇਰੇ ਪਿਤਾ ਨੇ ਕਿਹਾ ਹੈ ਕਿ ਸੇਵਾ ਕਰੀਂ। ਕਹਿੰਦੇ, ਸੇਵਾ ਸਾਡੀ ਕਾਹਦੀ ਹੈ, ਆਹ ਸੂਈ ਸਾਡੀ ਬਹੁਤ

ਵਧੀਆ ਹੈ, ਇਹ ਅਗਲੇ ਜਨਮ ਵਿਚ ਲੈ ਲਵਾਂਗੇ, ਦਰਗਾਹ ਵਿਚ। ਇਸ ਨੇ ਫੜ ਲਈ, ਘਰ ਆ ਗਿਆ। ਘਰਵਾਲੀ ਨੂੰ ਕਹਿਣ ਲੱਗਿਆ, ਉਹ ਕਹਿੰਦੀ ਹੈਂ ਤੁਹਾਨੂੰ ਪਤਾ ਹੀ ਨਹੀਂ ਲੱਗਿਆ ਗੱਲ ਦਾ? ਕਹਿੰਦਾ ਕਾਹਦਾ? ਕਹਿੰਦੀ, ਕੁਛ ਵੀ ਨਹੀਂ ਆਪਣੇ ਤਾਂ ਨਾਲ ਜਾਣਾ, ਸੂਈ ਕਿਥੋਂ ਲੈ ਕੇ ਜਾਵਾਂਗੇ, ਸਰੀਰ ਤਾਂ ਇਥੇ ਹੀ ਜਲ ਜਾਣਾ ਹੈ। ਸੂਈ ਨੇ ਵੀ ਨਹੀਂ ਜਾਣਾ, ਹੋਸ਼ ਆ ਗਈ, ਬਾਹਰ ਲਿਆ ਕੇ ਦੇ ਦਿਤੀ ਕਹਿਣ ਲੱਗਿਆ, ਮਹਾਰਾਜ! ਸੂਈ ਤਾਂ ਨਾਲ ਜਾਣੀ ਨਹੀਂ। ਫੇਰ ਕਹਿੰਦੇ ਮਹਾਰਾਜ ਕਿ ਜਿਹੜੇ ਤੇਰੇ ਆਹ ਅੰਬਾਰ ਲੱਗੇ ਹੋਏ ਨੇ ਸੱਤ ਕਰੋੜ ਰੁਪਈਏ ਦੇ ਸੱਤ ਝੰਡੇ ਲੱਗੇ ਹੋਏ ਨੇ, ਇਹ ਨਾਲ ਜਾਣਗੇ? ਮਾਇਆ ਨੂੰ ਤੂੰ ਕੈਦ ਕਰਿਆ ਹੋਇਆ ਹੈ ਤੂੰ ਇਕੱਲੇ ਬੰਦੇ ਨੇ-

***ਦਮੜਾ ਤਿਸੀਕਾ ਜੋ ਖਰਚੈ ਅਰ ਖਾਇ।।***
***ਦੇਵੈ ਦਿਲਾਵੈ ਰਜਾਵੈ ਖੁਦਾਇ।।***
***ਹੋਤਾ ਨ ਰਾਖੈ ਅਕੇਲਾ ਨ ਖਾਇ।।***
***ਤਹਕੀਕ ਦਿਲਦਾਨੀ ਵਹੀ ਭਿਸ਼ਤ ਜਾਇ।।***

***ਨਸੀਹਤ ਨਾਮਾ***

ਪੈਸਾ ਦਾ ਕੰਮ ਹੁੰਦਾ ਹੈ ਉਹਨੂੰ ਖਰਚਣਾ, ਚੰਗੇ ਕੰਮਾਂ ਤੇ ਲਾਓ, ਗਰੀਬੀ ਆਉਂਦੀ ਨਹੀਂ ਹੁੰਦੀ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ ਕੋਈ ਪਤਾ ਨਹੀਂ। ਕਦ ਦਿਨ ਆਉਣਗੇ, ਕਦ ਸਤਿਸੰਗ ਮਿਲੇਗੀ, ਕਦ ਫੇਰ ਅਸੀਂ ਹੋਸ਼ ਵਿਚ ਆਵਾਂਗੇ। ਕਹਿੰਦੇ ਹੁਣ ਸਾਨੂੰ ਪਤਾ ਹੈ -

***ਤਰਵਰ ਵਿਛੁੰਨੇ ਨਹ ਪਾਤ ਜੁੜਤੇ***
***ਜਮ ਮਗਿ ਗਉਨੁ ਇਕੇਲੀ ॥ ਅੰਗ - ੫੪੬***

ਉਥੇ ਤਾਂ ਇਕੱਲਿਆਂ ਨੇ ਜਾਣਾ ਹੈ -

***ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥***
***ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥***

***ਅੰਗ - ੨੬੪***

ਉਥੇ ਨਾਮ ਨੇ ਕੰਮ ਆਉਣਾ ਹੈ। ਘਰੋਂ ਨਿਰਾਸ ਹੋ ਕੇ ਆ ਗਿਆ ਬਾਲਮੀਕ। ਲਿਆ ਕੇ ਕੁਹਾੜਾ ਸਿਟ ਦਿਤਾ। ਚਰਨਾਂ 'ਤੇ ਲੰਮਾ ਪੈ ਗਿਆ ਕਿ ਮੈਨੂੰ ਬਖਸ਼ ਦਿਓ, ਮਹਾਤਮਾ ਜੀ! ਤੁਸੀਂ ਤਾਂ ਮੇਰੀਆਂ ਅੱਖਾਂ ਖੋਲ੍ਹ ਦਿਤੀਆਂ। ਮੈਂ ਤਾਂ ਬੜਾ ਗਲਤ ਰਾਹ ਪਿਆ ਹੋਇਆ ਸੀ। ਕ੍ਰਿਪਾ ਕਰੋ। ਉਸ ਵਕਤ ਮਹਾਤਮਾ ਦਾ ਸੁਭਾਅ ਹੁੰਦਾ ਹੈ, ਔਗੁਣ ਨਹੀਂ ਦੇਖਦੇ ਹੁੰਦੇ, ਉਨ੍ਹਾਂ ਦਾ ਕੰਮ ਹੀ ਇਹੀ ਹੁੰਦਾ ਹੈ, ਸੰਸਾਰ ਦੀ ਮੈਲ ਦੂਰ ਕਰਨੀ।

***ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ॥***

***ਅੰਗ - ੮੦੯***

ਕਰੋੜਾਂ ਪਾਪਾਂ ਨੂੰ ਦੂਰ ਕਰਨਾ।

ਓਸ ਵੇਲੇ ਉਨ੍ਹਾਂ ਨੇ ਕਿਹਾ ਕਿ ਤੈਨੂੰ ਅਸੀਂ ਮੰਤਰ ਦਿੰਦੇ ਹਾਂ, ਇਹਦਾ ਜਾਪ ਕਰੀਂ, ਕਰਦਾ ਹੀ ਰਹੀ ਜਦੋਂ ਤਕ ਅਸੀ ਆਉਂਦੇ ਨਹੀਂ, ਅਸੀਂ ਫੇਰ ਮੁੜ ਕੇ ਆਵਾਂਗੇ, ਫੇਰ ਤੈਨੂੰ ਅੱਗੇ ਦਾ ਸਬਕ ਦੇਵਾਂਗੇ। ਸੋ ਉਸ ਵੇਲੇ ਐਸਾ ਇਤਿਹਾਸ 'ਚ ਆਉਂਦਾ ਹੈ ਕਿ ਅਧਿਕਾਰੀ ਤੋਂ ਬਿਨਾਂ ਮੰਤ੍ਰ ਦੇਣਾ ਠੀਕ ਨਹੀਂ ਹੁੰਦਾ। ਉਨ੍ਹਾਂ ਨੇ ਪ੍ਰਤੀਲੋਮ ਨਾਮ ਦੇ ਦਿਤਾ, ਰਾਮ ਦੀ ਜਗ੍ਹਾਂ, 'ਮਰਾ' ਮੰਤ੍ਰ ਦੇ ਦਿਤਾ। ਮਰਾ-ਮਰਾ ਕਰਦੇ-ਕਰਦੇ, ਰਾਮ ਰਾਮ ਹੋ ਗਿਆ। ਹੁਣ ਉਹ ਬੰਦਗੀ ਕਰਨ ਲਗ ਗਿਆ, ਮਹਾਤਮਾ ਚਲੇ ਗਏ, ਵੈਰਾਗ ਉਹਦੇ ਅੰਦਰ ਪੈਦਾ ਹੋ ਗਿਆ -

***ਬਿਨੁ ਬੈਰਾਗ ਨ ਛੂਟਸਿ ਮਾਇਆ ॥ ਅੰਗ - ੩੨੯***

ਜਿੰਨਾ ਚਿਰ ਅੰਦਰ ਵੈਰਾਗ ਨਹੀਂ ਆਉਂਦਾ, ਮਾਇਆ ਨਹੀਂ ਛੱਡਦੀ। ਸਾਰਿਆਂ ਉਤੇ ਅਸਰ ਕਿਉਂ ਨਹੀਂ ਹੁੰਦਾ, ਹੋਇਆ ਤਾਂ ਬਥੇਰਾ ਹੈ, ਸਤਿਸੰਗ 'ਚ ਆਉਂਦੇ ਓਂ ਬਿਨਾਂ ਅਸਰ ਤੋਂ ਤਾਂ ਨਹੀਂ ਨਾ ਆਉਂਦੇ। ਪਰ ਜਿੰਨੀ ਛੇਤੀ ਤਰੱਕੀ ਕਰਨੀ ਚਾਹੀਦੀ ਹੈ ਓਸ ਤਰ੍ਹਾਂ ਨਹੀਂ ਹੋ ਰਹੀ, ਉਹ ਤਾਂ ਨਹੀਂ ਹੁੰਦੀ, ਅਸੀਂ ਇਕ ਭੇਤ ਨਹੀਂ ਸਮਝਿਆ।

***ਲੋਗ ਕੁਟੰਬ ਸਭਹੁ ਤੇ ਤੋਰੈ***
***ਤਉ ਆਪਨ ਬੇਚੀ ਆਵੈ ਹੋ ॥ ਅੰਗ - ੬੫੭***

ਇਕ ਪਾਸੇ ਪ੍ਰੀਤ ਹੋ ਜਾਵੇ ਸਾਡੀ ਵਾਹਿਗੁਰੂ ਨਾਲ। ਉਸ ਤੋਂ ਬਗੈਰ ਸਾਨੂੰ ਐਉਂ ਲਗੇ ਕਿ ਸਾਡਾ ਤਾਂ ਗੁਆਚ ਗਿਆ ਕੁਛ। ਜਦ ਇਹੋ ਜਿਹੀ ਪ੍ਰੀਤ ਹੋ ਜਾਵੇਗੀ। ਕਿਉਂਕਿ ਉਹ ਪ੍ਰੀਤ ਦਾ ਭੁੱਖਾ ਹੈ -

***ਗੋਬਿੰਦ ਭਾਉ ਭਗਤ ਦਾ ਭੁਖਾ।***

ਪਿਆਰ ਅਸੀਂ ਉਸਨੂੰ ਕਰਦੇ ਨਹੀਂ। ਪਿਆਰ ਅਸੀਂ ਆਪਣੇ ਸੁਖਾਂ ਨੂੰ ਕਰਦੇ ਹਾਂ। ਲੋੜਾਂ ਨੂੰ ਕਰਦੇ ਹਾਂ। ਰੱਬ ਦਾ ਪਿਆਰ ਤਾਂ ਮੇਰਾ ਖਿਆਲ ਹੈ 1/1000 ਐਨਾ ਕੁ ਹੀ ਹੋਣਾ ਹੈ, ਸਾਡੇ ਦਿਲਾਂ ਵਿਚ, ਇਸ ਤੋਂ ਜ਼ਿਆਦਾ ਨਹੀਂ ਹੈ। ਕਿਸੇ ਦੇ ਹੌਲ ਨਹੀਂ ਪੈਂਦਾ ਕਿ ਮੈਂ ਅੱਜ ਬੰਦਗੀ ਨਹੀਂ ਕਰੀ। ਮੇਰੀ ਬਿਰਤੀ ਨਹੀਂ ਅੱਜ ਲੱਗੀ। ਜਿਹਦੇ ਅੰਦਰ ਹੈ ਪਿਆਰ ਉਹ ਤਾਂ-

***ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕ ਅਰਾਮ ਨਹੀਂ ਬਹਿੰਦੇ।***
***ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।***
***ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ***
***ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।***

ਉਹ ਤਾਂ ਅੱਗੇ ਹੀ ਅੱਗੇ ਤੁਰਦੇ ਜਾਂਦੇ ਨੇ ਕਿ ਮੈਨੂੰ ਅਜੇ ਮਿਲਿਆ ਨਹੀਂ, ਮੇਰਾ ਅਜੇ ਕੁਛ ਬਣਿਆ ਨਹੀਂ। ਮਹਾਤਮਾ ਤਾਂ ਸੁਣਦੇ ਨੇ, ਉਸ ਤੋਂ ਬਾਅਦ ਇਕ ਦਮ ਆਪਣਾ ਰਸਤਾ ਸੋਧ ਲੈਂਦੇ ਨੇ ਕਿ ਮੈਂ ਤਾਂ ਬੰਦਗੀ ਕਰਨੀ ਹੈ। ਕੋਸ਼ਿਸ਼ ਕਰਦੇ ਨੇ। ਪਰ ਇਥੋਂ ਜਦ ਉਠਦੇ ਓਂ ਮਾਇਆ ਦਾ ਐਡਾ ਹੜ੍ਹ ਚਲ ਰਿਹਾ ਹੈ ਕਿ ਪੈਰ ਹੀ ਨਹੀਂ ਲਗ ਰਹੇ ਸਾਡੇ। ਉਸੇ ਵੇਲੇ ਯਾਦ ਆ

ਜਾਂਦੇ ਨੇ ਕੰਮ, ਭੁੱਲ ਜਾਂਦੇ ਹਾਂ ਅਸੀਂ। ਇਥੇ ਕਿਉਂ ਨਹੀਂ ਆਉਂਦੀ, ਕਿਉਂਕਿ ਇਥੇ ਇਕ ਵਾਤਾਵਰਣ create ਹੋ ਗਿਆ। ਜਿਹਨੂੰ ਓਰਾ ਕਹਿੰਦੇ ਨੇ, ਓਰਾ create ਹੋਣ ਦੇ ਨਾਲ ਉਹਦੀਆਂ ਜਿਹੜੀਆਂ ਕਾਲੀਆਂ ਲਹਿਰਾਂ ਨੇ ਉਹ ਪ੍ਰਕਾਸ਼ ਦੇ ਵਿਚ ਆ ਨਹੀਂ ਸਕਦੀਆਂ, ਸਤਿਸੰਗ 'ਚ ਨਹੀਂ ਉਹਦਾ ਅਸਰ ਪੈਂਦਾ। ਉਸ ਤੋਂ ਬਾਅਦ ਉਹਦਾ ਅਸਰ ਪੈਂਦਾ ਹੈ। ਸੋ ਉਸ ਵੇਲੇ ਉਨ੍ਹਾਂ ਨੇ ਨਾਮ ਜਪਣ ਦੀ ਜੁਗਤੀ ਦਸ ਦਿਤੀ। ਪਹਿਲਾਂ ਨਾਮ ਰਸਨਾ ਨਾਲ ਜਪਿਆ ਜਾਂਦਾ ਹੈ, 'ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ' ਕਰੀ ਜਾਓ। ਅੰਦਰ ਨਹੀਂ ਬਿਰਤੀ ਲਗਣੀ ਜੇ ਕਹੋ ਅੰਦਰ ਲਗ ਜਾਏਗੀ, ਅੱਖਾਂ ਮੀਚ ਕੇ। ਅੱਖਾਂ ਮੀਚ ਕੇ ਤਾਂ ਨੀਂਦ ਆਉਂਦੀ ਹੁੰਦੀ ਹੈ। ਉਹ ਅਗਾਹਾਂ ਦੀ ਅਵਸਥਾ ਹੈ ਜਿਥੇ ਜਾ ਕੇ ਅੱਖਾਂ ਮੀਚ ਕੇ ਨਾਮ ਜਪ ਹੁੰਦਾ ਹੈ। ਇਹ ਪਹਿਲਾਂ ਤਾਂ ਹੱਠ ਧਾਰਨਾ ਪੈਂਦਾ ਹੈ ਕਿ ਮੈਂ ਰੋਟੀ ਨਹੀਂ ਖਾਣੀ, ਜਿੰਨਾ ਚਿਰ ਐਨਾ ਨਹੀਂ ਕਰਦਾ। ਲਗਨ ਲਗਦੀ ਸਾਰ ਉਹ ਬੰਦੇ ਉਠਦੇ ਨੇ ਜਿਨ੍ਹਾਂ ਨੇ ਪਿਛਲੇ ਜਨਮਾਂ ਵਿਚ ਤਪ ਕਰਿਆ ਹੋਇਆ ਹੈ। ਦੂਜੇ ਨਹੀਂ ਉਠਦੇ, ਜਿਹੜੇ ਹਾਲੇ ਸ਼ੁਰੂ ਕਰਨ ਵਾਲੇ ਨੇ ਉਨ੍ਹਾਂ ਨੂੰ ਤਾਂ 'ਵਾਹਿਗੁਰੂ-ਵਾਹਿਗੁਰੂ' 'ਰਾਮ-ਰਾਮ' ਕਰਨਾ ਹੀ ਪੈਣਾ ਹੈ, ਬੈਠ ਕੇ ਘੰਟਿਆਂ ਬੱਧੀ ਥੋੜਾ ਜਿਹਾ ਨਹੀਂ ਨਾਮ ਜਪ ਹੁੰਦਾ। ਜੇ ਰਸਤਾ ਤਹਿ ਕਰਨਾ ਹੈ ਤਾਂ ਬਹੁਤ ਜ਼ਿਆਦਾ ਨਾਮ ਜਪਣਾ ਪੈਂਦਾ ਹੈ, ਇਸੇ ਕਰਕੇ ਕਿਸੇ ਤੀਰਥ 'ਤੇ, ਕਿਸੇ ਗੁਰਦੁਆਰੇ 'ਤੇ, ਇਕਾਂਤ ਥਾਂ ਭਾਲ ਕੇ ਨਾਮ ਜਪੇ। ਨਾਮ ਜਪਣ ਵਾਸਤੇ ਇਕਾਂਤ ਰਤਵਾੜਾ ਸਾਹਿਬ ਇਕਾਂਤ ਅਸਥਾਨ ਹੈ ਕੋਈ ਐਸਾ ਪ੍ਰੇਮੀ ਆ ਜਾਵੇ ਅਸੀਂ ਬੁਲਾਉਂਦੇ ਵੀ ਨਹੀਂ ਉਹਨੂੰ ਅਸੀਂ ਕਹਿੰਦੇ ਜਾਹ, ਪ੍ਰਸ਼ਾਦੇ ਵੇਲੇ ਪ੍ਰਸ਼ਾਦਾ ਛਕ ਜਾਇਆ ਕਰ, ਸਾਰੀਆਂ ਤੈਨੂੰ ਸਹੂਲਤਾਂ ਨੇ ਇਸ਼ਨਾਨ ਵਗੈਰਾ ਦੀਆਂ, ਜਪ ਲੈ ਨਾਮ ਜੇ ਤੇਰੇ ਤੋਂ ਜਪ ਹੁੰਦਾ ਹੈ।

***ਕਬੀਰ ਲੂਟਨਾ ਹੈ ਤ ਲੂਟਿ ਲੈ***
***ਰਾਮ ਨਾਮ ਹੈ ਲੂਟਿ ॥***
***ਫਿਰਿ ਪਾਛੈ ਪਛੁਤਾਹੁਗੇ ਪ੍ਰਾਨ ਜਾਹਿੰਗੇ ਛੂਟਿ ॥***
***ਅੰਗ - ੧੩੬੬***

ਜਪ ਲਓ ਜਿੰਨਾ ਜਪ ਹੁੰਦਾ ਹੈ, ਇਹ ਵਾਹਿਗੁਰੂ-ਵਾਹਿਗੁਰੂ ਕਰਨ ਤੋਂ ਬਗੈਰ ਅੰਦਰ ਨਹੀਂ ਜਾਣਾ। ਅੰਦਰ ਕੀਹਦੇ ਜਾਏਗਾ ਜਿਹਨੇ ਪਿਛਲੇ ਜਨਮ ਵਿਚ ਜਪਿਆ ਹੋਇਆ ਹੈ। ਪਹਿਲੀ ਜਮਾਤ ਜਿਹਨੇ ਕਰ ਲਈ। ਦੂਸਰਾ ਹੁੰਦਾ ਹੈ ਕਿ ਬੈਖਰੀ ਬਾਣੀ ਨਾਲੋਂ ਮਧਮਾ ਬਾਣੀ ਵਿਚ ਆ ਜਾਂਦਾ ਹੈ। ਫੇਰ ਅਵਾਜ਼ ਨਹੀਂ ਆਉਂਦੀ ਫੇਰ ਬੁੱਲ੍ਹ ਹੀ ਹਿਲਦੇ ਨੇ। ਇਹਦੇ ਵਿਚ ਮੈਂ ਇਕ ਜੁਗਤੀ ਦਸਦਾ ਹਾਂ, ਬਹੁਤ ਸੁਖਾਲੀ ਹੈ, ਜਿੰਨੀ ਤੇਜ਼ੀ ਨਾਲ ਜਪੋਂਗੇ, ਇਸੇ ਕਰਕੇ ਨਾਮਧਾਰੀਆਂ ਨੇ ਢਾਈ ਮਾਲਾ ਰੱਖੀਆਂ ਹੋਈਆਂ ਨੇ ਪੱਕੀਆਂ। ਜੇ ਹੌਲੀ ਜਪੋ ਹੁੰਦੀਆਂ ਹੀ ਨਹੀਂ। ਤੇਜ਼ੀ ਨਾਲ ਕਰਦੇ ਨੇ 'ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ' ਤੇਜ਼ੀ ਨਾਲ ਕਰਦੇ ਵਿਚਾਲੇ ਵਿੱਥ ਨਹੀਂ ਪੈਂਦੀ, ਮਨ ਨੂੰ ਨੱਠਣ ਨੂੰ ਥਾਉਂ ਨਹੀਂ ਲੱਭਦਾ। ਦੌੜਦਾ ਨਹੀਂ ਮਨ। ਇਹ ਫੇਰ ਹੌਲੀ ਦੇ ਕੇ ਬੁਲ੍ਹਾਂ 'ਚ ਆ ਜਾਂਦਾ ਹੈ ਦੋਹਾਂ 'ਚ। ਰਸਨਾ ਅੰਦਰ ਹਿਲਦੀ ਹੈ, ਬੁਲ੍ਹ ਚਲਦੇ ਨੇ, ਦੱਸ ਗੁਣਾਂ ਫਲ ਵੱਧ ਜਾਂਦਾ ਹੈ, ਬਾਹਰ ਹਜ਼ਾਰ ਵਾਰੀ ਕਹੋ, ਇਥੇ ਸੌ ਵਾਰੀ; ਇਸ ਤਰ੍ਹਾਂ ਕਰਦੇ ਜਦ ਤੁਸੀਂ ਇਸ ਤਰ੍ਹਾਂ ਦਾ ਨਾਮ ਜਪਣਾ ਸ਼ੁਰੂ ਕਰ ਦਿਤਾ ਹੈ, ਰਸਨਾ ਦੇ ਨਾਲ, ਰਸਨਾ ਤੋਂ ਆਪੇ ਤਰੱਕੀ ਨਹੀਂ ਹੁੰਦੀ, ਸੰਤਾਂ ਤੋਂ ਸੁਣ ਲਿਆ ਕਿ ਤੂੰ ਬਿਰਤੀ ਇਥੇ ਟਿਕਾਇਆ ਕਰ। ਉਹ ਐਉਂ ਨਹੀਂ ਹੁੰਦੀ, ਉਹ ਤਾਂ ਉਨ੍ਹਾਂ ਲਈ ਹੁੰਦੀ ਹੈ ਜਿਨ੍ਹਾਂ ਨੇ ਸਬਕ ਪਹਿਲਾਂ ਲਏ ਹੋਏ ਹੁੰਦੇ ਨੇ। ਇਹ ਚਲਣਾ ਹੀ ਹੈ ਇਵੇਂ ਜਿਵੇਂ ਚਲਣਾ ਹੈ। ਚਲਦੇ-ਚਲਦੇ ਆਪਣੇ ਆਪ ਹੀ ਰਸਨਾ ਹਿੱਲਣ ਤੋਂ ਹਟ ਜਾਣੀ ਹੈ, ਗਲ 'ਚ ਹਰਕਤ ਆ ਜਾਣੀ ਹੈ। ਇਥੇ ਆਪੇ ਹੀ ਹੋਣ ਲਗ ਜਾਣਾ ਹੈ ਵਾਹਿਗੁਰੂ-ਵਾਹਿਗੁਰੂ। ਜਿਹੜਾ ਵੀ ਮੰਤਰ ਹੈ ਕਿਸੇ ਦਾ। ਮੰਤਰਾਂ 'ਚ ਨਹੀਂ ਫਰਕ ਹੁੰਦਾ, ਸਾਧਨਾ ਵਿਚ ਫਰਕ ਹੁੰਦਾ ਹੈ। ਆਪਣੇ ਆਪ ਹੀ ਗਲ ਦੇ ਵਿਚ ਚਲੇਗਾ, ਇਹਨੂੰ ਕੰਠ ਦਾ ਨਾਮ ਕਹਿੰਦੇ ਨੇ। ਇਹਦਾ ਨਾਉਂ ਹੈ ਅਨਾਹਤ ਚੱਕਰ; ਇਥੇ ਨਾਮ ਚਲਦਾ ਹੈ, ਫਲ ਕਿੰਨਾ ਹੋ ਗਿਆ, ਬਾਹਰਲੇ ਨਾਲੋਂ ਸੌ ਗੁਣਾਂ ਵਧ ਗਿਆ, ਸੌ ਵਾਰੀ ਵਾਹਿਗੁਰੂ ਬਾਹਰ, ਇਕ ਵਾਰੀ ਇਥੇ ਕਹਿ ਲਓ। ਇਹ ਜਪਦੇ-ਜਪਦੇ ਤੁਹਾਡੀਆਂ ਦੋ ਗੱਲਾਂ ਬਦਲਣਗੀਆਂ ਇਕ ਤਾਂ ਹੋਏਗਾ ਸਵਾਸ ਤੇ ਨਾਮ ਚੜ੍ਹ ਜਾਏਗਾ ਆਪਣੇ ਆਪ ਹੀ। ਪਰ ਉਥੇ ਸੰਤੁਸ਼ਟੀ ਨਹੀਂ ਆਉਣੀ, ਪਹਿਲਾਂ ਨਾਲ ਅਸੀਂ ਤੇਜ਼ ਜਪਿਆ ਹੋਇਆ ਹੈ, ਸਵਾਸ ਤਾਂ ਮਿੰਟ ਵਿਚ ਛੇ ਕੁ ਆਉਂਦੇ ਨੇ ਨਾਮ ਜਪਣ ਵਾਲੇ ਨੂੰ। ਛੇ ਦੇ ਉਤੇ ਛੇ ਵਾਰੀ ਕਿਹਾ ਮਨ ਟਿਕਦਾ ਨਹੀਂ ਹੈ ਕਿ ਛੇ ਵਾਰੀ ਇਹ ਤਾਂ ਬਹੁਤ ਹੌਲੀ ਹੈ। ਉਹਦੇ ਅੰਦਰ ਫੇਰ ਵਾਹਿਗੁਰੂ ਦੀ ਧੁਨੀ ਜਾਗ ਪੈਂਦੀ ਹੈ। 'ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ' ਆਪਣੇ ਆਪ ਹੀ ਹੋਣ ਲਗ ਜਾਂਦਾ ਹੈ। ਅੱਖਾਂ ਮੀਚ ਲੈਂਦਾ ਹੈ, ਨਾਲੇ ਝੂਲਦਾ ਹੈ, ਝੂਲਦਾ ਕਿਹੜੀ ਚੀਜ਼ ਨਾਲ ਹੈ, ਨਾਮ ਦਾ ਹੁਲਾਰਾ ਪੈ ਰਿਹਾ ਹੈ, ਕਰੰਟ ਆ ਰਿਹਾ ਹੈ, ਉਹ ਸਰੀਰ ਨੂੰ ਹਿਲਾ ਰਿਹਾ ਹੈ। ਉਹਦੇ ਨਾਲ ਹੀ ਰਸ ਨੇ ਆ ਜਾਣਾ ਹੈ ਉਸੇ ਵੇਲੇ। ਹੁਣ ਇਥੇ ਇਕ ਸਾਵਧਾਨੀ ਵਰਤਣੀ ਪੈਂਦੀ ਹੈ। ਉਹ ਇਹ ਹੈ ਕਿ ਸਾਡੇ ਕੰਨ ਜਿਹੜੇ ਨੇ ਉਹ ਨਾਮ ਸੁਣਨ ਤੋਂ ਹਟ ਨਾ ਜਾਣ। ਬਾਹਰੋਂ ਤਾਂ ਸੁਣਨਾ ਨਹੀਂ ਅੰਦਰ ਜਿਹੜੇ ਕੰਨ ਨੇ ਨਾ ਅੰਦਰਲੇ, ਉਹ ਫੇਰ ਨਾਮ ਦੀ ਧੁਨ ਸੁਣਦੇ ਨੇ। ਇਹ ਜਦ ਇਸਨੂੰ ਸੁਣਦੇ ਨੇ, ਇਹਦਾ ਫਲ ਵਧ ਜਾਂਦਾ ਹੈ, ਹਜ਼ਾਰ ਵਾਰੀ ਬਾਹਰ ਕਹੋ, ਇਕ ਵਾਰੀ ਇਥੇ ਕਹੋ। ਕਿੰਨਾ ਅਸੀਂ ਤੇਜ਼ ਕਰ ਲਿਆ ਇਹ। ਇਸ ਤੋਂ ਬਾਅਦ ਹੁੰਦਾ ਹੈ ਨਾਭੀ ਵਿਚ ਨਾਮ, ਨਾਭੀ 'ਚ ਆਪਣੇ ਆਪ ਦਾ ਕੁਛ ਪਤਾ ਨਹੀਂ ਹੁੰਦਾ ਸਰੀਰ ਦਾ। ਲੇਕਿਨ ਧੁਨ ਚਲ ਰਹੀ ਹੈ, ਹੁਣ ਇਥੇ ਦੋ ਨੇ ਇਕ ਤਾਂ musical ਧੁਨ ਬਣ ਜਾਂਦੀ ਹੈ। ਉਹ ਕਿਸੇ ਰਾਗ ਦੇ ਵਿਚ ਆ ਜਾਂਦੀ ਹੈ। ਜਿਵੇਂ ਕੀਰਤਨ ਕਰਦੇ ਹਾਂ ਅਸੀਂ ਕਿਸੇ ਨਾ ਕਿਸੇ ਟਿਊਨ

ਵਿਚ ਆ ਜਾਏਗੀ, ਉਸ ਟਿਊਨ ਦੇ ਵਿਚ ਆਪਣੀ ਸਪੀਡ ਉਹਦੇ ਮੁਤਾਬਿਕ ਕਰ ਲਏਗੀ, ਆਟੋਮੈਟਿਕ; ਹੁਣ ਐਨਾ ਤੇਜ਼ ਨਹੀਂ ਨਾਮ ਰਹਿੰਦਾ, ਆਟੋਮੈਟਿਕ ਓਸ ਧੁਨ ਦੇ ਨਾਲ ਮਿਲ ਜਾਂਦਾ ਹੈ।

*ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ*
*ਗੁਰਮੁਖਿ ਅਕਥ ਕਹਾਨੀ ॥ ਅੰਗ - ੮੭੯*

ਇਥੋਂ ਪਲਟਾ ਦੇ ਕੇ ਨਾਮ ਸਿੱਧਾ ਹੀ ਪੰਜ ਚੱਕਰਾਂ ਨੂੰ ਵਿੰਨਣ ਦੀ ਲੋੜ ਨਹੀਂ ਸਿੱਧਾ ਹੀ ਆਗਿਆ ਚੱਕਰ 'ਚ ਆ ਜਾਂਦਾ ਹੈ। ਇਥੇ ਆਉਂਦਾ ਹੈ ਤਾਂ ਅਸੀਂ ਕਹਿੰਦੇ ਹਾਂ ਕਿ ਹੁਣ ਤੂੰ ਗੁਰੂ ਦਾ ਧਿਆਨ ਧਰ।

*ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥*
*ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥ ਅੰਗ - ੮੬੪*

ਧਿਆਨ ਧਰ ਹੁਣ ਤੂੰ। ਜੇ ਤਾਂ ਉਹ ਅਗਿਆਨੀ ਹੈ ਫੇਰ ਤਾਂ ਟਿਕਣਾ ਨਹੀਂ ਉਹਨੇ। ਇਧਰਲੀਆਂ ਓਧਰਲੀਆਂ ਗੱਲਾਂ ਬੜੀਆਂ ਖਤਰਨਾਕ ਨੇ ਜਿਹੜਾ ਆਦਮੀ ਸੁਣਦਾ ਹੈ, ਉਹ ਟਿਕ ਨਹੀਂ ਸਕਦਾ, ਇਕ ਪੁਆਇੰਟ ਦੇ ਉਤੇ, ਉਹ ਜਦ ਧਿਆਨ ਦੇ ਵਿਚ ਆਏਗਾ, ਇਥੇ ਹੁੰਦਾ ਕੀ ਹੈ, ਪਹਿਲਾਂ ਸਾਨੂੰ ਧਿਆਨ ਕਿਸੇ ਸਾਕਾਰ ਦਾ ਲਾਉਣਾ ਪੈਂਦਾ ਹੈ। ਇਹ ਹੈਗਾ ਅਵਸਥਾ ਭੇਦ ਕਿ ਇਹਨੇ ਪਿਛਲੇ ਜਨਮ 'ਚ ਕਿੰਨਾ ਕੁ ਨਾਮ ਜਪਿਆ ਹੈ, ਸੰਤਾਂ ਨੂੰ ਪਤਾ ਹੁੰਦਾ ਹੈ, ਉਹ ਦਸ ਦਿੰਦੇ ਨੇ ਕਿ ਤੂੰ ਐਉਂ ਧਿਆਨ ਧਰ। ਲੇਕਿਨ ਆਮ ਜਿਹੜਾ ਹੈ ਉਹ ਇਹ ਹੈ ਕਿ ਤੁਸੀਂ ਧਿਆਨ ਧਰੋ। ਉਹਦੇ ਬਾਰੇ ਗੁਰੂ ਮਹਾਰਾਜ ਨੇ ਸਾਨੂੰ ਬਾਰ-ਬਾਰ ਤਾਕੀਦ ਕੀਤੀ ਹੈ, ਜਿਹੜੀ ਸਾਨੂੰ egnore ਨਹੀਂ ਕਰਨੀ ਚਾਹੀਦੀ।

*ਧਾਰਨਾ - ਧਰੀਏ ਮਨ ਵਿਚ ਧਿਆਨ*
*ਗੁਰਾਂ ਦੀ ਮੂਰਤ ਦਾ।*
*ਸਤਿਗੁਰ ਕੀ ਮੂਰਤਿ ਹਿਰਦੈ ਵਸਾਏ ॥*
*ਜੋ ਇਛੈ ਸੋਈ ਫਲੁ ਪਾਏ ॥ ਅੰਗ - ੬੬੧*

ਉਹ ਐਵੇਂ ਹੀ ਨਹੀਂ ਹੁੰਦਾ, ਗੁਰੂ ਨਾਲ ਤਾਂ ਗੱਲ ਸਿੱਧੀ ਹੋਣੀ ਸ਼ੁਰੂ ਹੋ ਗਈ। ਗੁਰੂ ਪ੍ਰਤੀਕ ਹੈ, ਜਿਹੜਾ ਤੁਹਾਡਾ ਧਿਆਨ ਧਰਿਆ ਹੋਇਆ ਹੈ, ਉਹਦੇ ਪਿਛਲੇ ਪਾਸੇ ਗੁਰੂ ਹੀ ਹੈ। ਇਹ ਹੁੰਦਾ ਕੀ ਹੈ, ਇਹ ਰੌਸ਼ਨੀ ਦਾ ਬਣ ਜਾਂਦਾ ਹੈ। ਰੌਸ਼ਨੀ ਦਾ ਬਣਿਆ ਹੋਇਆ, ਤੁਸੀਂ ਉਹਦੇ ਵਿਚ ਆਪਣੇ ਆਪ ਨੂੰ ਲੀਨ ਹੋਇਆ ਦੇਖੋਂਗੇ, ਤੁਹਾਡਾ ਜਿਹੜਾ ਸਰੀਰ ਹੈ, ਭੁਲੇਖਾ ਪਵੇਗਾ ਕਿ ਇਹ ਸਰੀਰ ਗੁਰੂ ਦਾ ਸਰੀਰ ਬਣ ਗਿਆ। ਪ੍ਰੈਕਟੀਕਲ ਹੈ, ਸੋ ਜਦੋਂ ਧਿਆਨ ਪਰਪੱਕ ਹੋ ਗਿਆ, ਤਿੰਨ ਅਵਸਥਾ ਹੁੰਦੀਆਂ ਨੇ - ਧਿਆਤਾ, ਧਿਆਨ, ਧੇਅ। ਪ੍ਰਕਾਸ਼ ਆ ਜਾਂਦਾ ਹੈ ਇਥੇ। ਪ੍ਰਕਾਸ਼ 'ਚ ਗੁਰੂ ਦਿਸਦਾ ਹੈ, ਗੁਰੂ 'ਚ ਪ੍ਰਕਾਸ਼ ਦਿਸਦਾ ਹੈ, ਓਤਪੋਤ ਹਨ ਦੋਵੇਂ, ਸੋ ਇਸ ਤਰ੍ਹਾਂ ਦੇ ਨਾਲ ਜਦ ਅਸੀਂ ਨਾਮ ਜਪਦੇ ਹਾਂ, ਤ੍ਰਿਕੁਟੀ ਦੇ ਵਿਚ ਵੇਧਦੇ ਹਾਂ, ਓਸ ਵੇਲੇ ਅਸੀਂ ਇਕ ਖਤਰਨਾਕ ਥਾਂ ਪਹੁੰਚਦੇ ਹਾਂ, ਉਹ ਹੈ ਸ਼ਕਤੀਆਂ ਦਾ ਥਾਂ ਰਿੱਧੀਆਂ ਸਿੱਧੀਆਂ ਦਾ, ਉਹਨੂੰ ਸਹੰਸਰਾਰ ਦਲ ਮੰਡਲ ਕਹਿੰਦੇ ਨੇ। ਓਥੇ ਐਨੀਆਂ ਤਾਕਤਾਂ ਹੁੰਦੀਆਂ ਨੇ ਕਿ ਤੁਸੀਂ ਬੈਠੇ ਹੀ ਦੇਖ ਲਓਂਗੇ ਕਿ ਫਲਾਣਾ ਹੈ, ਤੁਹਾਨੂੰ ਆਪ ਤਾਂ ਪਤਾ ਲਗ ਗਿਆ ਨਾ ਜੇ ਰੌਲਾ ਨਹੀਂ ਪਾਓਂਗੇ, ਕਿ ਮੈਂ ਹੁਣੇ ਹੀ ਚਿਤਵਿਆ ਸੀਗਾ, ਆ ਗਿਆ ਬੰਦਾ ਇਹ। ਮੈਂ ਇਹਨੂੰ ਯਾਦ ਕਰਿਆ ਸੀ, ਉਹ ਕਹਿੰਦਾ ਜੀ ਮੈਂ ਤਾਂ ਘਰੋਂ ਆਇਆ ਹਾਂ। ਤੁਹਾਡੇ ਖਿਆਲ ਦੇ ਵਿਚ ਸ਼ਕਤੀ ਆ ਜਾਂਦੀ ਹੈ, ਕਸ਼ਿਸ਼ ਆ ਜਾਂਦੀ ਹੈ। ਫੇਰ ਹੌਲੀ-ਹੌਲੀ ਸ਼ਕਤੀਆਂ ਆ ਜਾਂਦੀਆਂ ਨੇ। ਸ਼ਕਤੀਆਂ ਦੇ ਵਿਚ ਲੋਕ ਖਹਿੜਾ ਨਹੀਂ ਛੱਡਦੇ, ਮਹਾਤਮਾ ਓਥੋਂ ਨੱਠਦੇ ਨੇ ਕਿ ਕਿਤੇ ਹੋਰ ਥਾਂ ਚੱਲੀਏ।

*ਬੁਲਿਆ ਓਥੇ ਵਸੀਏ ਜਿਥੇ ਸਾਰੇ ਹੀ ਅੰਨੇ*
*ਨਾ ਕੋਈ ਸਾਨੂੰ ਜਾਣੇ ਤੇ ਨਾ ਮੰਨੇ।*

ਮਹਾਤਮਾ ਫੇਰ ਪੂਜਾ ਨਹੀਂ ਕਰਾਉਂਦੇ, ਸਤਿਕਾਰ ਨਹੀਂ ਕਰਾਉਂਦੇ, ਏਸ ਤੋਂ ਤੰਗ ਆ ਜਾਂਦੇ ਨੇ। ਤੰਗ ਆਏ ਕ੍ਰਿਆ ਐਹੋ ਜਿਹੀ ਕਰ ਦਿੰਦੇ ਨੇ, ਕਿ ਲੋਕ ਟੁੱਟ ਜਾਣ। ਜਾਣ ਕੇ ਕਰਦੇ ਨੇ। ਕਬੀਰ ਸਾਹਿਬ ਵੇਸਵਾ ਨੂੰ ਨਾਲ ਲੈ ਕੇ ਬਜ਼ਾਰ ਵਿਚ ਘੁੰਮ ਗਏ। ਬੇਅੰਤ ਦੁਨੀਆਂ ਝੜ ਗਈ। ਗੁਰੂ ਨਾਨਕ ਸਾਹਿਬ ਨੂੰ ਕੁਤਕਾ ਰੱਖਣਾ ਪਿਆ ਮੋਢੇ ਦੇ ਉਤੇ। ਜਿਹੜਾ ਸਿੱਖ ਨੇੜੇ ਆਵੇ ਨੱਠ ਕੇ ਮਾਰਨ ਉਹਦੇ ਡੰਡਾ; ਉਹ ਕਹਿੰਦੇ ਪਤਾ ਨਹੀਂ ਦਿਮਾਗ 'ਚ ਫਰਕ ਪੈ ਗਿਆ ਗੁਰੂ ਸਾਹਿਬ ਦੇ। ਵੀਹ ਹਜ਼ਾਰ ਸੀ ਉਸ ਵੇਲੇ, ਵੀਹ ਹਜ਼ਾਰ ਦੇ ਵਿਚੋਂ ਦੋ ਰਹਿ ਗਏ ਅਖੀਰ ਦੇ ਉਤੇ। ਕਹਿੰਦੇ ਤੁਸੀਂ ਨਹੀਂ ਨੱਠਦੇ? ਕਹਿੰਦੇ ਕੋਈ ਥਾਉਂ ਨਹੀਂ ਹੈ, ਤੇਰੇ ਚਰਨਾਂ ਤੋਂ ਬਗੈਰ। ਕਹਿੰਦੇ ਫੇਰ ਆਹ ਖਾਓ ਮੁਰਦਾ। ਕਹਿੰਦੇ ਕਿਧਰੋਂ ਖਾਈਏ? ਕਹਿੰਦੇ ਸਿਰ ਵਲੋਂ ਖਾਓ। ਗੁਰੂ ਅੰਗਦ ਸਾਹਿਬ ਜਦੋਂ ਚਾਦਰ ਚੁੱਕਦੇ ਨੇ, ਓਥੇ ਮੁਰਦਾ ਤਾਂ ਹੈ ਹੀ ਨਹੀਂ ਸੀ, ਓਥੇ ਤਾਂ ਪ੍ਰਸ਼ਾਦ ਪਿਆ ਹੈ। ਗੁਰੂ ਦੀ ਕ੍ਰਿਆ ਹੈ ਇਹ। ਕੁਛ ਦਿਖਾ ਦੇਵੇ। ਸੋ ਏਸ ਤਰ੍ਹਾਂ ਜਦੋਂ ਇਥੇ ਬਿਰਤੀ ਆ ਜਾਂਦੀ ਹੈ, ਇਥੇ ਮਹਾਤਮਾ ਦੀ ਲੋੜ ਹੈ ਜਿਹੜਾ ਤਾੜਨਾ ਕਰ ਦੇਵੇ ਕਿ ਤੂੰ ਹਟਦਾ ਨਹੀਂ ਹੈਂ। ਸੰਤ ਮਨੀ ਸਿੰਘ ਨੇ ਦਰਖਤਾਂ ਦੇ ਉਤੋਂ ਲੱਡੂ ਜਲੇਬੀਆਂ ਝਾੜ ਕੇ ਸੰਗਤ ਨੂੰ ਛਕਾ ਦਿਤੇ। ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਨੇ ਡੰਡਾ ਲੈ ਕੇ ਉਹਨੂੰ ਕੁੱਟਿਆ। ਕਹਿੰਦੇ ਤੇਰੀ ਰਿੱਧੀ-ਸਿੱਧੀ ਝਾੜਾਂ ਪਹਿਲਾਂ। ਫੇਰ ਕਿੱਡੇ ਪ੍ਰਤਾਪ ਵਾਲੇ ਮਹਾਤਮਾ ਹੋਏ। ਅਫਰੀਕਾ ਗਏ ਹੋਏ ਸੀ, ਕਹਿੰਦੇ ਬਈ ਅੱਜ ਜੰਗਲ 'ਚ ਜਾਣਾ ਹੈ। ਚਲੇ ਗਏ ਜੰਗਲ 'ਚ, ਸ਼ਾਮ ਨੂੰ ਮੁੜ ਆਏ, ਕਹਿੰਦੇ ਅੱਜ ਫੇਰ ਜਾਣਾ ਹੈ। ਇਕ ਨਦੀ ਦੇ ਕੰਢੇ ਬੈਠ ਗਏ, ਓਥੇ ਕੀ ਹੋਇਆ ਇਕ ਹਰਨੀ ਆਈ ਉਹਦੇ ਪਿਛੇ ਸ਼ੇਰ ਪਿਆ ਹੋਇਆ ਸੀ, ਉਹ ਹਰਨੀ ਐਨੀ ਤੇਜ਼ ਦੌੜੀ ਦਮ ਟੁੱਟ ਗਿਆ ਉਹਦਾ। ਉਹ ਹਰਨੀ ਆ ਕੇ ਸੰਤ ਮਨੀ ਸਿੰਘ ਜੀ ਦੀ ਗੋਦੀ ਦੇ ਵਿਚ ਚੜ੍ਹਾਈ ਕਰ ਗਈ। ਕਹਿੰਦੇ ਭਾਈ! ਇਹਦਾ ਦਾਹ ਸਸਕਾਰ ਕਰ ਦੇਈਏ, ਟੋਆ ਪੁਟੋ, ਵਸਤਰ ਪਾ ਕੇ ਦੱਬ ਦਿਓ। ਕਿਸੇ ਨੂੰ ਪਤਾ ਨਾ ਲੱਗਿਆ ਕਿ ਸੰਤ ਕੀ ਕੰਮ ਕਰਨ ਲੱਗੇ ਨੇ, ਕਿ ਹਰਨੀ ਨੂੰ

ਦਬਾਉਣ ਲੱਗੇ ਨੇ। ਕਹਿੰਦੇ, ਬਾਬਾ ਜੀ ਕੁਛ ਸਾਨੂੰ ਵੀ ਭੇਤ ਲੱਗੇ? ਕਹਿੰਦੇ, ਭੇਤ ਲੈ ਕੇ ਤੁਸੀਂ ਕਰਨਾ ਕੀ ਹੈ। ਜਦ ਬਹੁਤ ਸੰਗਤ ਖਹਿੜੇ ਪਈ ਤਾਂ ਦੱਸਿਆ ਕਿ ਇਹ ਸਾਡੀ ਪਿਛਲੇ ਜਨਮ ਦੇ ਵਿਚ ਪਤਨੀ ਸੀ, ਇਹਨੇ ਨਾਮ ਨਹੀਂ ਜਪਿਆ, ਤਰਕ ਕਰਦੀ ਰਹੀ ਤੇ ਹਰਨੀ ਦੀ ਜੂਨੀ ਪੈ ਗਈ। ਅਸੀਂ ਆਏ ਹੀ ਇਸ ਕਰਕੇ ਸੀ ਕਿ ਇਹਦੇ ਮਨ ਵਿਚ ਬਾਰ-ਬਾਰ ਆਉਂਦਾ ਸੀ ਕਿ ਮੇਰਾ ਉਧਾਰ-ਮੇਰਾ ਉਧਾਰ। ਸ਼ਕਤੀਆਂ ਵਰਤਾਉਣ ਤੋਂ ਸੰਤ ਹਟ ਜਾਂਦੇ ਨੇ ਬਿਲਕੁਲ, ਬਦਨਾਮੀ ਕਰਾ ਲੈਂਦੇ ਨੇ, ਲੇਕਿਨ ਜੇ ਸ਼ਕਤੀ ਦਿਖਾਉਂਦਾ ਹੈ ਤਾਂ ਫਸ ਜਾਂਦਾ ਹੈ ਸੰਤ -

*ਰਿਧਿ ਸਿਧਿ ਸਭੁ ਮੋਹੁ ਹੈ*
*ਨਾਮੁ ਨ ਵਸੈ ਮਨਿ ਆਇ ॥ ਅੰਗ - ੫੯੩*

ਇਥੇ ਪਹੁੰਚ ਕੇ ਵਿਵੇਕ ਮੰਡਲ 'ਚ ਦਾਖਲਾ ਹੁੰਦਾ ਹੈ। ਫੇਰ ਸੋਚਦਾ ਹੈ ਕਿ ਮੈਂ ਕੌਣ ਹਾਂ। ਮੈਂ ਕਿਥੋਂ ਆ ਗਿਆ, ਫੇਰ ਗਿਆਨ ਦੀ ਰੌਸ਼ਨੀ ਪੈਂਦੀ ਹੈ ਇਹਨੂੰ, ਗਿਆਨ ਜਿਹੜਾ ਹੈ ਉਹ ਤੱਤ ਬੇਤੇ ਮਹਾਂਪੁਰਸ਼ਾਂ ਦੀ ਸੰਗਤ ਤੋਂ ਬਗੈਰ ਫਲੀਭੂਤ ਨਹੀਂ ਹੋਇਆ ਕਰਦਾ। ਫੇਰ ਵਾਹਿਗੁਰੂ ਦਾ ਇੰਤਜ਼ਾਮ ਹੈ, ਉਨ੍ਹਾਂ ਨੂੰ ਘੇਰ-ਘੇਰ ਕੇ ਸੰਤਾਂ ਦੇ ਕੋਲ ਲੈ ਕੇ ਆਏਗਾ। ਓਥੇ ਉਨ੍ਹਾਂ ਨਾਮ ਜਪਿਆ ਹੁੰਦਾ ਹੈ। ਥੋੜ੍ਹੇ ਜਿਹੇ ਉਪਦੇਸ਼ ਨਾਲ ਹੀ ਫਲੀਭੂਤ ਹੋ ਜਾਂਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਬਾਲਮੀਕ ਨੇ ਦ੍ਰਿੜ੍ਹਤਾ ਦੇ ਨਾਲ ੧੪ ਸਾਲ ਐਨਾ ਨਾਮ ਜਪਿਆ ਕਿ ਦੇਹ ਤੋਂ ਬੇਖਬਰ ਹੋ ਗਿਆ। ਜਦ ਸੁਰਤੀ ਚੜ੍ਹ ਗਈ, ਬੈਠਾ ਹੈ, ਪੱਤੇ ਆ ਲੱਗੇ ਹਵਾ ਦੇ ਨਾਲ, ਮਿੱਟੀ ਆ ਲੱਗੀ, ਰੇਤਾ ਆ ਲੱਗਿਆ, ਸਿਉਂਕ ਲੱਗ ਗਈ। ਹੱਡੀਆਂ 'ਚ ਪ੍ਰਾਣ ਹੁੰਦੇ ਸੀ ਜਦ, ਮਹਾਤਮਾ ਆ ਗਏ, ਉਨ੍ਹਾਂ ਨੇ ਕਿਹਾ ਕਿ ਕਿਧਰ ਗਿਆ ਬਾਲਮੀਕ। ਪਤਾ ਕਰਿਆ ਤਾਂ ਕਹਿੰਦੇ ਜੀ ਉਹ ਤਾਂ ਆਹ ਬੈਠਾ ਹੈ, ਪਤਾ ਨਹੀਂ ਜੀਉਂਦਾ ਹੈ, ਪਤਾ ਨਹੀਂ ਮਰਿਆ ਹੋਇਆ ਹੈ, ਬਰਮੀ ਬਣੀ ਪਈ ਹੈ ਉਹਦੇ ਦੁਆਲੇ। ਮਹਾਤਮਾ ਨੇ ਓਸ ਵੇਲੇ ਓਸਨੂੰ ਕੱਢ ਲਿਆ, ਦਸਵੇਂ ਦੁਆਰ ਤੋਂ ਪ੍ਰਾਣ ਉਤਾਰੇ, ਠਹਿਰੇ ਓਥੇ ਕੁਛ ਦਿਨ। ਠੀਕ ਕਰਿਆ ਉਹਦਾ ਸਰੀਰ। ਓਸ ਵੇਲੇ ਮਹਾਂਪੁਰਸ਼ਾਂ ਕੋਲ ਜਿਹੜਾ ਉਪਦੇਸ਼ ਹੁੰਦਾ ਹੈ-

*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥*
*ਅੰਗ - ੩੦੬*

ਜਿਹਦੇ ਉਤੇ ਦਇਆਲ ਹੋ ਜਾਂਦਾ ਹੈ ਓਸ ਵੇਲੇ ਉਪਦੇਸ਼ ਜਿਹੜਾ ਹੈ ਕਿਸੇ ਨੂੰ ਨਹੀਂ ਪਤਾ। ਇਕ ਵਾਰੀ ਮੈਂ ਵਿਸ਼ਾ ਦਿਤਾ ਕਿ ਦੱਸੋ ਉਹ ਕਿਹੜਾ ਉਪਦੇਸ਼ ਹੈ? ਕਿਸੇ ਨੇ ਹੱਥ ਨਾ ਪਾਇਆ। ਸੰਤਾਂ ਨੂੰ ਸਾਰਿਆਂ ਨੂੰ ਪਤਾ ਹੈ ਕਿ ਕਿਹੜਾ ਉਪਦੇਸ਼ ਹੈ ਉਹ। ਉਹ ਜ਼ਾਹਰ ਨਹੀਂ ਕਰਦੇ, ਕਿਉਂਕਿ ਜ਼ਾਹਰ ਕਰਨ ਵਾਲੀ ਚੀਜ਼ ਨਹੀਂ ਹੈ। ਜੇ ਕਿਤਾਬਾਂ 'ਚ ਆ ਗਈ, ਇਹਦਾ ਮਤਲਬ ਆਈ ਹੋਈ ਹੈ ਪਹਿਲਾਂ ਬਥੇਰੀਆਂ ਕਿਤਾਬਾਂ 'ਚ। ਇਹ ਕੋਈ ਅਸਰ ਨਹੀਂ ਕਰਦੀ। ਇਹ ਅਸਰ ਕਰਦੀ ਹੈ ਜਦ ਮਹਾਤਮਾ ਦੇਖਦਾ ਹੈ ਕਿ ਇਹ ਪੱਕਾ ਹੈ। ਕੱਚੇ ਨੂੰ ਮਹਾਤਮਾ ਨਹੀਂ ਛੇੜਦੇ। ਪੱਕੇ ਨੂੰ ਛੇੜਦੇ ਨੇ -

*ਰਾਮ ਪਦਾਰਥੁ ਪਾਇ ਕੈ*
*ਕਬੀਰਾ ਗਾਂਠਿ ਨ ਖੋਲ੍ ॥*
*ਨਹੀ ਪਟਣੁ ਨਹੀ ਪਾਰਖੂ*
*ਨਹੀ ਗਾਹਕੁ ਨਹੀ ਮੋਲੁ ॥ ਅੰਗ - ੧੩੬੫*

ਚਾਰ ਵਾਰੀ ਲਿਖ ਦਿਤਾ। ਕਹਿੰਦੇ -

*ਕੋਈ ਆਇ ਮਿਲੈਗੋ ਗਾਹਕੀ*
*ਲੇਗੋ ਮਹਗੇ ਮੋਲਿ ॥ ਅੰਗ - ੧੩੭੬*

ਆ ਜਾਏਗਾ ਕੋਈ, ਸਿਰ ਦੇ ਵੱਟੇ ਦੇਣ ਵਾਲਾ। ਗੁਰੂ ਮਹਾਰਾਜ ਨੂੰ ਪੰਜ ਮਿਲੇ, ਜਿਨ੍ਹਾਂ ਨੂੰ ਉਪਦੇਸ਼ ਕਰਕੇ ਜਨਮ ਮਰਨ ਦੇ ਚੱਕਰ 'ਚੋਂ ਖਤਮ ਕਰਕੇ ਗੁਰੂ ਦੀ ਪਦਵੀ ਦੇ ਦਿਤੀ ਕਿ ਜਿਹੜਾ ਕੰਮ ਮੈਂ ਕਰਦਾ ਹਾਂ ਤੁਸੀਂ ਵੀ ਕਰੋ। ਸੋ ਓਸ ਵੇਲੇ ਉਨ੍ਹਾਂ ਦੇ ਮਹਾਤਮਾ ਨੇ ਉਪਦੇਸ਼ ਦਿਤਾ-

*ਸਚੁ ਦ੍ਰਿੜਾਇ ਉਧਾਰਿਅਨੁ ਟਪਿ ਨਿਕਥਾ ਉਪਰ ਵਾੜਾ।*
*ਗੁਰਮੁਖਿ ਲੰਘੇ ਪਾਪ ਪਹਾੜਾ।।*
*ਭਾਈ ਗੁਰਦਾਸ ਜੀ, ਵਾਰ ੧੦/੧੯*

ਕਿੰਨੇ ਪਾਪ ਸੀ ਉਹਦੇ -

*ਧਾਰਨਾ - ਜਪ ਕੇ ਨਾਮ ਹਰੀ ਦਾ ਬਾਲਮੀਕ ਨੇ*
*ਪਾਪਾਂ ਦਾ ਪਹਾੜ ਲੰਘਿਆ।*

ਗੁਰਮੁਖ ਤੋਂ ਉਪਦੇਸ਼ ਲੈ ਕੇ ਕਿੱਡੀ ਅਵਸਥਾ 'ਤੇ ਪਹੁੰਚਿਆ, ਪਾਂਡਵਾਂ ਦਾ ਯੱਗ ਸੰਪੂਰਨ ਨਹੀਂ ਹੋ ਰਿਹਾ। ਸਾਰੇ ਹੈਰਾਨ ਹੋ ਗਏ ਕਿ ਭਾਰਤ ਵਰਸ਼ ਵਿਚ ਘੋੜਾ ਫੇਰਿਆ, ਯੁੱਧ ਕਰੇ ਤੇ ਹੁਣ ਆ ਕੇ ਸਾਡਾ ਜਿਹੜਾ ਯੱਗ ਹੈ ਸੰਪੂਰਨ ਨਹੀਂ ਹੋ ਰਿਹਾ। ਕ੍ਰਿਸ਼ਨ ਮਹਾਰਾਜ ਕੋਲ ਬੇਨਤੀ ਕਰੀ ਕਹਿਣ ਲੱਗੇ ਇਕ ਮਹਾਂਪੁਰਸ਼ ਨੂੰ ਤੁਸੀਂ ਛੱਡ ਦਿਤਾ। ਦੱਸਿਆ ਕਿ ਬਾਲਮੀਕ ਹੈ ਉਹਦਾ ਨਾਉਂ, ਜਾਓ ਲੈ ਕੇ ਆਓ, ਉਹ ਆਉਂਦਾ ਨਹੀਂ, ਉਹ ਕਹਿੰਦਾ ਮੈਨੂੰ ਇਕ ਯੱਗ ਦਾ ਫਲ ਦੇਵੋ ਤਾਂ ਜਾਉਂ। ਦਰੋਪਤੀ ਗਈ, ਦਰੋਪਤੀ ਨੇ ਕਿਹਾ ਕਿ ਮਹਾਂਪੁਰਸ਼ੋ! ਇਕ ਯੱਗ ਤਾਂ ਕੀ, ਕਿੰਨੇ ਹੀ ਯੱਗਾਂ ਦਾ ਫਲ ਲੈ ਲਓ, ਸਾਸ਼ਤਰ 'ਚ ਲਿਖਿਆ ਹੋਇਆ ਹੈ ਕਿ ਜੇ ਬ੍ਰਹਮਗਿਆਨੀ ਮਹਾਂਪੁਰਸ਼ ਦੇ ਵਲ ਸ਼ਰਧਾ ਧਾਰ ਕੇ ਘਰੋਂ ਚੱਲੇ ਤਾਂ ਹਰ ਕਦਮ ਦੇ ਉਤੇ ਇਕ ਯੱਗ ਦਾ ਫਲ ਪ੍ਰਾਪਤ ਹੁੰਦਾ ਹੈ। ਹੁਣ ਮੁੜਦੇ ਹੋਏ ਕਦਮ ਗਿਣ ਲੈਣਾ, ਇਕ ਰੱਖ ਲੈਣਾ ਬਾਕੀ ਮੇਰੇ ਪੱਲੇ ਪਾ ਦੇਣਾ। ਉਹ ਉਠ ਕੇ ਤੁਰ ਪਏ। ਓਧਰ ਜਾ ਕੇ ਕ੍ਰਿਸ਼ਨ ਮਹਾਰਾਜ ਨੇ ਚਰਨ ਧੋਣ ਦੀ ਡਿਊਟੀ ਲਈ ਹੋਈ ਸੀ। ਪਤਲਾਂ ਚੁੱਕਣ ਦੀ ਡਿਊਟੀ ਲਈ ਹੋਈ ਸੀ, ਦੋ ਡਿਊਟੀਆਂ ਉਨ੍ਹਾਂ ਨੇ ਲਈਆਂ ਸੀ ਕਿ ਇਕ ਤਾਂ ਜੂਠੀਆਂ ਪਤਲਾਂ ਮੈਂ ਚੁੱਕਾਂਗਾ ਸਾਧੂਆਂ ਦੀਆਂ, ਇਕ ਚਰਨ ਮੈਂ ਧੋਵਾਂਗਾ।

(ਬਾਕੀ ਪੰਨਾ **64** ਤੇ)

# ਮਾਨਵਤਾ ਦੇ ਨਾਂ
# (A Call To Humanity)

*ਡਾ. ਸਵਾਮੀ ਰਾਮ ਜੀ*
*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

**ਅਧਿਆਇ ਛੇਵਾਂ**

## ਮਾਨਵਵਾਦ

ਅਜੋਕੇ ਹਾਲਾਤ ਦੇਖਦੇ ਹੋਏ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਜਿਵੇਂ ਕੋਈ ਵੀ ਸੀਮਤ, ਸੰਕੀਰਣਵਾਦ ਸਾਡੀ ਸਹਾਇਤਾ ਨਹੀਂ ਕਰ ਸਕਦਾ। ਕੋਈ ਵੀ ਮਜ਼ਹਬ ਜਿਹੜਾ ਅੱਜ ਦੇ ਵਿਗਿਆਨ ਤੇ ਟੈਕਨੋਲੌਜੀ ਨਾਲ ਮਿਲ ਕੇ ਨਹੀਂ ਚਲ ਸਕਦਾ, ਉਹ ਅਧੂਰਾ ਹੈ। ਚੰਗੇ ਭਾਗਾਂ ਦੀ ਗੱਲ ਹੈ ਕਿ ਲੋਕ ਇਸ ਤਰ੍ਹਾਂ ਦੇ ਮਜ਼ਹਬ ਦੀ ਭਾਲ ਕਰਨ ਲਗ ਪਏ ਹਨ ਜਿਹੜਾ ਘੱਟ ਤੋਂ ਘੱਟ ਵਿਰੋਧਤਾ, ਖੰਡਨਤਾ ਰਖਦਾ ਹੋਵੇ ਜਿਸ ਦਾ ਅਭਿਆਸ ਕੀਤਾ ਜਾ ਸਕਦਾ ਹੋਵੇ। ਅੱਜ ਮਾਨਵਤਾ ਇਹੋ ਜਿਹੇ ਮਜ਼ਹਬ ਨੂੰ ਦੇਖ ਰਹੀ ਹੈ ਜਿਸ ਦਾ ਅਭਿਆਸ ਕਿਤੇ ਵੀ ਕਿਸੇ ਸਮੇਂ ਵੀ ਕੀਤਾ ਜਾ ਸਕੇ। ਅੱਜ ਦੇ ਮਜ਼ਹਬ ਕੇਵਲ ਮੰਦਰ, ਗੁਰਦਵਾਰਿਆਂ, ਚਰਚਾਂ, ਮਸਜਿਦਾਂ ਦੇ ਅੰਦਰ ਹੀ ਹਨ ਉਨ੍ਹਾਂ ਦਾ ਅਭਿਆਸ ਇਥੇ ਹੀ ਕੀਤਾ ਜਾ ਸਕਦਾ ਹੈ। ਲੋਕ ਏਸ ਗੱਲ ਉਤੇ ਪੁੱਛਣ ਲਗ ਪਏ ਹਨ ਕਿ ਇਹੋ ਜਿਹੇ ਮਜ਼ਹਬ ਦਾ ਕੀ ਫਾਇਦਾ ਹੈ ਜਿਹੜਾ ਖਾਸ ਜਗ੍ਹਾਂ ਉਤੇ ਹੀ ਤੁਸੀਂ ਬੈਠ ਕੇ ਪੂਜ ਸਕਦੇ ਹੋ, ਪਾਠ ਕਰ ਸਕਦੇ ਹੋ। ਇਸ ਗੱਲ ਦੀ ਕੋਈ ਵਿਵਹਾਰਕਤਾ ਨਹੀਂ ਬਣਦੀ, ਕੋਈ ਤਾਤਪਰਜ ਨਹੀਂ ਬਣਦਾ ਕਿ ਮਜ਼ਹਬ ਦਾ ਅਭਿਆਸ ਰੋਜ਼ਾਨਾ ਜੀਵਨ ਤੋਂ ਵੱਖ ਹੋ ਕੇ ਅਲੱਗ ਹੋ ਕੇ ਕੀਤਾ ਜਾਵੇ। ਵਾਸਤਵ ਵਿਚ ਮਜ਼ਹਬ ਦੀਆਂ ਗਤੀਵਿਧੀਆਂ, ਕੰਮ-ਕਾਜ ਕੇਵਲ ਵੱਖ-ਵੱਖ ਤਿਉਹਾਰਾਂ ਤੇ ਵੱਖ-ਵੱਖ ਸਮੇਂ ਰੀਤੀ-ਰਿਵਾਜਾਂ ਲਈ ਹੀ ਰਹਿ ਗਈਆਂ ਹਨ ਇਥੋਂ ਤਕ ਕਿ ਇਹ ਰਸਮਾਂ ਲੋਕਾਂ ਲਈ ਦਿਲ-ਪਰਚਾਵੇ ਦਾ ਸਾਧਨ ਬਣ ਗਈਆਂ ਹਨ। ਇਹੋ ਜਿਹੀਆਂ ਗੱਲਾਂ ਤੋਂ ਗਤੀਵਿਧੀਆਂ ਤੋਂ ਨਿਰਾਸ਼ ਹੋ ਕੇ ਇਹੋ ਜਿਹੇ ਮਜ਼ਹਬ ਵਲ ਦੇਖ ਰਹੇ ਹਨ ਜਿਹੜਾ ਉਨ੍ਹਾਂ ਦੇ ਰੋਜ਼ ਦੇ ਜੀਵਨ ਦਾ ਹਿੱਸਾ ਬਣ ਸਕੇ।

ਉਪਨਿਸ਼ਦਾਂ ਤੋਂ ਤੁਸੀਂ ਮਜ਼ਹਬ ਨੂੰ ਜਾਣ ਸਕਦੇ ਹੋ, ਸਮਝ ਸਕਦੇ ਹੋ, ਮਜ਼ਹਬ ਦੀ ਮਹਤੱਤਾ ਜਾਣ ਸਕਦੇ ਹੋ ਉਸ ਨੂੰ ਬਦਲ ਸਕਦੇ ਹੋ। ਉਪਨਿਸ਼ਦਾਂ ਦਾ ਅਧਿਅਨ ਕਰਕੇ ਤੁਸੀਂ ਮਜ਼ਹਬ ਦੀ ਬਣਤਰ ਮਾਨਵਤਾ ਲਈ ਬਣਾ ਸਕਦੇ ਹੋ। ਉਪਨਿਸ਼ਦਾਂ ਰਾਹੀਂ ਅਸੀਂ ਪਾਠ ਪੂਜਾ ਦੀ ਮਹਤੱਤਾ ਵੀ ਸਮਝ ਸਕਦੇ ਹੋ ਇਹ ਹੀ ਨਹੀਂ ਤੁਸੀਂ ਆਪਣੇ ਨਿਜੀ ਵਿਅਕਤੀਗਤ ਪ੍ਰਮਾਤਮਾ ਦੀ ਉਪਾਸ਼ਨਾ ਅਰਾਧਨਾ ਦੀ ਮਹੱਤਤਾ ਵੀ ਜਾਣ ਸਕਦੇ ਹੋ। ਇਨ੍ਹਾਂ ਉਪਨਿਸ਼ਦਾਂ ਰਾਹੀਂ ਤੁਸੀਂ ਪ੍ਰਮਾਤਮਾ ਦੀਆਂ ਧਾਰਨਾ ਦੀਆਂ ਸੀਮਾਵਾਂ ਤੋਂ ਵੀ ਉਪਰ ਉਠ ਸਕਦੇ ਹੋ ਜਿਵੇਂ-ਜਿਵੇਂ ਸਾਡਾ ਗਿਆਨ ਵਧਦਾ ਹੈ ਅਧਿਆਤਮਕ ਤਰੱਕੀ ਹੁੰਦੀ ਹੈ, ਦਾਰਸ਼ਨਿਕ ਗਿਆਨ ਵਿਚ ਵ੍ਰਿਧੀ ਹੁੰਦੀ ਹੈ ਉਸ ਤਰ੍ਹਾਂ ਪ੍ਰਮਾਤਮਾ ਦੇ ਸਾਕਾਰ ਬਿੰਬ ਵਿਚ ਵੀ ਬਦਲਾਵ ਆਉਂਦਾ ਹੈ, ਹੌਲੀ-ਹੌਲੀ ਅਧਿਆਤਮਕ ਗਿਆਨ ਦੀ ਵ੍ਰਿਧੀ ਨਾਲ ਬਿੰਬ ਵੀ ਪਿਛੇ ਰਹਿ ਜਾਂਦਾ ਹੈ। ਨਤੀਜੇ ਵਜੋਂ ਅਸੀਂ ਪ੍ਰਭੂ ਪ੍ਰਾਪਤੀ ਆਪਣੇ ਅੰਦਰ ਹੀ ਕਰ ਲੈਂਦੇ ਹਾਂ, ਬਾਹਰ ਦੀ ਅਰਾਧਨਾ ਦੀ ਫੇਰ ਜ਼ਰੂਰਤ ਨਹੀਂ ਰਹਿੰਦੀ।

ਵੱਡੇ-ਵੱਡੇ ਫਿਲੌਸਫਰ, ਚਿੰਤਕ, ਮਜ਼ਹਬਾਂ ਦੇ ਆਗੂ ਸਮੇਂ-ਸਮੇਂ ਆ ਕੇ ਮਜ਼ਹਬਾਂ ਦਾ ਸੁਧਾਰ ਕਰਦੇ ਰਹੇ ਹਨ। ਉਨ੍ਹਾਂ ਦੀ ਇਹ ਸੋਧ, ਵਿਆਖਿਆ ਸਾਰਿਆਂ ਲਈ ਸਾਂਝੀ ਸੀ। ਉਹ ਸਾਰੇ ਕੇਵਲ ਸੱਚ ਦੇ ਹੀ ਆਗੂ ਸਨ। ਸੱਚ ਦੇ ਹੀ ਅਨੁਆਈ ਸਨ, ਉਨ੍ਹਾਂ ਦਾ ਸੰਦੇਸ਼ ਸਾਰੇ ਸੰਸਾਰ ਲਈ ਸੀ। ਮਜ਼ਹਬ ਦੀਆਂ ਉਚੀਆਂ ਕੀਮਤਾਂ ਕਦਰਾਂ ਲਈ ਸਾਨੂੰ ਬ੍ਰਹਮਗਿਆਨੀਆਂ ਦੀ, ਰਿਸ਼ੀਆਂ-ਮੁਨੀਆਂ ਦੀ ਸੋਚ ਤੇ ਚਲਣਾ ਠੀਕ ਰਹੇਗਾ। ਹਰ ਮਜ਼ਹਬ ਲਈ ਸ਼ਾਂਤੀ ਤੇ ਖੁਸ਼ੀ ਸਭ ਤੋਂ ਵੱਧ ਮਹੱਤਵਪੂਰਣ ਹੁੰਦੇ ਹਨ ਇਹ ਸ਼ਾਂਤੀ ਤੇ ਖੁਸ਼ੀ ਜਿਸ ਤਰ੍ਹਾਂ ਅੱਜ ਦੇ ਮਜ਼ਹਬ ਚਲ ਰਹੇ ਹਨ ਉਨ੍ਹਾਂ ਨਾਲ ਪ੍ਰਾਪਤ ਨਹੀਂ ਹੋ ਸਕਦੀ ਚਾਹੇ ਉਹ ਹਿੰਦੂ ਮਜ਼ਹਬ ਹੋਵੇ ਜਾਂ ਵੈਸ਼ਨਵਵਾਦ, ਸ਼ੈਵ, ਜੈਨ ਮਤ, ਬੁੱਧ ਧਰਮ, ਇਸਲਾਮ ਜਾਂ ਫੇਰ ਇਸਾਈ ਮਤ। ਸਾਨੂੰ ਉਸ ਮਜ਼ਹਬ ਦੀ ਲੋੜ ਹੈ ਜਿਹੜਾ ਸਾਨੂੰ ਇਹ ਸਮਝਾ ਸਕੇ ਕਿ ਅਸੀਂ ਹਿੰਦੂ, ਵੈਸ਼, ਜੈਨ, ਮੁਸਲਮਾਨ, ਈਸਾਈ ਹੀ ਨਹੀਂ ਅਸੀਂ ਸਭ ਤੋਂ ਪਹਿਲਾਂ ਇਨਸਾਨ ਹਾਂ, ਉਹ ਮਜ਼ਹਬ ਜਿਹੜਾ ਮਾਨਵਤਾ ਸਿਖਾ ਸਕੇ, ਮਾਨਵ ਬਣਾ ਸਕੇ। ਸਵੈ ਜਾਤੀ ਕੇਂਦਰਤਾ ਤੋਂ ਬਾਹਰ ਹੋ ਕੇ ਸਾਨੂੰ ਸਭ ਤੋਂ ਪਹਿਲਾਂ ਆਪਣੇ ਆਪ ਨੂੰ ਵਿਸਤ੍ਰਿਤ ਮਨੁਖ ਬਨਾਉਣਾ ਚਾਹੀਦਾ ਹੈ। ਇਹੋ ਜਿਹੇ ਮਜ਼ਹਬ ਲਈ ਸਾਨੂੰ ਅਸਮਾਨਤਾ ਤੋਂ ਅਗਿਆਨ ਤੋਂ ਮੁਕਤ ਹੋਣਾ ਪਵੇਗਾ। ਲੋਕਾਂ ਨੂੰ ਸਿਖਿਆ ਦੇਣੀ ਪਵੇਗੀ, ਸਾਨੂੰ ਆਪਣੀ ਨਸਲ ਦਾ ਇਕ ਝੂਠਾ ਅਹੰਕਾਰ ਛੱਡਣਾ ਪਵੇਗਾ ਸਾਨੂੰ ਆਪਣੀ ਜੀਵਨ ਸ਼ੈਲੀ ਬਦਲ ਕੇ ਸਮਾਜ ਸੁਧਾਰ ਕਰਨਾ ਪਵੇਗਾ।

ਸਮਾਜ ਦੇ ਅੰਦਰ ਸ਼ਾਂਤੀ ਇਕਸਾਰਤਾ ਲਿਆਉਣ ਲਈ ਸਾਨੂੰ ਆਪਣੇ ਜੀਵਨ ਉਚੇਰੇ ਦ੍ਰਿਸ਼ਟੀਕੋਣ ਤੋਂ ਦੇਖਣੇ ਚਾਹੀਦੇ ਹਨ। ਜਿੰਨਾਂ ਵੱਧ ਅਸੀਂ ਜੀਵਨ ਸਚਾਈ ਨੂੰ ਸਮਝਾਂਗੇ ਓਨਾਂ ਹੀ ਵੱਧ ਅਸੀਂ ਜਾਤੀਵਾਦ, ਫਿਰਕਾਪ੍ਰਸਤੀ ਇਕੋ ਮਜ਼ਹਬ ਨਾਲ ਜੁੜੇ ਰਹਿਣ ਤੋਂ ਉਪਰ ਉਠਾਂਗੇ, ਜਦੋਂ ਅਸੀਂ ਇਨ੍ਹਾਂ ਸੀਮਾਵਾਂ ਤੋਂ ਲੰਘ ਜਾਂਦੇ ਹਾਂ, ਇਨ੍ਹਾਂ ਤੋਂ ਉਪਰ ਉਠ ਜਾਂਦੇ ਹਾਂ, ਸਾਡੀ ਚੇਤਨਤਾ ਵਿਸਤ੍ਰਿਤ ਹੋ ਜਾਂਦੀ ਹੈ, ਅਸੀਂ ਵਿਸ਼ਵ ਦਾ ਹੀ ਹਿੱਸਾ ਬਣ ਜਾਂਦੇ ਹਾਂ, ਵਿਸ਼ਵ ਸਾਡਾ ਹਿੱਸਾ ਬਣ ਜਾਂਦਾ ਹੈ। ਪੁਰਾਤਨ ਬ੍ਰਹਮਗਿਆਨੀ, ਰਿਸ਼ੀ-ਮੁਨੀ ਕਦੀ ਵੀ ਕਿਸੇ ਇਕ ਮੱਤ ਇਕ ਸੰਪਰਦਾਇ ਦਾ ਪ੍ਰਚਾਰ ਨਹੀਂ ਸੀ ਕਰਦੇ, ਉਹ ਤਾਂ ਧਰਮ ਦਾ ਹੀ ਗਿਆਨ ਦਿੰਦੇ ਸੀ, ਉਹ ਅਟੱਲ ਸਤਿ ਦੀ ਹੀ ਗੱਲ ਕਰਦੇ

ਸੀ ਜਿਹੜਾ ਸਭ ਦਾ ਸਾਂਝਾ ਹੀ ਹੁੰਦਾ ਸਭ ਲਈ ਲਾਭਕਾਰੀ ਵੀ ਹੁੰਦਾ ਸੀ, ਉਹ ਲੋਕ ਆਪਣੇ ਪ੍ਰਵਚਨ ਸੋਧ ਸਕਦੇ ਸੀ, ਉਨ੍ਹਾਂ ਨੂੰ ਇਸ ਤਰ੍ਹਾਂ ਨਾਲ ਦਸਦੇ ਸੀ ਜਿਹੜਾ ਸਾਰਿਆਂ ਲਈ ਸਾਂਝਾ ਹੋਵੇ, ਸਾਰਿਆਂ ਲਈ ਲਾਭਕਾਰੀ ਹੋਵੇ, ਭਾਵੇਂ ਕੋਈ ਕਿਥੇ ਵੀ ਕਿਉਂ ਨਾ ਰਹਿੰਦਾ ਹੋਵੇ। ਪੁਰਾਤਨ ਬ੍ਰਹਮਗਿਆਨੀ ਕਦੀ ਵੀ ਕਟੜਪਣੇ ਦੀ ਛੋਟੀ ਗੱਲ ਛੋਟੇ ਮਨ ਦਿਮਾਗ ਦੀ ਗੱਲ ਨਹੀਂ ਸੀ ਕਰਦੇ। ਉਨ੍ਹਾਂ ਇਹੋ ਜਿਹੀਆਂ ਗੱਲਾਂ ਦਾ ਖੰਡਨ ਹੀ ਕਰਦੇ ਸੀ। ਬਾਅਦ ਵਿਚ ਹੌਲੀ-ਹੌਲੀ ਪ੍ਰਚਾਰਕਾਂ ਨੇ ਕੱਟੜਵਾਦ ਲਿਆਂਦਾ, ਇਨ੍ਹਾਂ ਨੇ ਪੁਰਾਤਨ ਸਿਖਿਆ ਪੁਰਾਤਨ ਪ੍ਰਵਚਨਾਂ ਨੂੰ ਬ੍ਰਹਮਗਿਆਨ ਨੂੰ ਤੰਗ ਦਿਲ ਬਣਾਇਆਂ। ਸੁਆਰਥੀ ਬਣਾਇਆ। ਸਪਸ਼ਟ ਹੈ ਕਿ ਇਹ ਸਭ ਕੁਝ ਉਨ੍ਹਾਂ ਨੇ ਆਪਣੇ ਸੁਆਰਥ ਲਈ ਹੀ ਕੀਤਾ। ਅੱਜ ਅਸੀਂ ਸਾਰੇ ਹੀ ਦੇਖ ਰਹੇ ਹਾਂ ਕਿ ਮਜ਼ਹਬ ਨੂੰ ਕਿਵੇਂ ਸੁਆਰਥਪਨ ਲਈ ਵਰਤਿਆ ਜਾ ਰਿਹਾ ਹੈ।

ਪਿਛਲੀਆਂ ਕੁਝ ਸਦੀਆਂ ਤੋਂ ਅਸੀਂ ਦੇਖ ਰਹੇ ਹਾਂ ਕਿ ਕਿਸ ਤਰ੍ਹਾਂ ਨਵੇਂ-ਨਵੇਂ ਮੱਤ, ਮਾਰਗ, ਸੰਪਰਦਾਇ ਹੋਂਦ ਵਿਚ ਆਏ ਹਨ। ਥੋੜ੍ਹੇ ਸਾਲ ਇਹ ਬਹੁਤ ਪ੍ਰਚਲਤ ਹੁੰਦੇ ਹਨ ਫੇਰ ਆਪਣੇ ਆਪ ਹੀ ਖਤਮ ਹੋ ਜਾਂਦੇ ਹਨ। ਹਾਂ ਇਤਿਹਾਸ ਵਿਚ ਉਨ੍ਹਾਂ ਦਾ ਨਾਂ ਰਹਿ ਜਾਂਦਾ ਹੈ। ਜਿਵੇਂ ਸਾਗਰ ਵਿਚ ਲਹਿਰਾਂ ਉਠਦੀਆਂ ਹਨ, ਉਸੇ ਤਰ੍ਹਾਂ ਨਾਲ ਇਹ ਮੱਤ, ਮਾਰਗ, ਉਠਦੇ ਹਨ ਤੇ ਖਤਮ ਹੋ ਜਾਂਦੇ ਹਨ। ਇਹ ਕਦੀ ਵੀ ਬਹੁਤ ਦੇਰ ਤਕ ਨਹੀਂ ਚਲ ਸਕਦੇ ਕਿਉਂਕਿ ਇਨ੍ਹਾਂ ਦਾ ਆਧਾਰ, ਸੁਆਰਥ ਹੁੰਦਾ ਹੈ। ਅੱਜ ਦੇ ਸੰਸਾਰ ਵਿਚ ਬਹੁਤ ਸਾਰੇ ਮਜ਼ਹਬ ਰੋਜ਼ ਪੈਦਾ ਹੁੰਦੇ ਹਨ। ਕਰੋੜਾਂ ਲੋਕ ਰੋਜ਼ ਇਨ੍ਹਾਂ ਦੇ ਪਿਛੇ ਲਗਦੇ ਹਨ ਜਿਵੇਂ ਹੀ ਉਨ੍ਹਾਂ ਦਾ ਸੁਆਰਥ ਪੂਰਾ ਹੋ ਜਾਂਦਾ ਹੈ। ਉਹ ਖਤਮ ਹੋ ਜਾਂਦੇ ਹਨ। ਇਹੋ ਜਿਹੇ ਬਹੁਤ ਸਾਰੇ ਮਜ਼ਹਬ ਵਿਅਕਤੀਗਤ ਹੀ ਹੁੰਦੇ ਹਨ। ਜਗਿਆਸੂ ਤੋਂ, ਮਤ ਤੋਂ, ਕੱਟੜਪੁਣੇ ਤੋਂ ਵੱਖ ਕਰਕੇ ਪਛਾਣ ਸਕੇ, ਉਸ ਨੂੰ ਅਟੱਲ ਮਤ ਦਾ ਅਭਿਆਸ ਕਰਕੇ ਸਭ ਨੂੰ ਇਕੱਠਾ ਕਰਨਾ ਚਾਹੀਦਾ ਹੈ, ਕਿਸੇ ਨੂੰ ਵੀ ਦੁਖੀ ਨਹੀਂ ਕਰਨਾ ਚਾਹੀਦਾ। ਸਾਨੂੰ ਕੇਵਲ ਉਹ ਧਰਮ ਹੀ ਮੰਨਣਾ ਚਾਹੀਦਾ ਹੈ ਜਿਹੜਾ ਮਾਨਵਤਾ ਦੀ ਰਖਿਆ ਕਰਦਾ ਹੋਵੇ, ਜਿਹੜਾ ਸਾਰਿਆਂ ਦਾ ਸਾਂਝਾ ਹੋਵੇ, ਸਾਂਝੀਵਾਲਤਾ ਦਾ ਸੁਨੇਹਾ ਦਿੰਦਾ ਹੋਵੇ, ਸਾਰੇ ਸਮਾਜ, ਸਾਰੀ ਮਾਨਵਤਾ ਨੂੰ ਇਕੱਠਾ ਕਰਦਾ ਹੋਵੇ।

ਸਾਨੂੰ ਅਜਿਹੇ ਧਰਮ ਦੀ ਲੋੜ ਹੈ ਜਿਹੜਾ ਪ੍ਰਯੋਗਕ ਵਧੇਰੇ ਹੋਵੇ, ਸਿਧਾਂਤਕ ਭਾਵੇਂ ਘੱਟ ਹੋਵੇ, ਜਿੰਨੇ ਵੱਡੇ ਲੰਮੇ ਚੌੜੇ ਇਲਾਹੀ ਹੁਕਮ, ਓਨੇ ਹੀ ਵਧੇਰੇ ਉਹ ਉਲਝਦਾਰ ਹੋਣਗੇ। ਲੋਕ ਇਲਾਹੀ ਹੁਕਮ ਅੱਗੇ ਝੁਕ ਜਾਂਦੇ ਹਨ, ਆਪਣੇ ਆਪ ਨੂੰ ਸਮਰਪਣ ਕਰ ਦਿੰਦੇ ਹਨ ਕਿਉਂਕਿ ਉਹ ਡਰਦੇ ਹਨ ਉਹ ਆਪਣੇ ਆਪ ਨੂੰ ਦੋਸ਼ੀ, ਅਪਰਾਧੀ ਸਮਝਦੇ ਹਨ। ਇਹੋ ਜਿਹੇ ਇਲਾਹੀ ਹੁਕਮ ਥੋੜ੍ਹੀ ਦੇਰ ਲਈ ਆਦਿ ਪ੍ਰਵਿਰਤੀਆਂ ਨੂੰ ਦਬਾਅ ਸਕਦੇ ਹਨ ਪਰ ਵਿਅਕਤੀਤਵ ਨੂੰ ਬਦਲ ਨਹੀਂ ਸਕਦੇ। ਬਹੁਤ ਵੱਡੇ ਉਚੇ ਉਪਦੇਸ਼ਾਂ ਦੀ ਥਾਂ, ਪ੍ਰੇਰਨਾ ਦੀ ਥਾਂ ਲੋੜ ਹੈ ਸਾਦੇ ਤੇ ਪ੍ਰਪੱਕ ਮਾਰਗ ਦੱਸਣ ਦੀ ਜੀਵਨ ਸੰਗਠਨ ਕਰਨ ਲਈ ਜਿਹੜਾ ਸਹਾਇਕ ਹੋ ਸਕੇ।

ਗ੍ਰੰਥ ਗਿਆਨ ਨਾਲ ਭਰਪੂਰ ਪਏ ਹਨ, ਪਰ ਮਾਨਵਤਾ ਇਨ੍ਹਾਂ ਤੋਂ ਜਾਣੂ ਹੀ ਨਹੀਂ, ਇਸ ਭੰਡਾਰ ਨੂੰ ਜਾਣਦੀ ਹੀ ਨਹੀਂ ਜਿਹੜੇ ਲੋਕ ਸਮਾਜ ਦੇ ਆਗੂ ਬਣਦੇ ਹਨ, ਅਖਵਾਉਂਦੇ ਹਨ, ਸਮਾਜ ਦੇ ਰਖਵਾਲੇ ਅਖਵਾਉਂਦੇ ਹਨ, ਮਜ਼ਹਬ ਦੇ ਰਖਵਾਲੇ ਬਣਦੇ ਹਨ ਉਨ੍ਹਾਂ ਨੂੰ ਚਾਹੀਦਾ ਹੈ ਕਿ ਅਜੋਕੇ ਸਮਾਜ ਦੀਆਂ ਲੋੜਾਂ ਨੂੰ ਜਾਨਣ, ਸਮਝਣ। ਇਹੋ ਜਿਹੇ ਪ੍ਰਚਾਰਕਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਗ੍ਰੰਥਾਂ ਦਾ ਗਿਆਨ ਸਰਲ ਕਰਕੇ ਲੋਕਾਂ ਅੱਗੇ ਰੱਖਣ। ਉਹ ਲੋਕ ਸਰਲ ਭਾਸ਼ਾ ਵਿਚ ਹੀ ਨਾ ਦੱਸਣ ਪ੍ਰੰਤੂ ਇਸ ਤਰ੍ਹਾਂ ਨਾਲ ਸਮਝਾਉਣ ਕੇ ਲੋਕਾਂ ਦੇ ਜੀਵਨ ਦਾ ਹਿੱਸਾ ਬਣ ਸਕੇ, ਲੋਕ ਆਪਣੇ ਜੀਵਨ ਵਿਚ ਉਤਾਰ ਕੇ ਉਸ ਤੋਂ ਲਾਭ ਉਠਾ ਸਕਣ। ਪ੍ਰਚਾਰਕਾਂ ਨੂੰ ਇਹ ਜਾਣ ਜਾਣਾ ਚਾਹੀਦਾ ਹੈ ਕਿ ਜਦੋਂ ਕੋਈ ਬੀਮਾਰ ਹੈ ਉਸ ਨੂੰ ਇਲਾਜ ਦੀ ਲੋੜ ਹੈ ਉਸ ਨੂੰ ਬੀਮਾਰੀ ਬਾਰੇ ਭਾਸ਼ਨ ਦੀ ਲੋੜ ਨਹੀਂ। ਅੱਜ ਮਾਨਵਤਾ ਨੂੰ ਲੋੜ ਹੈ ਨੈਤਿਕ, ਬੌਧਿਕ ਸ਼ਕਤੀ ਦੀ, ਮੁੜ ਇਨ੍ਹਾਂ ਸ਼ਕਤੀਆਂ ਨੂੰ ਜਾਗ੍ਰਤ ਕਰਨ ਦੀ। ਬਹੁਤ ਸਾਰੇ ਉਹ ਵਿਚਾਰ ਜਿਹੜੇ ਪੁਰਾਤਨ ਸਮੇਂ ਵਿਚ ਬਹੁਤ ਚੰਗੇ ਸੀ, ਲਾਭਕਾਰੀ ਸੀ ਉਹ ਅੱਜ ਲਾਭਕਾਰੀ ਨਹੀਂ ਹਨ। ਪੁਰਾਤਨ ਸਮਿਆਂ ਵਿਚ ਲੋਕ ਕੁਦਰਤ ਦੀ ਗੋਦ ਵਿਚ ਅਨੰਦ ਮਾਣਦੇ ਸੀ, ਜੀਵਨ ਦੀਆਂ ਲੋੜਾਂ ਬਹੁਤ ਹੀ ਥੋੜ੍ਹੀਆਂ ਸੀ, ਜੀਵਨ ਬਹੁਤ ਹੀ ਸਰਲ ਰਹਿ ਕੇ ਖੁਸ਼ਹਾਲ ਸੀ। ਉਨ੍ਹਾਂ ਦਿਨਾਂ ਵਿਚ ਉਹ ਜੰਗਲਾਂ ਵਿਚ ਰਹਿ ਕੇ ਆਪਣਾ ਗਿਆਨ ਦੂਸਰਿਆਂ ਨਾਲ ਸਾਂਝਾ ਕਰਦੇ ਸੀ। ਅੱਜ ਪਿੰਡਾਂ ਦੀ ਸਭਿਅਤਾ ਦੀ ਥਾਂ ਸ਼ਹਿਰਾਂ ਨੇ ਲੈ ਲਈ ਹੈ। ਅੱਜ ਦੇ ਇਸ ਸ਼ਹਿਰ ਜੀਵਨ ਲਈ ਤੁਹਾਨੂੰ ਬਹੁਤ ਸਾਰੇ ਸਾਧਨਾ ਦੀ ਲੋੜ ਹੈ, ਤੁਹਾਡੀਆਂ ਲੋੜਾਂ ਵਧ ਗਈਆਂ ਹਨ। ਅਸੀਂ ਕੁਦਰਤ ਤੋਂ, ਸੁਭਾਵਿਕ ਵਾਤਾਵਰਣ ਤੋਂ ਐਨੇ ਦੂਰ ਆ ਚੁੱਕੇ ਹਾਂ ਕਿ ਹੁਣ ਮੁੜ ਕੁਦਰਤੀ ਵਾਤਾਵਰਣ ਵਿਚ ਜਾਣਾ ਬਹੁਤ ਔਖਾ ਹੈ। ਸਾਰਾ ਸੰਸਾਰ ਅੱਜ ਸਮਾਜ ਅੰਦਰ ਸੰਤੁਲਨ ਲੱਭ ਰਿਹਾ ਹੈ। ਇਹ ਸੰਤੁਲਨ ਤਾਂ ਹੀ ਹੋ ਸਕਦਾ ਹੈ ਜਦੋਂ ਤੁਸੀਂ ਅਧਿਆਤਮਵਾਦ ਤੇ ਵਿਗਿਆਨ ਦੀਆਂ ਤਾਕਤਾਂ ਨੂੰ ਜੋੜੋਗੇ। ਅੱਜ ਦੀਆਂ ਸਮਸਿਆਵਾਂ ਦਾ ਸਮਾਧਾਨ, ਯਥਾਰਥਵਾਦ ਨੂੰ ਤੇ ਆਦਰਸ਼ਵਾਦ ਨੂੰ ਜੋੜ ਕੇ ਇਕੱਠਾ ਕਰਕੇ ਹੀ ਹੋ ਸਕਦਾ ਹੈ।

ਜੀਵਨ ਵਿਚ ਖੁਸ਼ੀ ਨਾ ਤਾਂ ਉਦਾਸੀਨਤਾ ਨਾਲ ਆ ਸਕਦੀ ਹੈ ਕਿ ਤੁਸੀਂ ਪਦਾਰਥਾਂ ਲਈ ਉਦਾਸੀਨ ਹੋ ਜਾਓ ਨਾ ਹੀ ਪਦਾਰਥਵਾਦ ਦੀ ਮਨੋਵਿਰਤੀ ਨਾਲ ਆ ਸਕਦੀ ਹੈ। ਸੰਸਾਰਕ ਪਦਾਰਥਾਂ ਤੋਂ ਉਦਾਸੀਨਤਾ ਮਨੁੱਖ ਨੂੰ ਸਥੂਲ ਬਣਾ ਦਿੰਦੀ ਹੈ, ਉਸ ਨਾਲ ਜੀਵਨ ਅੰਦਰ ਜਾਂ ਤਾਂ ਅਸਫਲਤਾ ਆ ਜਾਂਦੀ ਹੈ ਜਾਂ ਅਸੰਤੁਸ਼ਟਤਾ। ਜਦੋਂ ਅਸੀਂ ਉਦਾਸੀਨ ਹੋ ਜਾਂਦੇ ਹਾਂ, ਅਸੀਂ ਆਪਣੇ ਗੁਣਾਂ ਦੀ ਪੂਰੀ-ਪੂਰੀ ਵਰਤੋਂ ਨਹੀਂ ਕਰ ਸਕਦੇ। ਸੰਸਾਰ ਵਿਚ ਰਹਿੰਦਿਆਂ ਸਾਨੂੰ ਆਪਣੀ ਭੂਮਿਕਾ ਪੂਰੀ ਤਰ੍ਹਾਂ ਪ੍ਰਭਾਵਸ਼ਾਲੀ ਤਰੀਕੇ ਨਾਲ ਕਰਨੀ ਚਾਹੀਦੀ ਹੈ, ਸਾਨੂੰ ਜੀਵਨ ਵਿਚ ਸਾਧਨ ਸੰਪੰਨ ਹੋਣਾ ਚਾਹੀਦਾ ਹੈ, ਜੀਵਨ ਦੇ ਹਰ ਪਲ, ਸੁਖ ਸੁਆਦ ਲੈਣਾ ਚਾਹੀਦਾ

ਹੈ। ਇਹ ਸਭ ਕੁਝ ਕਰਦਿਆਂ ਸਾਨੂੰ ਇਹ ਨਹੀ ਭੁੱਲ ਜਾਣਾ ਚਾਹੀਦਾ, ਸਾਡੇ ਜੀਵਨ ਦਾ ਉਦੇਸ਼ ਕੀ ਹੈ। ਸੰਸਾਰ ਦੇ ਸਾਰੇ ਪਦਾਰਥ ਸਾਨੂੰ ਉਦੇਸ਼ ਪ੍ਰਾਪਤੀ ਲਈ ਹੀ ਵਰਤਣੇ ਚਾਹੀਦੇ ਹਨ। ਪੂਰੇ-ਪੂਰੇ ਸਾਧਨਾ ਤੋਂ ਬਿਨਾਂ ਉਦੇਸ਼ ਪ੍ਰਾਪਤੀ ਹੋਣੀ ਅਤਿਕਠਨ ਹੈ।

ਪੁਰਾਤਨ ਸਮੇਂ ਵਿਚ ਆਰਥਕ ਪ੍ਰਾਪਤੀਆਂ ਨੂੰ ਘੱਟ ਮਹੱਤਤਾ ਦਿਤੀ ਜਾਂਦੀ ਸੀ। ਅਧਿਆਤਮਕ ਪ੍ਰਾਪਤੀਆਂ ਨੂੰ ਵੱਧ ਮਹੱਤਤਾ ਦਿਤੀ ਜਾਂਦੀ ਸੀ ਉਨ੍ਹਾਂ ਨੂੰ ਉਚਾ ਸਥਾਨ ਦਿਤਾ ਜਾਂਦਾ ਸੀ। ਲੋਕ ਅਧਿਆਤਮਕ ਪ੍ਰਾਪਤੀਆਂ ਨੂੰ ਬਹੁਤ ਉਚਾ ਸਥਾਨ ਦਿੰਦੇ ਸੀ, ਬਹੁਤ ਮਹੱਤਤਾ ਦਿੰਦੇ ਸੀ, ਸੰਸਾਰਕ ਪ੍ਰਾਪਤੀਆਂ, ਆਰਥਕ ਪ੍ਰਾਪਤੀਆਂ ਨੂੰ ਕੋਈ ਵੀ ਮਹੱਤਤਾ ਨਹੀ ਦਿਤੀ ਜਾਂਦੀ ਸੀ। ਉਹ ਇਹ ਜਾਣਦੇ ਹੀ ਨਹੀਂ ਸੀ ਕਿ ਸੰਸਾਰਕ ਸਾਧਨਾ ਰਾਹੀਂ ਵੱਡੇ-ਵੱਡੇ ਆਦਰਸ਼ਾਂ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ। ਤੁਸੀਂ ਆਪਣਾ ਅਧਿਆਤਮਕ ਅਭਿਆਸ ਸੰਸਾਰਕ ਜੀਵਨ ਨੂੰ ਸੰਗਠਨ ਕੀਤੇ ਬਿਨਾਂ ਨਹੀਂ ਚਲਾ ਸਕਦੇ, ਇਥੇ ਇਹ ਵੀ ਦੱਸਣਾ ਅਵਸ਼ਕ ਹੈ, ਅਧਿਆਤਮਕ ਅਭਿਆਸ ਤੋਂ ਬਿਨਾਂ ਆਰਥਕ ਤਰੱਕੀ ਵੀ ਕਿਸੇ ਅਰਥ ਨਹੀਂ। ਸਾਰੇ ਦੇਸ਼ਾਂ ਨੂੰ ਆਰਥਕ ਉਨਤੀ ਲਈ ਵੱਧ ਤੋਂ ਵੱਧ ਕੰਮ ਕਰਨਾ ਚਾਹੀਦਾ ਹੈ, ਭਾਰਤ ਨੂੰ ਵੀ ਸਖਤ ਮਿਹਨਤ ਕਰਨੀ ਚਾਹੀਦੀ ਹੈ। ਦੂਸਰੇ ਪਾਸੇ ਜਿਹੜੇ ਦੇਸ਼ ਆਰਥਕ ਪੱਖੋਂ ਉਨਤ ਹਨ, ਨੂੰ ਅੰਤਰ ਅਨੰਦ ਦੀ ਖੋਜ ਕਰਨੀ ਚਾਹੀਦੀ ਹੈ।

ਇਕ ਸਮਾਂ ਸੀ ਜਦੋਂ ਵਿਅਕਤੀਗਤ ਮੁਕਤੀ ਲਈ ਬਹੁਤ ਜ਼ੋਰ ਲਗਾਉਣਾ ਬਹੁਤ ਉਚਿਤ ਸਮਝਿਆ ਜਾਂਦਾ ਸੀ। ਲੋਕ ਆਪਣੇ ਲਈ ਸ਼ਾਂਤੀ ਪ੍ਰਾਪਤ ਕਰਨੀ, ਖੁਸ਼ੀ ਪ੍ਰਾਪਤ ਕਰਨੀ। ਬਹੁਤ ਵੱਡੀ ਗੱਲ ਸੀ। ਅੱਜ ਅਸੀਂ ਇਕੱਲੇ ਨਹੀਂ ਰਹਿ ਸਕਦੇ। ਆਪਣੇ ਆਪ ਨੂੰ ਵਖਰੇ ਨਹੀਂ ਕਰ ਸਕਦੇ, ਅਸੀਂ ਆਪਣੇ ਆਪ ਨੂੰ ਸਮਾਜ ਦੀਆਂ ਸਮੱਸਿਆਵਾਂ ਤੋਂ ਦੂਰ ਨਹੀਂ ਕਰ ਸਕਦੇ। ਆਪਣੇ ਗੁਆਂਢੀ ਦੀ ਸਮੱਸਿਆ ਨੂੰ ਤੁਸੀਂ ਲਾਂਭੇ ਨਹੀਂ ਕਰ ਸਕਦੇ। ਜੇਕਰ ਤੁਹਾਡੇ ਸਾਥੀ ਬੀਮਾਰ ਹਨ, ਗਰੀਬੀ ਨਾਲ ਪਰੇਸ਼ਾਨ ਹਨ, ਤੁਸੀਂ ਕਿਸ ਤਰ੍ਹਾਂ ਖੁਸ਼ ਰਹਿ ਸਕਦੇ ਹੋ। ਸਾਡੇ ਅੱਜ ਦੇ ਗਿਆਨ ਸੰਚਾਰ ਦੇ ਤਰੀਕਿਆਂ ਨੇ ਸਾਨੂੰ ਬਹੁਤ ਨੇੜੇ ਲੈ ਆਂਦਾ ਹੈ ਜਦੋਂ ਵੀ ਇਕ ਥਾਂ ਤੇ ਕੁਝ ਹੁੰਦਾ ਹੈ ਝੱਟ ਸਾਰੇ ਥਾਂ ਪਤਾ ਲਗ ਜਾਂਦਾ ਹੈ ਕੀ ਹੋਇਆ ਹੈ, ਕੀ ਹੋ ਰਿਹਾ ਹੈ। ਦੂਸਰਿਆਂ ਲਈ ਚਿੰਤਾ ਹੋਣੀ ਦੂਸਰਿਆਂ ਦਾ ਧਿਆਨ ਰੱਖਣਾ, ਮਾਨਵਤਾ ਦਾ ਇਕ ਗੁਣ ਹੈ। ਸੁਆਰਥੀ ਹੋ ਕੇ ਸਵੈ ਕੇਂਦਰਤ ਹੋ ਕੇ ਅਸੀਂ ਮਨੁਖਤਾ ਤੋਂ ਨੀਵੇਂ ਹੋ ਜਾਂਦੇ ਹਾਂ। ਸਾਨੂੰ ਚਾਹੀਦਾ ਹੈ ਅਸੀਂ ਸ਼ਾਂਤੀ ਲਈ, ਖੁਸ਼ੀ ਲਈ ਮਿਹਨਤ ਕਰੀਏ, ਕੋਸ਼ਿਸ਼ ਕਰੀਏ। ਇਕੱਠੇ ਹੋ ਕੇ ਕੰਮ ਕਰਨ ਤੋਂ ਪਹਿਲਾਂ ਸਾਨੂੰ ਸਭ ਲਈ ਸਮਾਨਤਾ ਦੀ ਭਾਵਨਾ ਹੋਣੀ ਚਾਹੀਦੀ ਹੈ, ਅਸੀਂ ਸਾਰੇ ਇਕੋ ਜਿਹੇ ਹਾਂ, ਸਾਡੇ ਵਿਚ ਕੋਈ ਛੋਟਾ ਵੱਡਾ ਨਹੀਂ ਹੈ। ਸਾਨੂੰ ਆਪਣਾ ਨੈਤਿਕ ਸਥਾਨ, ਨੈਤਿਕ ਪਦਵੀ ਉਚੀ ਕਰਨੀ ਪਵੇਗੀ, ਸਾਨੂੰ ਆਪਣੇ ਆਪ ਨੂੰ ਗੁੰਝਲਾਂ ਵਿਚੋਂ ਜਟਿਲਤਾਵਾਂ ਵਿਚੋਂ ਕੱਢਣਾ ਪਵੇਗਾ, ਅਸਮਾਨਤਾਵਾਂ ਖਤਮ ਕਰਨੀਆਂ ਪੈਣਗੀਆਂ।

ਅੱਜ ਦੇ ਸਮੇਂ ਜਦੋਂ ਟੈਕਨੋਲੌਜੀ ਐਨੀ ਤਰੱਕੀ ਕਰ ਚੁੱਕੀ ਹੈ ਕੋਈ ਵੀ ਬਰਾਦਰੀ, ਕੋਈ ਵੀ ਜਾਤ ਨਸਲ, ਆਪਣੇ ਆਪ ਵਿਚ ਨਹੀਂ ਰਹਿ ਸਕਦੀ, ਸਾਨੂੰ ਦੂਸਰਿਆਂ ਨਾਲ ਜੁੜਨਾ ਹੀ ਪਵੇਗਾ। ਇਸ ਕਰਕੇ ਦੂਸਰਿਆਂ ਦੀ ਚੰਗੀ ਸਮਝ ਰੱਖਣੀ ਚਾਹੀਦੀ ਹੈ ਉਨ੍ਹਾਂ ਨੂੰ ਠੀਕ ਤਰ੍ਹਾਂ ਨਾਲ ਸਮਝਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਕ ਦੂਸਰੇ ਦੇ ਲਾਭ, ਹਾਨੀ ਦੀ ਸਾਂਝ ਹੋਣੀ ਚਾਹੀਦੀ ਹੈ। ਅਸੀਂ ਇਕ ਦੂਸਰੇ ਦੇ ਅਨੁਭਵ ਤੋਂ ਸਿਖਣਾ ਹੈ, ਅਸੀਂ ਆਪਣਾ ਵਿਸਤਾਰ ਕਰਨਾ ਹੈ। ਸਾਨੂੰ ਦੂਸਰਿਆਂ ਦਾ ਵਿਕਾਸ ਵੀ ਕਰਨਾ ਚਾਹੀਦਾ ਹੈ। ਹੀਣਤਾ ਦੀ ਭਾਵਨਾ ਨੂੰ ਛੱਡ ਕੇ, ਆਪਣੇ ਆਪ ਨੂੰ ਉਚੇ ਸਮਝਣ ਨੂੰ ਛੱਡ ਕੇ ਸਾਨੂੰ ਇਕੱਠੇ ਹੋ ਕੇ ਕੰਮ ਕਰਨਾ ਚਾਹੀਦਾ ਹੈ, ਸ਼ਾਂਤੀ ਤੇ ਖੁਸ਼ੀ ਲਈ ਅੱਗੇ ਵਧਣਾ ਚਾਹੀਦਾ ਹੈ। ਵੱਖ-ਵੱਖ ਕੰਮਾਂ, ਮਜ਼ਹਬ, ਸਭਿਆਚਾਰਾਂ ਨੂੰ ਆਪਣੀ ਕਮਜ਼ੋਰੀ ਵੀ ਆਪਣੀ ਸ਼ਕਤੀ ਵੀ ਪਤਾ ਹੋਣੀ ਚਾਹੀਦੀ ਹੈ।

ਵਿਗਿਆਨ ਅਤੇ ਟੈਕਨੋਲੋਜੀ ਦੀ ਦੇਣ ਨੂੰ ਅਸੀਂ ਲਾਂਭੇ ਨਹੀ ਕਰ ਸਕਦੇ। ਵਿਗਿਆਨ ਨੇ ਸੰਸਾਰ ਨੂੰ ਬਹੁਤ ਛੋਟਾ ਬਣਾ ਦਿਤਾ ਹੈ। ਹੁਣ ਦੂਰੀ ਲੋਕਾਂ ਨੂੰ ਐਨੀ ਦੂਰ ਨਹੀਂ ਕਰਦੀ ਜਿੰਨਾਂ ਪਹਿਲਾਂ। ਭਾਵੇਂ ਲੋਕੀ ਪਦਾਰਥਾਂ ਦੀ ਸਾਂਝ ਤਾਂ ਰਖਦੇ ਹਨ ਇਕ ਦੂਸਰੇ ਦੀਆਂ ਚੀਜ਼ਾਂ ਵਰਤਦੇ ਹਨ, ਪਰ ਇਕ ਦੂਸਰੇ ਦੇ ਵਿਚਾਰ ਤੇ ਭਾਵਨਾਵਾਂ ਸਾਂਝੀਆਂ ਕਰਦੇ ਇਸ ਤਰ੍ਹਾਂ ਲਗਣ ਲਗ ਪਿਆ ਹੈ ਕਿਉਂਕਿ ਪਦਾਰਥਾਂ ਦੀ ਲੋੜ ਨੇ ਲੋਕਾਂ ਨੂੰ ਇਕੱਠਾ ਕੀਤਾ ਹੈ ਇਸ ਕਰਕੇ ਲੋਕ ਇਕ ਦੂਸਰੇ ਨੂੰ ਆਰਥਕ ਸਮਾਨ ਦੀ ਪੂਰਤੀ ਦਾ ਹੀ ਸਾਧਨ ਮੰਨਣ ਲਗ ਪਏ ਹਨ ਕਿਉਂਕਿ ਆਮ ਲੋਕਾਂ ਨੂੰ ਅਧਿਆਤਮਵਾਦ ਦੀ ਸੂਝ ਹੀ ਨਹੀਂ ਉਹ ਜਾਣਦੇ ਹੀ ਨਹੀਂ, ਇਸ ਕਰਕੇ ਉਹ ਇਸ ਸੰਸਾਰ ਨੂੰ ਸੱਚ ਹੀ ਮੰਨਦੇ ਹਨ। ਇਸੇ ਕਰਕੇ ਅੱਜ ਦਾ ਮਨੁਖ ਆਰਥਕ ਉਨਤੀ ਪਿਛੇ ਹੀ ਲੱਗਾ ਹੋਇਆ ਹੈ। ਮਨੁੱਖਾਂ ਦੀ ਭੌਤਿਕਵਾਦੀ ਦ੍ਰਿਸ਼ਟੀ ਨੇ ਉਨ੍ਹਾਂ ਦਾ ਅਹੰਕਾਰ ਵਧਾ ਦਿਤਾ ਹੈ, ਅਸਮਾਨਤਾ ਲਿਆ ਦਿਤੀ ਹੈ, ਭੇਦ ਭਾਵ ਪੈਦਾ ਕਰ ਦਿਤਾ ਹੈ, ਸਮਾਜ ਨੂੰ ਹਰ ਤਰ੍ਹਾਂ ਨਾਲ ਗੁੰਝਲਦਾਰ ਬਣਾ ਦਿਤਾ ਹੈ।

ਅੱਜ ਦੀ ਮਾਨਵਤਾ ਹਉਮੈ ਰੰਗ ਦੀ ਸੰਕੀਰਣਤਾ ਨਾਲ ਛੋਟੇ ਮਨ ਛੋਟੇ ਦਿਮਾਗ ਨਾਲ ਗ੍ਰਸੀ ਪਈ ਹੈ। ਮਜ਼ਹਬ ਦੇ ਨਾਂ ਤੇ ਭੇਦ ਭਾਵ ਹੈ, ਰੰਗ ਦੇ ਨਾਂ ਤੇ ਭੇਦ ਭਾਵ ਹੈ, ਰਾਸ਼ਟਰੀਅਤ ਦੇ ਨਾਮ ਭੇਦ ਭਾਵ ਹੈ, ਇਕੋ ਥਾਂ ਤੇ ਰਹਿੰਦੇ ਹੋਏ ਲੋਕਾਂ ਵਿਚ ਵਿਤਕਰਾ ਕੀਤਾ ਜਾਂਦਾ ਹੈ ਕਿਉਂਕਿ ਕੋਈ ਬਾਹਰ ਦੇ ਦੇਸ਼ ਤੋਂ ਹੈ, ਕੋਈ ਏਸ਼ੀਆ ਤੋਂ ਹੈ ਕੋਈ ਕਾਲਾ ਹੈ, ਕੋਈ ਗੋਰਾ ਹੈ, ਕੋਈ ਹਿੰਦੂ ਹੈ, ਕੋਈ ਮੁਸਲਮਾਨ ਹੈ। ਜਦੋਂ ਤਕ ਇਹ ਮਨੁਖ ਦੀਆਂ ਪਾਈਆਂ ਵੰਡੀਆਂ ਪਈਆਂ ਰਹਿਣਗੀਆਂ, ਸਮਾਜ ਵਿਚ, ਸੰਸਾਰ ਵਿਚ ਕੋਈ ਸ਼ਾਂਤੀ, ਖੁਸ਼ੀ ਦਾ ਵਾਤਾਵਰਣ ਹੋ ਹੀ ਨਹੀਂ ਸਕਦਾ। ਸਾਨੂੰ ਇਹ ਗੱਲ ਚੰਗੀ ਤਰ੍ਹਾਂ ਨਾਲ ਸਮਝ ਲੈਣੀ ਚਾਹੀਦੀ ਹੈ, ਅਸੀਂ ਮਾਨਵ ਹਾਂ ਬਾਕੀ ਦੀਆਂ ਸਾਰੀਆਂ ਸਮਰੂਪਤਾ ਬਾਅਦ ਦੀ

ਗੱਲ ਹੈ, ਉਹ ਸਾਰੀਆਂ ਸਾਡੇ ਉਤੇ ਥੋਪੀਆਂ ਜਾਂਦੀਆਂ ਹਨ ਪਿਆਰ ਕਰਨਾ, ਪਿਆਰ ਲੈਣਾ ਸਾਡਾ ਜਨਮ ਸਿੱਧ ਅਧਿਕਾਰ ਹੈ, ਸੱਚੀ ਸੁਤੰਤਰਤਾ ਹੈ ਸਭ ਨੂੰ ਪਿਆਰ ਕਰਨਾ, ਕਿਸੇ ਨਾਲ ਵੀ ਨਫਰਤ ਨਹੀ ਕਰਨਾ, ਸਭ ਨੂੰ ਪਿਆਰ ਕਰਨਾ।

*ਸਭੇ ਸਾਝੀਵਾਲ ਸਦਾਇਨਿ*
*ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥ ਅੰਗ - ੯੭*

ਸੱਚਾ ਮਨੁੱਖ ਆਪਣੇ ਅੰਦਰ ਜਗਾਉਣ ਲਈ ਪੈਦਾ ਕਰਨ ਲਈ ਸਾਨੂੰ ਦੂਸਰਿਆਂ ਦੇ ਦਿਲਾਂ ਵਿਚ ਆਪਣੀ ਥਾਂ ਬਨਾਉਣੀ ਪਵੇਗੀ। ਰਾਜਨੀਤਕ ਸਮਝੌਤੇ, ਕੋਈ ਅਰਥ ਨਹੀ ਰਖਦੇ। ਵਾਸਤਵ ਵਿਚ ਲੋੜ ਹੈ ਹਰ ਮਨੁਖ ਦੇ ਹਿਰਦੇ ਅੰਦਰ ਮਤਭੇਦ ਖਤਮ ਕਰਨ ਦੀ ਇੱਛਾ ਹੋਵੇ। ਮਤਭੇਦ ਸੁਆਰਥੀ ਰਾਜਨੇਤਾਵਾਂ ਨੇ ਸਮਾਜਿਕ ਆਗੂਆਂ ਨੇ ਮਜ਼ਹਬੀ ਆਗੂਆਂ ਨੇ ਪਾਏ ਹਨ।

ਮਤਭੇਦ ਖਤਮ ਕਰਕੇ, ਵਿਭਿੰਨਤਾ ਤੋਂ ਏਕਤਾ ਤੇ ਜਾਣਾ ਹੀ ਸੱਚੇ ਅਧਿਆਤਮਕਤਾ ਦਾ ਅਭਿਆਸ ਹੈ, ਇਹ ਅਭਿਆਸ ਇਹ ਪ੍ਰਤਿਕ੍ਰਿਆ ਹਰ ਪੱਧਰ ਤੇ ਕਰਨ ਦੀ ਲੋੜ ਹੈ, ਭਾਵ ਵਿਅਕਤੀਗਤ ਪੱਧਰ ਤੇ ਸਮਾਜਿਕ ਜੀਵਨ ਪੱਧਰ ਤੇ। ਇਹ ਜਾਣ ਲੈਣ ਤੋਂ ਬਾਅਦ, ਸਹਾਇਕ ਹੈ, ਇਕੋ ਦਾ ਹੀ ਵਾਸਾ ਸਭ ਦੇ ਅੰਦਰ ਹੈ, ਅਸੀਂ ਆਪਣੇ ਹਿਰਦੇ ਤੇ ਮਨ ਸ਼ੁਧ ਕਰ ਸਕਾਂਗੇ। ਇਸੇ ਸ਼ੁਧਤਾ ਤੋਂ ਉਪਰੰਤ ਸਾਨੂੰ ਇਲਾਹੀ ਚਾਨਣ ਹੋ ਸਕਦਾ ਹੈ ਇਕ ਵਾਰੀ ਸਾਨੂੰ ਅੰਤਰ ਦੇ ਸਤਿ ਦਾ ਅਨੁਭਵ ਹੋ ਜਾਏ, ਫੇਰ ਅਸੀਂ ਸਾਰੇ ਵਿਸ਼ਵ ਦੇ ਬਣ ਜਾਂਦੇ ਹਾਂ, ਸਾਰਾ ਵਿਸ਼ਵ ਹੀ ਸਾਡਾ ਆਪਣਾ ਹੋ ਜਾਂਦਾ ਹੈ। ਇਹ ਸੋਝੀ ਹੋ ਜਾਣ ਨਾਲ ਇਹ ਪ੍ਰਾਪਤੀ ਹੋ ਜਾਣ ਨਾਲ, ਸਵਰਗ ਦੀ ਕੋਈ ਕਲਪਨਾ ਨਹੀ ਰਹਿ ਜਾਂਦੀ, ਇਹ ਵਿਸ਼ਵ ਹੀ ਸਵਰਗ ਹੈ। ਸਭ ਨੂੰ ਪ੍ਰੇਮ ਕਰਕੇ ਸਭ ਨੂੰ ਕਲਾਵੇ ਵਿਚ ਲੈ ਕੇ ਕਿਸੇ ਨੂੰ ਵੀ ਓਪਰਾ ਨਹੀਂ ਸਮਝ ਕੇ, ਹਰ ਇਕ ਨਾਲ ਸਾਂਝੀਵਾਲਤਾ ਪਾ ਕੇ, ਸਭ ਕੁਝ ਸਾਂਝਾਂ ਕਰਕੇ, ਆਪਣਾ ਕੁਝ ਨਾ ਸਮਝ ਕੇ ਅਸੀਂ ਸੁਤੰਤਰ ਹੋ ਜਾਂਦੇ ਹਾਂ, ਕੋਈ ਭੈ, ਕੋਈ ਡਰ ਨਹੀਂ ਰਹਿੰਦਾ ਸਵਰਗ ਦੀ ਇਛਾ ਨਹੀਂ ਰਹਿੰਦੀ, ਕਿਉਂਕਿ ਧਰਤੀ ਹੀ ਸਵਰਗ ਹੋ ਜਾਂਦੀ ਹੈ।

ਸਾਡੇ ਪਰਸਪਰ ਸਬੰਧ ਵਿਸ਼ਵ ਭਾਈਚਾਰੇ ਤੇ ਭਾਈਬੰਦੀ ਦੇ ਹੋਣੇ ਚਾਹੀਦੇ ਹਨ। ਵਿਗਿਆਨ ਅਤੇ ਟੈਕਨੋਲੋਜੀ ਦੇ ਸਿਧਾਂਤ, ਨੀਤੀ ਸਾਸ਼ਤ੍ਰ, ਨੈਤਿਕਤਾ ਅਤੇ ਅਧਿਆਤਮਵਾਦ ਹੋਣਾ ਚਾਹੀਦਾ ਹੈ। ਵਿਗਿਆਨ ਅਤੇ ਮਜ਼ਹਬ, ਤਕਨੀਕੀ ਖੋਜਾਂ ਅਧਿਆਤਮਕ ਗਿਆਨ ਇਹ ਸਭ ਕੁਝ ਇਕੱਠਾ ਹੀ ਹੋਣਾ ਚਾਹੀਦਾ ਹੈ। ਅੱਜ ਵਿਗਿਆਨ ਤੇ ਅਧਿਆਤਮਵਾਦ ਵਿਚ ਕੋਈ ਸੰਤੁਲਨ ਨਹੀਂ ਹੈ, ਇਸੇ ਕਰਕੇ ਵਿਗਿਆਨ ਸ੍ਵੈ ਦੀ ਬਰਬਾਦੀ ਵਲ ਜਾ ਰਿਹਾ ਹੈ। ਸ਼ਾਂਤੀ ਲਿਆਉਣ ਦੀ ਥਾਂ ਵਿਗਿਆਂਨ ਨੇ ਮਨੁਖਾਂ ਦੇ ਹਿਰਦੇ ਅੰਦਰ ਡਰ ਤੇ ਭੈ ਪੈਦਾ ਕੀਤਾ ਹੈ।

ਵਿਗਿਆਨ ਦੀ ਸਹਾਇਤਾ ਨਾਲ ਮਾਨਵਤਾ ਨਿਊਕਲੀਅਰ ਯੁੱਗ ਵਿਚ ਆ ਗਈ ਹੈ, ਵਿਗਿਆਨਕ ਖੋਜਾਂ ਨੇ ਸਾਡੇ ਜੀਵਨ ਵਿਚ, ਜੀਵਨ ਪੱਧਰ ਵਿਚ ਬਹੁਤ ਬਦਲਾਓ ਲਿਆਂਦਾ ਹੈ, ਜਿਥੋਂ ਤਕ ਆਰਾਮ ਦੀ ਗੱਲ ਕਰਦੇ ਹਨ, ਅਸੀਂ ਆਪਣੀਆਂ ਪਿਛਲੀਆਂ ਪੀੜੀਆਂ ਨਾਲੋਂ ਕਿਤੇ ਵੱਧ ਆਰਾਮ ਵਿਚ ਹਾਂ, ਪਰ ਜੇ ਮਨ ਦੀ ਸ਼ਾਂਤੀ ਦੀ ਗੱਲ ਕਰੀਏ, ਤਾਂ ਮਨ ਦੀ ਸ਼ਾਂਤੀ ਅੱਗੇ ਨਾਲੋਂ ਕਿਤੇ ਘਟ ਗਈ ਹੈ, ਵਾਸਤਵ ਵਿਚ ਜਿੰਨੇ ਸਰੀਰਕ ਆਰਾਮ ਵਧ ਗਏ ਹਨ, ਮਾਨਸਿਕ ਸ਼ਾਂਤੀ ਓਨੀ ਹੀ ਖਤਮ ਹੋ ਗਈ ਹੈ, ਭਾਵੇਂ ਅਸੀਂ ਕਿੰਨੀਆਂ ਹੀ ਚੀਜ਼ਾਂ ਦੀ ਬਣਾ ਲਈਏ ਖੋਜ ਲਈਏ, ਬੌਧਿਕ ਗਿਆਨ ਭਾਵੇਂ ਕਿੰਨਾਂ ਹੀ ਕਿਉਂ ਨਾ ਵਧ ਜਾਵੇ, ਪਰ ਅਸੀਂ ਅਸਮਾਨਤਾ, ਭੈ, ਸ਼ੰਕਾਵਾਂ ਤੋਂ ਛੁਟਕਾਰਾ ਨਹੀਂ ਪਾ ਸਕਦੇ। ਸੱਚੀ ਸੁਤੰਤਰਤਾ ਤਾਂ ਅੰਦਰੋਂ ਹੀ ਆਉਂਦੀ ਹੈ, ਅੰਦਰ ਜਾਨਣ ਲਈ, ਸਾਨੂੰ ਆਪਣੇ ਆਪ ਨੂੰ ਬਾਹਰੀ ਸੰਸਾਰ ਤੋਂ ਸਮੇਟ ਕੇ, ਅੰਦਰ ਜਾਣਾ ਪੈਂਦਾ ਹੈ। ਮਨੁੱਖ ਦੀਆਂ ਸਮੱਸਿਆਵਾਂ ਦਾ ਸਮਾਧਾਨ ਉਸ ਦੇ ਆਪਣੇ ਹਿਰਦੇ ਦੇ ਅੰਦਰ ਹੈ। ਜਦੋਂ ਤਕ ਤੁਸੀਂ ਪ੍ਰਮਾਤਮਾ ਦੀ ਸ਼ਕਤੀ ਦੀ ਪ੍ਰਾਪਤੀ ਨਹੀਂ ਕਰਦੇ, ਉਦੋਂ ਤਕ ਅੰਤਰ ਸ਼ਾਂਤੀ ਨਹੀਂ ਹੋ ਸਕਦੀ।

ਮਨ ਤੇ ਬੁੱਧੀ ਇਹ ਦੋਨੋਂ ਬਹੁਤ ਹੀ ਉਤਮ ਸਾਧਨ ਮਨੁਖ ਨੂੰ ਬਖਸ਼ੇ ਹਨ ਜਿਨ੍ਹਾਂ ਰਾਹੀਂ ਤੁਸੀਂ ਆਪਣਾ ਅੰਦਰ ਦਾ ਸਤਿ ਜਾਣ ਸਕਦੇ ਹੋ। ਹਾਂ ਇਹ ਗੱਲ ਜ਼ਰੂਰ ਹੈ ਕਿ ਇਨ੍ਹਾਂ ਨੂੰ ਬੁੱਧੀ ਨੂੰ ਤੇ ਮਨ ਨੂੰ ਸਿਖਾਉਣਾ ਪੈਂਦਾ ਹੈ ਤਾਂ ਜੋ ਉਹ ਠੀਕ ਤੇ ਗਲਤ ਵਿਚ ਅੰਤਰ ਦੇਖ ਸਕਣ, ਚੰਗੇ ਤੇ ਸੁਖਾਵੇ ਦਾ ਅੰਤਰ ਦੇਖ ਸਕੇ। ਸਾਨੂੰ ਮਨ ਦੀਆਂ ਸੀਮਾਵਾਂ ਦਾ ਵੀ ਪਤਾ ਹੋਣਾ ਚਾਹੀਦਾ ਹੈ, ਬੁੱਧੀ ਦੀਆਂ ਸੀਮਾਵਾਂ ਦਾ ਵੀ ਪਤਾ ਹੋਣਾ ਚਾਹੀਦਾ ਹੈ। ਬੁੱਧੀ ਸਾਨੂੰ ਬਾਹਰੀ ਸੰਸਾਰ ਦੀਆਂ ਪ੍ਰਾਪਤੀਆਂ ਵਲ ਲੈ ਜਾ ਸਕਦੀ ਹੈ। ਬੁੱਧੀ ਬਹੁਤ ਅਚੰਭੇ ਵਾਲੇ ਵਿਗਿਆਨਕ ਖੋਜ ਪ੍ਰਾਪਤੀਆਂ ਦੇ ਸਕਦੀ ਹੈ ਪਰ ਬੁੱਧੀ ਕਦੀ ਵੀ ਅੰਤਰ ਸਚਾਈ ਦੀ ਗਹਿਰਾਈ ਨੂੰ ਨਹੀਂ ਪਕੜ ਸਕਦੀ। ਬੁੱਧੀ ਸਾਨੂੰ ਸੰਸਾਰਕ ਮਾਇਆ ਤੋਂ ਅੱਗੇ ਨਹੀਂ ਲੈ ਜਾ ਸਕਦੀ। ਪਦਾਰਥਾਂ ਤੋਂ ਅੱਗੇ ਬੁੱਧੀ ਨਹੀਂ ਜਾ ਸਕਦੀ, ਕਿਉਂਕਿ ਬੁੱਧੀ ਦਾ ਆਪਣਾ ਕੋਈ ਚਾਨਣ ਨਹੀਂ ਹੈ। ਬੁੱਧੀ ਵਾਸਤਵ ਵਿਚ, ਚੇਤਨ ਸ਼ਕਤੀ ਦੀ ਦੇਖ ਰੇਖ ਹੇਠ ਕੰਮ ਕਰਦੀ ਹੈ ਉਹ ਹੈ ਆਤਮਾ। ਆਤਮਾ ਦਾ ਗਿਆਨ ਹੀ ਸਤਿ ਦੀ ਸੰਪੂਰਨਤਾ ਨੂੰ ਪ੍ਰਗਟ ਕਰ ਸਕਦਾ ਹੈ। ਆਤਮਾ ਦੇ ਚਾਨਣ ਨਾਲ ਬੁੱਧੀ ਆਪਣੀ ਸੋਚ, ਚਿੰਤਨ ਬਦਲ ਸਕਦੀ ਹੈ। ਇਸ ਬਦਲੀ ਹੋਈ ਸੋਚ, ਚਿੰਤਨ ਤੋਂ ਬਾਅਦ ਹੀ ਉਚੇਰੇ ਸਤਿ ਨੂੰ ਪਕੜਿਆ ਜਾ ਸਕਦਾ ਹੈ, ਉਹ ਸਤਿ ਜਿਹੜਾ ਸਾਰੇ ਸੰਸਾਰਕ ਪਦਾਰਥਾਂ ਦੇ ਪਿਛੇ ਪਿਆ ਹੈ, ਆਤਮ ਗਿਆਨ ਪ੍ਰਾਪਤੀ ਤੋਂ ਬਾਅਦ ਹੀ ਬੁੱਧੀ ਵਿਸ਼ਵ ਭਾਈਚਾਰੇ ਨੂੰ ਪਛਾਣ ਸਕਦੀ ਹੈ ਇਸ ਸਿਧਾਂਤ ਨੂੰ ਜਾਣ ਸਕਦੀ ਹੈ ਇਹੋ ਜਿਹੀ ਬੁੱਧੀ ਹੀ ਸਮਾਤਵ (Samatva) ਯੋਗ ਦਾ ਅਭਿਆਸ ਕਰ ਸਕਦੀ ਹੈ, ਭਾਵ ਉਹ ਯੋਗ ਜਿਹੜਾ ਸਮਾਨਤਾ, ਇਕਸੁਰਤਾ, ਇਕਸਾਰਤਾ ਦਾ ਹੋਵੇ।

ਬੁੱਧੀ ਦੀ ਸੁਧਾਈ ਮਨੁਖ ਦੀ ਮਨੋਵਿਰਤੀ ਦੇ ਰੂਪ ਪਰਿਵਰਤਨ ਨਾਲ ਹੀ ਸ਼ੁਰੂ ਹੁੰਦੀ ਹੈ, ਜਦੋਂ ਤੁਹਾਡੀ ਮਨੋਵਿਰਤੀ

ਜੀਵਨ ਪ੍ਰਤੀ ਸੰਸਾਰਕ ਪਦਾਰਥਾਂ ਪ੍ਰਤੀ ਬਦਲਦੀ ਹੈ, ਬੁੱਧੀ ਆਪਣੇ ਆਪ ਹੀ ਬਦਲ ਜਾਂਦੀ ਹੈ। ਮਨ ਸੰਸਾਰਕ ਪਦਾਰਥਾਂ ਦੇ ਪਿਛੇ ਨਹੀਂ ਦੌੜਨਾ ਚਾਹੀਦਾ। ਸਾਨੂੰ ਅੰਦਰ ਦੀਆਂ ਸ਼ਕਤੀਆਂ, ਚਿੰਤਨ ਲਈ ਹੀ ਲਗਾਉਣੀਆਂ ਚਾਹੀਦੀਆਂ ਹਨ। ਸਾਨੂੰ ਇਸ ਗੱਲ ਦਾ ਵੀ ਪਤਾ ਹੋਣਾ ਚਾਹੀਦਾ ਹੈ ਕਿ ਮਨ ਤੇ ਬੁੱਧੀ ਕੋਈ ਬਹੁਤ ਵੱਡੀਆਂ ਸ਼ਕਤੀਆਂ ਨਹੀਂ ਹਨ। ਇਨ੍ਹਾਂ ਦੋਨਾਂ ਨੂੰ ਹੀ ਆਤਮਾ ਤੋਂ ਪ੍ਰੇਰਨਾ ਮਿਲਦੀ ਹੈ। ਬੁੱਧੀ ਨੂੰ ਸੋਚਣਾ ਚਾਹੀਦਾ ਹੈ, ਚਿੰਤਨ ਕਰਨਾ ਚਾਹੀਦਾ ਹੈ, ਬਹੁ-ਪੱਧਰੀ ਸੰਸਾਰ ਦਾ ਵਿਸ਼ਲੇਸ਼ਣ ਕਰਨਾ ਚਾਹੀਦਾ ਹੈ। ਹਉਮੈ ਦੇ ਵਸ ਨਾ ਹੋ ਕੇ ਬੁੱਧੀ ਨੂੰ ਪ੍ਰਮਾਤਮਾ ਦੀ ਸ਼ਰਨ ਹੀ ਜਾਣਾ ਚਾਹੀਦਾ ਹੈ, ਜਦੋਂ ਤੁਸੀਂ ਉਚ ਬੁੱਧੀ ਨੂੰ ਪ੍ਰਮਾਤਮਾ ਦੀ ਸ਼ਰਨ ਰੱਖ ਦਿੰਦੇ ਹੋ ਤੁਸੀਂ ਸੰਸਾਰ ਦੇ ਪੱਧਰ ਤੇ ਵੀ ਸਫਲ ਹੁੰਦੇ ਹੋ ਨਾਲ ਹੀ ਤੁਸੀਂ ਆਪਣੇ ਅੰਦਰ ਦੇ ਸੁਭਾਅ ਦਾ ਵੀ ਪਤਾ ਲਗ ਜਾਂਦਾ ਹੈ। ਭਾਰਤੀ ਦਰਸ਼ਨ ਸ਼ਾਸਤਰ ਬੁੱਧੀ ਨੂੰ ਆਤਮਾ ਦਾ ਹੀ ਦਰਪਣ ਦਸਦਾ ਹੈ, ਜਦੋਂ ਤਕ ਬੁੱਧੀ ਦਾ ਸ਼ੀਸ਼ਾ ਸਾਫ ਹੈ, ਅਕਸ ਵੀ ਸਾਫ ਹੀ ਹੋਵੇਗਾ। ਜਦੋਂ ਬੁੱਧੀ ਦਾ ਸ਼ੀਸ਼ਾ ਧੁੰਦਲਾ ਹੋਵੇਗਾ, ਵਿਚਾਰ ਰਚਨਾਵਾਂ ਹੋਣਗੀਆਂ ਹੋਰ ਕੁਝ ਹੋਵੇਗਾ, ਸਚਾਈ ਨਹੀਂ ਆ ਸਕਦੀ, ਸਚਾਈ ਦਾ ਵਿਗੜਿਆ ਰੂਪ ਹੀ ਦਿਸੇਗਾ। ਸ਼ੁਧੀ, ਇਕਾਗਰਤਾ ਅਤੇ ਅੰਤਰਮੁਖੀ ਹੋਣਾ ਬੁੱਧੀ ਲਈ ਇਹ ਅਵੱਸ਼ਕ ਹੈ। ਇਸ ਤਰ੍ਹਾਂ ਕਰਕੇ ਹੀ ਅੰਤਰ ਦੀ ਸ਼ਾਂਤੀ ਤੇ ਖੁਸ਼ੀ ਪ੍ਰਾਪਤ ਕੀਤੀ ਜਾ ਸਕਦੀ ਹੈ।

ਅੱਜ ਦੇ ਲੋਕਾਂ ਕੋਲ ਵਧੇਰੇ ਪਦਾਰਥ ਹਨ, ਅੱਜ ਦਾ ਯੁੱਗ ਟੈਕਨੋਲੌਜੀ ਦਾ ਯੁੱਗ ਹੈ, ਇਹ ਸਦੀ, ਦੋ ਸਦੀਆਂ ਪਹਿਲਾਂ ਨਹੀਂ ਸੀ, ਇਹ ਸਭ ਕੁਝ ਹੋਣ ਦੇ ਨਾਲ ਇਹ ਕਹਿਣਾ ਪਵੇਗਾ ਕਿ ਅੱਜ ਦੇ ਲੋਕ ਵਧੇਰੇ ਅਸੰਤੁਸ਼ਟ ਹਨ, ਵਧੇਰੇ ਨਿਰਾਸ਼ ਹਨ, ਜਿਹੜੇ ਕਿ ਉਨ੍ਹਾਂ ਦੇ ਪੂਰਵਜ ਨਹੀਂ ਸਨ। ਅੱਜ ਦਾ ਮਨੁੱਖ ਵਧੇਰੇ ਛਲ ਭਰਪੂਰ ਹੈ, ਵਧੇਰੇ ਅਧਿਆਤਮਕ, ਵਧੇਰੇ ਸਵੈ ਕੇਂਦਰਿਤ ਹੋ ਗਿਆਂ ਹੈ। ਜਿੰਨਾ ਹੀ ਕੋਈ ਅਮੀਰ ਹੈ, ਜਿੰਨਾਂ ਹੀ ਕੋਈ ਵਧੇਰੇ ਸਾਧਨ ਰਖਦਾ ਹੈ, ਉਨਾਂ ਹੀ ਵੱਧ ਉਹ ਸਮਾਜ ਦੇ ਛੋਟੇ ਵਰਗ ਦਾ ਸ਼ੋਸ਼ਣ ਕਰਦਾ ਹੈ ਓਨਾਂ ਹੀ ਉਸ ਦਾ ਦੁਰਉਪਯੋਗ ਕਰਦਾ ਹੈ। ਇਹੋ ਜਿਹੇ ਮਨੁਖ ਦੇ ਲੋਭ ਦੀ ਕੋਈ ਸੀਮਾ ਨਹੀਂ ਇਹ ਆਪਣੇ ਲੋਭ ਦੀ ਤ੍ਰਿਪਤੀ ਲਈ ਇਛਾਵਾਂ ਦੀ ਤ੍ਰਿਪਤੀ ਲਈ ਦੂਸਰਿਆਂ ਦੇ ਹਿਤ ਨੂੰ ਵੀ ਲਾਂਭੇ ਕਰ ਦਿੰਦਾ ਹੈ। ਇਹੋ ਜਿਹੀ ਮਨੋਵਿਰਤੀ ਨੂੰ ਵਿਗਿਆਨ ਤਾਂ ਠੀਕ ਨਹੀਂ ਕਰ ਸਕਦਾ, ਵਿਗਿਆਨ ਕੋਲ ਇਸ ਦਾ ਕੋਈ ਇਲਾਜ ਹੀ ਨਹੀਂ ਹੈ। ਅਧਿਆਤਮਕ ਸਚੇਤਨਤਾ ਤੋਂ ਬਿਨਾਂ ਤੁਸੀਂ ਵਿਗਿਆਨਕ ਖੋਜ ਦੀ ਸਦਵਰਤੋਂ ਨਹੀ ਕਰ ਸਕਦੇ। ਆਪਣੀ ਬੁੱਧੀ ਤੀਖਣ ਕਰਕੇ ਉਸ ਤੋਂ ਵਿਗਿਆਨਕ ਖੋਜ ਲਈ ਸੋਧ ਕੇ, ਅਸੀਂ ਜੀਵਨ ਵਿਚ ਵਧੇਰੇ ਉਥੱਲ-ਪੁਥੱਲ ਲੈ ਆਂਦੀ ਹੈ। ਵਾਸਤਵ ਵਿਚ ਬੁੱਧੀ ਨੂੰ ਸ਼ੁੱਧ ਕਰਨਾ ਬੁੱਧੀ ਨੂੰ ਪਰਿਵਰਤਨ ਕਰਨਾ ਵਧੇਰੇ ਲੋੜੀਂਦਾ ਹੈ, ਬੁੱਧੀ ਦੀ ਬਾਹਰੀ ਵਰਤੋਂ ਤੋਂ ਪਹਿਲਾਂ ਉਸ ਨੂੰ ਸ਼ੁਧ ਕਰਨ ਦੀ ਲੋੜ ਵਧੇਰੇ ਹੈ। ਸ਼ੁਧ ਬੁੱਧੀ ਤੁਹਾਨੂੰ ਜੀਵਨ ਦਾ ਦ੍ਰਿਸ਼ਟੀਕੋਣ ਵਧੇਰੇ ਚੰਗਾ ਦੇ ਸਕਦੀ ਹੈ। ਸ਼ੁੱਧ ਬੁੱਧੀ ਮਨੁਖ ਦੀ ਪ੍ਰਾਲਬਧ ਨੂੰ ਵਧੇਰੇ ਚੰਗੀ ਤਰ੍ਹਾਂ ਦਿਸ਼ਾ ਦੇ ਸਕਦੀ ਹੈ, ਬੁੱਧੀ ਦੀ ਸ਼ੁਧਤਾ ਬੁੱਧੀ ਨਾਲ ਨਹੀਂ ਹੋ ਸਕਦੀ, ਬੁੱਧੀ ਤਾਂ ਇੰਦ੍ਰੀਆਂ ਦੀ ਪ੍ਰਤੱਖ ਗਿਆਨ ਨਾਲ ਧੁੰਦਲੀ ਪੈ ਜਾਂਦੀ ਹੈ, ਬਾਹਰ ਦੀਆਂ ਖਬਰਾਂ ਨਾਲ ਧੁੰਦਲਾ ਜਾਂਦੀ ਹੈ। ਇਹੋ ਜਿਹੀ ਬੁੱਧੀ ਸਮਾਂ, ਸਥਾਨ ਤੋਂ ਉਪਰ ਨਹੀਂ ਉਠ ਸਕਦੀ। ਇਲਾਹੀ ਚਾਨਣ ਹੀ ਬੁੱਧੀ ਨੂੰ ਗਿਆਨ ਇੰਦ੍ਰੀਆਂ ਦੇ ਖੇਤਰ, ਪਦਾਰਥੀ ਸੰਸਾਰ ਤੋਂ ਪਰ੍ਹੇ ਲੈ ਜਾ ਸਕਦਾ ਹੈ।

ਅਜੇ ਤਕ ਮਨੁੱਖ ਸੰਸਾਰਕ ਪਦਾਰਥਾਂ ਨਾਲ ਪ੍ਰਯੋਗ ਕਰ ਰਿਹਾ ਹੈ, ਇਹ ਪ੍ਰਯੋਗ ਕੋਈ ਛੇਤੀ ਖਤਮ ਹੋਣ ਵਾਲਾ ਨਹੀਂ ਇਹ ਤਾਂ ਇਕ ਅਸੀਮ ਯਤਨ ਹੈ। ਅਜੇ ਤਕ ਮਾਨਵਤਾ ਨੇ ਆਪਣੇ ਲਈ ਕੋਈ ਨਿਸ਼ਚਿਤ ਜੀਵਨ ਸ਼ੈਲੀ ਨਹੀਂ ਬਣਾਈ ਜਿਹੜੀ ਉਸ ਨੂੰ ਖੁਸ਼ੀ ਦੇ ਸਕੇ। ਭੂਤਕਾਲ ਵਿਚ ਬਹੁਤ ਸਾਰੇ ਲੋਕਾਂ ਨੇ ਆਪਣੇ ਅੰਤਰ ਦੇ ਸਤਿ ਨੂੰ ਤੱਤ ਨੂੰ ਦੇਖਿਆ ਹੈ, ਜਾਣਿਆਂ ਹੈ, ਉਨ੍ਹਾਂ ਨੇ ਆਪਣੇ ਅੰਦਰ ਦੀ ਖੁਸ਼ੀ ਨੂੰ ਅਨੰਦ ਨੂੰ ਜਾਣਿਆਂ ਹੈ, ਉਨ੍ਹਾਂ ਨੇ ਇਹ ਮੰਨਿਆ ਹੈ ਕਿ ਅਨੰਦ ਅੰਦਰ ਹੈ, ਬਾਹਰੀ ਪਦਾਰਥੀ ਸੰਸਾਰ ਵਿਚ ਨਹੀਂ ਪਰ ਉਨ੍ਹਾਂ ਦਾ ਅਨੁਭਵ ਸਾਰਿਆਂ ਦਾ ਅਨੁਭਵ ਨਹੀਂ ਬਣ ਸਕਿਆ। ਬਹੁਤ ਸਾਰੇ ਲੋਕਾਂ ਵਿਚੋਂ ਬਹੁਤ ਥੋੜ੍ਹੇ ਹੀ ਬ੍ਰਹਮਗਿਆਨੀਆਂ ਦੀ ਪੈੜ ਤੇ ਚਲ ਸਕੇ, ਉਹ ਲੋਕ ਹੀ ਖੁਸ਼ੀ ਪ੍ਰਾਪਤ ਕਰ ਸਕਦੇ ਹਨ, ਸੰਸਾਰ ਵਿਚ ਰਹਿੰਦੇ ਹੋਏ ਉਹ ਸੰਸਾਰ ਤੋਂ ਉਪਰ ਰਹਿੰਦੇ ਹਨ, ਉਨ੍ਹਾਂ ਦੀ ਜੀਵਨ ਸ਼ੈਲੀ ਉਨ੍ਹਾਂ ਦੇ ਅੰਦਰ ਦੇ ਸੰਤੁਲਨ ਤੇ ਕੋਈ ਸ਼ੰਕਾ ਹੋ ਹੀ ਨਹੀਂ ਸਕਦਾ। ਅੰਦਰ ਦੇ ਚਾਨਣ ਤੋਂ ਬਿਨਾਂ ਬਾਹਰੀ ਜੀਵਨ ਸ਼ੁਧ, ਆਦਰਸ਼ਵਾਦੀ ਨਹੀਂ ਹੋ ਸਕਦਾ। ਬਾਹਰੀ ਜੀਵਨ ਸੰਸਾਰਕ ਜੀਵਨ ਅੰਦਰ ਰੱਬੀ ਚਾਨਣ ਹੋਣਾ ਅਤਿ ਅਵੱਸ਼ਕ ਹੈ। ਦੁਖ ਸੰਤਾਪ ਤੋਂ ਮੁਕਤ ਹੋਣ ਲਈ ਅੰਦਰ ਦੇ ਜੀਵਨ ਰਹੱਸ ਨੂੰ ਖੋਲ੍ਹਣਾ ਉਸ ਦਾ ਪਰਦਾ ਹਟਾਣਾ ਅਵੱਸ਼ਕ ਹੈ।

ਇਕ ਵਾਰੀ ਜਦੋਂ ਅੰਤਰ ਜੀਵਨ ਦਾ ਰਹੱਸ ਪ੍ਰਗਟ ਹੋ ਜਾਂਦਾ ਹੈ। ਇਲਾਹੀ ਸੰਦੇਸ਼ ਆਉਣ ਲਗ ਪੈਂਦੇ ਹਨ ਜਦੋਂ ਹੀ ਪੜਦਾ ਚੁਕਿਆਂ ਜਾਂਦਾ ਹੈ, ਹਉਮੈ ਉਚੇਰੇ ਸਵੈ ਨਾਲ ਮਿਲ ਜਾਂਦੀ ਹੈ, ਸਾਡੀ ਸੋਚ, ਕਥਨੀ, ਕਰਨੀ ਪ੍ਰਮਾਤਮਾ ਦੀ ਇੱਛਾ ਅਨੁਸਾਰ ਹੋ ਜਾਂਦੀ ਹੈ। ਇਕ ਵਾਰੀ ਜਦੋਂ ਪ੍ਰਮਾਤਮਾ ਦੀ ਇੱਛਾ ਅਤੇ ਸੰਸਾਰਕ ਕੰਮ ਕਾਜ ਵਿਚ ਸੰਤੁਲਨ ਆ ਜਾਂਦਾ ਹੈ, ਅਸੀਂ ਇਥੇ ਹੀ ਹੁਣੇ ਹੀ ਸੁਤੰਤਰ ਹੋ ਜਾਂਦੇ ਹਨ। ਜਿਹੜਾ ਮਨੁੱਖ ਅੰਦਰ ਬਾਹਰ ਦੇ ਸੰਸਾਰ ਵਿਚ ਜਿਸ ਤਰ੍ਹਾਂ ਚਾਹੇ ਵਿਚਰ ਸਕੇ, ਉਸ ਦਾ ਲੋਕ ਪਰਲੋਕ ਦੋਨੋਂ ਹੀ ਸੁਹੇਲੇ ਹੋ ਜਾਂਦੇ ਹਨ। ਉਹ ਮੁਕਤ ਹੋ ਜਾਂਦਾ ਹੈ, ਅੰਤਰ ਸ਼ਾਂਤੀ ਮਿਲ ਜਾਂਦੀ ਹੈ।

ਲੋਕੀ ਖੁਸ਼ੀ ਦਾ ਸ਼ਾਂਤਮਈ ਜੀਵਨ ਜੀਣਾ ਚਾਹੁੰਦੇ ਹਨ ਕਿਉਂਕਿ ਉਨ੍ਹਾਂ ਕੋਲ ਠੀਕ ਸਾਧਨ ਹੀ ਨਹੀਂ ਉਨ੍ਹਾਂ ਦੀਆਂ ਇਛਾਵਾਂ ਪੂਰੀਆਂ ਨਹੀਂ ਹੁੰਦੀਆਂ। ਮਾਨਵਤਾ ਲਗਾਤਾਰ ਦੁਖ ਸੰਤਾਪ ਤੋਂ ਛੁਟਣ ਦਾ ਜਤਨ ਕਰ ਰਹੀ ਹੈ। ਘਾਲਣਾ ਘਾਲ ਰਹੀ ਹੈ। ਬਹੁਤ ਸਾਰੇ ਪੁਰਾਤਨ ਫਿਲੌਸਫਰ, ਚਿੰਤਕ ਇਹ ਕਹਿੰਦੇ ਰਹੇ ਕਿ ਮਨੁਖ ਦੇ ਅੰਦਰ ਬੇਅੰਤ ਯੋਗਤਾ ਹੈ, ਸਮਰਥਾ ਹੈ, ਜੇ ਮਨੁਖ ਮੁਕਤ

ਹੋਣਾ ਚਾਹੇ, ਉਹ ਹੋ ਸਕਦਾ ਹੈ ਪਹੁੰਚੇ ਹੋਏ ਯੋਗੀਆਂ ਨੇ ਇੱਛਾ ਸ਼ਕਤੀ ਪ੍ਰਾਪਤ ਕਰਕੇ ਜੀਵਨ ਦੇ ਉਚੇ ਨਿਸ਼ਾਨੇ ਤਕ ਪਹੁੰਚ ਕੇ ਉਨ੍ਹਾਂ ਨੇ ਕੀਤਾ, ਦੂਸਰੇ ਵੀ ਕਰ ਸਕਦੇ ਹਨ। ਸਾਰਿਆਂ ਮਨੁਖਾਂ ਕੋਲ ਯੋਗਤਾਵਾਂ ਹੁੰਦੀਆਂ ਹਨ, ਸਾਧਨ ਹੁੰਦੇ ਹਨ ਜੇਕਰ ਇਕ ਮਨੁਖ ਯੋਗੀ ਬਣ ਸਕਦਾ ਹੈ, ਗਿਆਨ ਪ੍ਰਾਪਤੀ ਕਰ ਸਕਦਾ ਹੈ, ਦੂਸਰੇ ਵੀ ਕਰ ਸਕਦੇ ਹਨ, ਮਨੁਖ ਕੇਵਲ ਮਰਨ ਲਈ ਹੀ ਨਹੀਂ ਜੰਮਦਾ, ਜੰਮਣ ਲਈ ਹੀ ਨਹੀਂ ਮਰਦਾ। ਜੀਵਨ ਦੇ ਇਸ ਸਥਾਈ ਸਫਰ ਤੋਂ, ਲੋੜ ਹੈ ਸੰਪੂਰਨ ਹੋਣ ਦੀ ਸੰਪੂਰਨਤਾ ਪ੍ਰਾਪਤੀ ਦੀ। ਮਨੁਖੀ ਜੀਵਨ ਇਕ ਮਾਤਰ ਮੌਕਾ ਹੈ, ਇਥੋਂ ਤੁਸੀਂ ਉਪਰ ਵੀ ਜਾ ਸਕਦੇ ਹੋ ਭਾਵ ਤਰੱਕੀ ਵੀ ਕਰ ਸਕਦੇ ਹੋ, ਮੁੜ ਕੇ ਹੇਠਾਂ ਵੀ ਡਿੱਗ ਸਕਦੇ ਹੋ। ਤੁਸੀਂ ਆਪਣੀਆਂ ਸੀਮਾਵਾਂ ਛੱਡ ਕੇ, ਆਪਣੀ ਸਚੇਤਨਾ ਨੂੰ ਵਿਸਤ੍ਰਿਤ ਕਰ ਸਕਦੇ ਹੋ, ਸ੍ਰੇਸ਼ਟ ਬਣ ਸਕਦੇ ਹੋ, ਅਨੂਪਮ ਬਣ ਸਕਦੇ ਹੋ। ਦੂਸਰੇ ਪਾਸੇ ਸਥੂਲ ਹੋ ਕੇ ਢਿਲੇ ਪੈ ਕੇ, ਤੁਸੀਂ ਹੇਠਲੀਆਂ ਅਵਸਥਾਂ ਵਿਚ ਵੀ ਜਾ ਸਕਦੇ ਹੋ। ਏਸ ਤੋਂ ਵੱਡਾ ਨੁਕਸਾਨ ਏਸ ਤੋਂ ਵੱਡਾ ਮੰਦਭਾਗ ਕੀ ਹੋ ਸਕਦਾ ਹੈ ਕਿ ਤੁਸੀਂ ਮਨੁਖ ਜਨਮ ਅਜਾਈਂ ਗੁਆਂ ਦਿਓ, ਪ੍ਰਭੂ ਪ੍ਰਾਪਤੀ ਨਾ ਕਰੋ। ਨਤੀਜਾ ਕੀ ਹੋਵੇਗਾ, ਤੁਸੀਂ ਮੁੜ ਕੇ ਫੇਰ ਸ਼ੁਰੂ ਤੋਂ ਸ਼ੁਰੂ ਕਰੋਗੇ।

ਹਰੇਕ ਮਨੁਖ ਜਾਣਦਾ ਹੈ ਕਿ ਉਸ ਦੇ ਜੀਵਨ ਦਾ ਉਦੇਸ਼ ਸ਼ਾਂਤੀ ਪ੍ਰਾਪਤ ਕਰਨਾ ਹੈ, ਖੁਸ਼ੀ ਪ੍ਰਾਪਤ ਕਰਨਾ ਹੈ। ਹਰ ਮਨੁਖ ਦਾ ਉਦੇਸ਼ ਇਹ ਹੀ ਹੈ। ਵਾਸਤਵ ਵਿਚ ਸਾਰੀ ਮਾਨਵਤਾ ਇਕੋ ਉਦੇਸ਼ ਪ੍ਰਾਪਤੀ ਲਈ ਕੰਮ ਕਰ ਰਹੀ ਹੈ ਉਹ ਹੈ, ਅੰਤਰ ਅਨੰਦ। ਮਨੁਖ ਪ੍ਰਾਕ੍ਰਿਤੀ ਦਾ ਪੂਰੀ ਕਾਇਨਾਤ ਦਾ ਹੀ ਇਕ ਭਾਗ ਹੈ, ਪ੍ਰਾਕ੍ਰਿਤੀ ਤੋਂ ਵੱਖ ਹੋ ਕੇ ਦੂਰ ਹੋ ਕੇ ਮਨੁਖ ਨਹੀਂ ਰਹਿ ਸਕਦਾ, ਨਹੀਂ ਜੀ ਸਕਦਾ। ਹਉਮੈ ਦੇ ਅਧੀਨ ਹੋ ਕੇ ਮਨੁਖ ਨੇ ਆਪਣੀ ਹੋਂਦ ਵਖਰੀ ਬਣਾ ਲਈ ਹੈ, ਹੈ ਤਾਂ ਉਹ ਜੁੜਿਆਂ ਹੋਇਆ। ਇਹ ਉਸ ਦੀ ਅਗਿਆਨਤਾ ਦਾ ਹੀ ਭਰਮ ਹੈ। ਆਪਣੇ ਆਪ ਨੂੰ ਸੰਮਪੂਰਨਤਾ ਤੋਂ ਵੱਧ ਕਰਕੇ, ਵਿਸ਼ਵ ਸਤਿ ਤੋਂ ਦੂਰ ਹੋਣਾ ਹੀ ਦੁਖ ਸੰਤਾਪ ਦਾ ਵੱਡਾ ਕਾਰਣ ਹੈ। ਇਕ ਪਾਸੇ ਤਾਂ ਹਉਮੈ ਦਾ ਪਰਦਾ ਹੈ, ਦੂਸਰੇ ਪਾਸੇ ਅੰਦਰ ਦੀ ਸਚਾਈ, ਆਤਮਾ ਹਨ ਸਮੇਂ ਸੰਪੂਰਨਤਾ ਵਲ ਖਿਚਦੀ ਹੈ। ਕੁਦਰਤ ਵਿਚ ਵੀ ਸੰਪੂਰਨਤਾ ਹੈ। ਪ੍ਰਕ੍ਰਿਤੀ ਦੇ ਭਾਗ ਸੰਪੂਰਨਤਾ ਦੇ ਭਾਗ ਸੰਪੂਰਨਤਾ ਵਲ ਖਿਚੇ ਜਾਂਦੇ ਹਨ ਮਨੁਖ ਸੰਪੂਰਨਤਾ ਵਲ ਖਿਚਿਆ। ਬਾਹਰੀ ਪਾਸਾ ਅੰਤਰ ਖਿਚਿਆਂ ਜਾ ਰਿਹਾ ਹੈ, ਦ੍ਰਿਸ਼ਟ ਅਦ੍ਰਿਸ਼ਟ ਵਲ ਖਿਚਿਆਂ ਜਾ ਰਿਹਾ ਹੈ। ਇਕ ਸ਼ਕਤੀ ਹੈ ਜਿਹੜੀ ਪੂਰਾ-ਪੂਰਾ ਸੰਤੁਲਨ ਰਖਦੀ ਹੈ, ਇਕਸਾਰਤਾ, ਇਕਸੁਰਤਾ ਰਖਦੀ ਹੈ। ਇਹੋ ਹੀ ਸ਼ਕਤੀ ਦੋਨੋਂ ਪਾਸੇ ਭਾਵ ਅੰਦਰ ਦੇ ਬਾਹਰ ਦੀ ਸ਼ਕਤੀ ਨੂੰ ਪ੍ਰੇਰਦੀ ਹੈ, ਦ੍ਰਿਸ਼ਟ ਅਦ੍ਰਿਸ਼ਟ ਨੂੰ ਪ੍ਰੇਰਦੀ ਹੈ ਇਸ ਅਸੀਮ ਸ਼ਕਤੀ ਤੋਂ infinite ਸ਼ਕਤੀ ਤੋਂ ਹੀ ਇਹ ਬਹੁਮੁਖੀ ਸੰਸਾਰ ਆਪਣੀ ਪੁਸ਼ਟਕਾਰਿਤਾ ਲੈਂਦਾ ਹੈ। ਉਸ ਅਸੀਮ ਇਲਾਹੀ ਸ਼ਕਤੀ ਦਾ ਅੰਮ੍ਰਿਤ ਪੀ ਕੇ ਤੁਸੀਂ ਅਮਰ ਹੁੰਦੇ ਹੋ। ਉਸ ਅਸੀਮ ਇਲਾਹੀ ਸ਼ਕਤੀ ਦਾ ਅੰਮ੍ਰਿਤ ਪੀ ਕੇ ਤੁਸੀਂ ਅਮਰ ਹੁੰਦੇ ਹੋ। ਇਸ ਅਜਰ, ਅਮਰ ਅੰਮ੍ਰਿਤ ਦਾ ਅਨੁਭਵ ਕਰਨ ਲਈ ਤੁਹਾਨੂੰ ਦ੍ਰਿਸ਼ਟ, ਅਦ੍ਰਿਸ਼ਟ ਦੇ ਅੰਦਰ ਜਾਣਾ ਪੈਂਦਾ ਹੈ। ਬ੍ਰਹਮਗਿਆਨੀਆਂ, ਰਿਸ਼ੀਆਂ-ਮੁਨੀਆਂ ਦਾ ਦੱਸਿਆ ਯੋਗ ਦਾ ਮਾਰਗ ਜਿਹੜਾ ਉਪਨਿਸ਼ਦਾਂ ਵਿਚ ਦਸਿਆਂ ਗਿਆ ਹੈ, ਉਹ ਹੀ ਇਕ ਤਰੀਕਾ ਪੂਰਨ ਸਤਿ ਦੇ ਅੰਦਰ ਪ੍ਰਵੇਸ਼ ਕਰਨ ਦਾ ਹੈ।

ਬਹੁਤ ਪਹਿਲਾਂ ਵਿਅਕਤੀਗਤ ਗਿਆਨ, ਵਿਅਕਤੀਗਤ ਚਾਨਣ, ਜੀਵਨ ਦਾ ਸਭ ਤੋਂ ਉਤਮ ਉਦੇਸ਼ ਮੰਨਿਆਂ ਜਾਂਦਾ ਸੀ। ਉਨ੍ਹਾਂ ਦਿਨਾਂ ਵਿਚ ਇਸ ਉਦੇਸ਼ ਦੀ ਪ੍ਰਾਪਤੀ ਠੀਕ ਸੀ ਕਿਉਂਕਿ ਲੋਕ ਆਪਣਾ ਜੀਵਨ ਆਪਣਾ ਕੰਮ ਬਹੁਤਾ ਆਪ ਹੀ ਕਰ ਸਕਦਾ ਸੀ। ਅੱਜ ਦੇ ਸਾਧਨ ਨਹੀਂ ਸੀ, ਕਿਸੇ ਤਰ੍ਹਾਂ ਦੀ ਕੋਈ ਖਬਰ ਨਹੀਂ ਸੀ, ਕੋਈ ਵੀ ਖਬਰ ਛੇਤੀ ਨਾਲ ਪਤਾ ਨਹੀਂ ਸੀ ਲਗਦੀ। ਇਸ ਕਾਰਣ ਲੋਕ ਇਕ ਦੂਸਰੇ ਦੀਆਂ ਸਮੱਸਿਆਵਾਂ ਤੋਂ ਨਾ ਜਾਣੂ ਹੁੰਦੇ ਸੀ, ਨਾ ਹੀ ਉਨ੍ਹਾਂ ਉਤੇ ਕੋਈ ਅਸਰ ਪੈਂਦਾ ਸੀ ਪਰ ਆਵਾਜਾਈ ਦੇ ਸਾਧਨ ਹੋਰ ਗਿਆਨ ਸੰਚਾਰ ਸਾਧਨ ਨੇ ਸਭ ਕੁਝ ਬਦਲ ਦਿਤਾ ਹੈ। ਹਰ ਖਬਰ ਛੇਤੀ ਹੀ ਫੈਲ ਜਾਂਦੀ ਹੈ, ਅੱਜ ਦੀ ਆਰਥਕ ਦਸ਼ਾ ਨੇ ਮਨੁਖਾਂ ਨੂੰ ਇਕ ਦੂਸਰੇ ਤੇ ਨਿਰਭਰ ਕਰ ਦਿਤਾ ਹੈ, ਸਮਾਜ ਦੇ ਕਿਸੇ ਭਾਗ ਦਾ ਦੁਖ ਛੇਤੀ ਹੀ ਸਭ ਦਾ ਦੁਖ ਬਣ ਜਾਂਦਾ ਹੈ ਕਿਉਂਕਿ ਅੱਜ ਦੇ ਹਾਲਾਤ ਬਦਲ ਗਏ ਹਨ। ਅੱਜ ਦੀ ਆਰਥਕ ਦਸ਼ਾ ਨੇ ਸਭ ਨੂੰ ਇਕ ਦੂਸਰੇ ਤੇ ਨਿਰਭਰ ਬਣਾ ਦਿਤਾ ਹੈ। ਇਕ ਦਾ ਦੋਖ ਸਭ ਦਾ ਦੁਖ ਬਣ ਜਾਂਦਾ ਹੈ। ਅੱਜ ਦੇ ਸਮੇਂ ਸਾਨੂੰ ਸਭ ਦੇ ਭਲੇ ਦਾ ਸੋਚਣਾ ਚਾਹੀਦਾ ਹੈ, ਅੱਜ ਦੇ ਮਜ਼ਹਬ ਮਾਨਵਤਾ ਦਾ ਮਾਰਗ ਦਰਸ਼ਨ ਨਹੀਂ ਕਰ ਸਕਦੇ ਕਿਉਂਕਿ ਹਰ ਇਕ ਮਜ਼ਹਬ ਛੋਟੇ-ਛੋਟੇ ਟੁਕੜਿਆਂ ਵਿਚ, ਥੋੜ੍ਹੇ-ਥੋੜ੍ਹੇ ਲੋਕਾਂ ਵਿਚ ਵੰਡਿਆ ਹੋਇਆਂ ਹੈ। ਸਾਨੂੰ ਲੋੜ ਹੈ ਵਿਸ਼ਵ ਮਜ਼ਹਬ ਦੀ ਜਿਹੜਾਂ ਸਾਰਿਆਂ ਲਈ ਸਾਂਝਾ ਹੋਵੇ ਸਾਰਿਆਂ ਉਤੇ ਲਾਗੂ ਹੋਵੇ। ਇਹੋ ਜਿਹੇ ਵਿਸ਼ਵ ਮਜ਼ਹਬ ਨਾਲ ਅਸੀਂ, ਸਮਾਨਤਾ, ਨਿਆ ਅਤੇ ਸੁਤੰਤਰਤਾ ਲਈ ਸੰਘਰਸ਼ ਕਰ ਸਕਦੇ ਹਾਂ। ਵਿਸ਼ਵ ਮਜ਼ਹਬ ਨੂੰ ਲੈ ਕੇ ਅਸੀਂ ਵਿਅਕਤੀਗਤਿ ਅਤੇ ਸਮਾਜਿਕ ਡਿਊਟੀਆਂ ਨੂੰ ਦੇਖ ਸਕਦੇ ਹਾਂ। ਸਭਿਅਤਾ ਦੀ ਅਗਲੀ ਪੌੜੀ ਚੜ੍ਹਨ ਤੋਂ ਪਹਿਲਾਂ ਸਾਨੂੰ ਮਜ਼ਹਬ ਦੇ ਛੋਟੇ-ਛੋਟੇ ਝਗੜਿਆਂ ਤੋਂ ਉਪਰ ਉਠਣਾ ਅਵਸ਼ਕ ਹੈ।

ਸੰਸਾਰ ਦੇ ਸਾਰੇ ਮਜ਼ਹਬਾਂ ਦੇ ਅਵਤਾਰ ਹੋਏ ਹਨ ਸਾਰਾ ਸੰਸਾਰ ਇਸ ਗੱਲ ਨੂੰ ਮੰਨਦਾ ਹੈ, ਇਹ ਅਵਤਾਰ ਮਸੀਹਾ ਬਣੇ ਹਨ, ਸੰਸਾਰ ਨੂੰ ਬਚਾਉਣ ਵਾਲੇ ਬਣੇ ਹਨ। ਇਹੋ ਜਿਹੀ ਧਾਰਨਾ ਸਾਡੀ ਸੰਸਾਰਕ ਦ੍ਰਿਸ਼ਟੀ ਸੀਮਤ ਕਰ ਦਿੰਦੀ ਹੈ, ਮਾਨਵਤਾ ਨੂੰ ਪ੍ਰਮਾਤਮਾ ਦੇ ਨਾਂ ਤੇ ਵੰਡ ਕੇ ਰਖ ਦਿੰਦੀ ਹੈ। ਪ੍ਰਮਾਤਮਾ ਨੂੰ ਮਨੁੱਖ ਦੇ ਰੂਪ ਵਿਚ ਦੇਖਣ ਨਾਲ ਸਾਨੂੰ ਹਰ ਮਨੁਖ ਵਿਚ ਪ੍ਰਮਾਤਮਾ ਦਾ ਅਨੁਭਵ ਨਹੀਂ ਹੁੰਦਾ ਇਸੇ ਕਾਰਣ ਅਸੀਂ ਆਪਣੇ ਭੈਣ ਭਰਾਵਾਂ ਦਾ ਆਦਰ ਭਾਓ ਨਹੀਂ ਕਰਦੇ, ਜੇਕਰ ਉਹ ਸਾਰੇ ਪ੍ਰਮਾਤਮਾ ਨੂੰ ਨਹੀਂ ਮੰਨਦੇ। ਇਹ ਤਾਂ ਅਗਿਆਨ ਹੈ ਜੇ ਅਸੀਂ ਇਕ ਆਕਾਰ

ਨੂੰ ਰੂਪ ਨੂੰ ਰੱਬ ਮੰਨ ਕੇ ਦੂਸਰੇ ਨੂੰ ਨਹੀਂ ਮੰਨਦੇ, ਸਭ ਦਾ ਪ੍ਰਮਾਤਮਾ ਨਹੀਂ ਮੰਨਦੇ। ਮੰਦਭਾਗਾਂ ਨਾਲ, ਬਹੁਤ ਸਾਰਿਆਂ ਨਾਲ ਇਹੋ ਕੁਝ ਹੀ ਹੁੰਦਾ ਰਿਹਾ ਹੈ। ਮਨੁਖਤਾ ਦੇ ਭਾਗ ਤਾਂ ਇਸ ਗੱਲ ਵਿਚ ਹਨ ਕਿ ਪ੍ਰਮਾਤਮਾ ਦਾ ਅਨੁਭਵ 'ਮੇਰੇ ਪ੍ਰਮਾਤਮਾ' 'ਤੇਰੇ ਪ੍ਰਮਾਤਮਾ' ਉਸ ਦੇ ਪ੍ਰਮਾਤਮਾ ਤੋਂ ਅੱਗੇ ਕਿਤੇ ਜਾਣੇ, ਵਿਸ਼ਵ ਪ੍ਰਭੂ ਦਾ ਅਨੁਭਵ ਹੋਵੇ।

ਦੇਵਤਾ ਬਣਨ ਤੋਂ ਪਹਿਲਾਂ ਸ੍ਰੇਸ਼ਟ ਬਣਨ ਤੋਂ ਪਹਿਲਾਂ ਲੋੜ ਹੈ ਪੂਰੀ ਤਰ੍ਹਾਂ ਨਾਲ ਵਿਸਤ੍ਰਿਤ ਹੋਣ ਦੀ, ਸੰਪੂਰਨ ਹੋਣ ਦੀ। ਮਾਨਵਤਾ ਨੂੰ ਲੋੜ ਹੈ ਸਾਡੇ ਪਿਆਰ ਦੀ, ਸਾਡੀ ਸੰਭਾਲ ਕਰਨ ਦੀ। ਇਕ ਸੱਚਾ ਸੁੱਚਾ ਮਨੁਖ ਬਣਨ ਲਈ ਪਿਆਰ ਸਭ ਤੋਂ ਵੱਡੀ ਲੋੜ ਹੈ। ਸਾਰੇ ਵੱਡੇ ਆਦਰਸ਼, ਸਕਾਰਾਤਮਕ ਮਨੋਵਿਰਤੀਆਂ, ਰਚਨਾਤਮਕ ਤਾਕਤਾਂ ਉਦੋਂ ਹੀ ਮਨ ਦੇ ਅੰਦਰ ਆਉਂਦੀਆਂ ਹਨ ਜਦੋਂ ਤੁਸੀਂ ਸੱਚੇ-ਸੁੱਚੇ ਮਨੁਖ ਬਣ ਜਾਂਦੇ ਹੋ, ਉਥੋਂ ਹੀ ਸਾਡਾ ਰੂਪ ਪਰਿਵਰਤਨ ਹੁੰਦਾ ਹੈ। ਫੇਰ ਇਕ ਦਿਨ ਪ੍ਰਮਾਤਮਾ ਅੰਦਰ ਪ੍ਰਗਟ ਹੋ ਜਾਂਦਾ ਹੈ।

ਸਾਰੇ ਮਜ਼ਹਬਾਂ ਦਾ ਉਦੇਸ਼ ਸੱਚ ਹੈ। ਉਦੇਸ਼ ਸਾਰਿਆਂ ਦਾ ਇਕ ਹੀ ਹੈ, ਮਾਰਗ ਭਾਵੇਂ ਸਭ ਦੇ ਵੱਖ-ਵੱਖ ਹਨ ਕਿਸੇ ਵੀ ਮਾਰਗ ਤੇ ਚਲ ਕੇ ਤੁਸੀਂ ਉਦੇਸ਼ ਪ੍ਰਾਪਤੀ ਕਰ ਸਕਦੇ ਹੋ, ਪਰ ਮਾਰਗ ਤੋਂ ਸ਼ਾਂਤੀ ਕੋਈ ਪ੍ਰਾਪਤ ਨਹੀਂ ਕਰ ਸਕਦਾ। ਸ਼ਾਂਤੀ ਤਾਂ ਸਤਿ ਨੂੰ ਅਨੁਭਵ ਕਰਕੇ ਹੀ ਪ੍ਰਾਪਤ ਹੁੰਦੀ ਹੈ। ਅਗਿਆਨ ਦੇ ਕਾਰਣ ਲੋਕਾਂ ਨੇ ਨਫਰਤ, ਈਰਖਾ, ਭੇਦਭਾਵ ਨੂੰ, ਰੰਗ ਸੰਪਰਦਾਇ ਨੂੰ ਮਜ਼ਹਬ ਵਿਚ ਰਲਾ ਲਿਆ ਹੈ। ਇਹੋ ਜਿਹੀਆਂ ਮਨੋਬਿਰਤੀਆਂ ਕਿਸ ਤਰ੍ਹਾਂ ਮਜ਼ਹਬ ਦਾ ਆਧਾਰ ਹੋ ਸਕਦੀਆਂ ਹਨ? ਜੇਕਰ ਇਹੋ ਜਿਹੀਆਂ ਮਨੋਬਿਰਤੀਆਂ ਮਜ਼ਹਬ ਦਾ ਆਧਾਰ ਹਨ ਫੇਰ ਇਹੋ ਜੇਹਾ ਮਜ਼ਹਬ ਮਾਨਵਤਾ ਦਾ ਵਿਕਾਸ ਕਿਸ ਤਰ੍ਹਾਂ ਕਰ ਸਕਦਾ ਹੈ? ਮਨੁਖਤਾ ਦਾ ਧਰਮ ਮਨੁਖਤਾ ਨੂੰ ਮਿਲ ਕੇ ਰਹਿਣ ਦਾ, ਸ਼ਾਂਤੀ ਨਾਲ ਇਕ ਸੁਰ ਹੋ ਕੇ ਰਹਿਣ ਲਈ ਪ੍ਰੇਰਦਾ ਹੈ। ਉਸ ਧਰਮ ਨੂੰ (ਵਾਸਤਵ ਵਿਚ ਧਰਮ ਜੀਉਣ ਦਾ ਤਰੀਕਾ ਹੈ ਮਜ਼ਹਬ ਨਹੀਂ ਧਰਮ ਹੈ ਇਕ ਤਰ੍ਹਾਂ code of conduct ਹੈ। ਇਸ ਧਰਮ ਲਈ ਇਕ ਵਿਸ਼ਵ ਮਜ਼ਹਬ ਦੀ ਲੋੜ ਹੈ, ਮਨੁਖ ਨੂੰ ਸਮਾਜ ਨੂੰ ਆਪਣੇ ਸੁਆਰਥ ਤੋਂ, ਛੋਟੇਪਨ ਤੋਂ ਤੰਗਦਿਲੀ ਤੋਂ ਸੁਤੰਤਰ ਹੋਣਾ ਪਵੇਗਾ। ਇਕ ਵਾਰੀ ਜਦੋਂ ਮਨੁਖ ਆਪਣਾ ਦ੍ਰਿਸ਼ਟੀਕੋਣ ਵਿਸਤ੍ਰਿਤ ਕਰ ਲੈਂਦਾ ਹੈ, ਸਮਾਨਤਾ ਲੈ ਆਉਂਦਾ ਹੈ, ਆਪਸੀ ਮਤਭੇਦ ਖਤਮ ਕਰ ਦਿੰਦਾ ਹੈ, ਉਤਮ ਸਤਿ ਦੀ ਖੋਜ ਕਰਦਾ ਹੈ, ਫੇਰ ਉਹ ਆਪਣੇ ਆਪ ਨੂੰ ਕੇਵਲ ਹਿੰਦੂ, ਮੁਸਲਮਾਨ, ਸਿਖ, ਈਸਾਈ, ਯਹੂਦੀ ਹੀ ਨਹੀਂ ਰਹਿ ਜਾਂਦਾ, ਉਪਰ ਉਠ ਜਾਂਦਾ ਹੈ, ਇਕ ਅੱਛਾ ਸ੍ਰੇਸ਼ਟ ਇਨਸਾਨ ਬਣ ਜਾਂਦਾ ਹੈ।

ਸੁਆਰਥ, ਸੁਆਰਥੀ ਹੋਣਾ ਸਾਰੀਆਂ ਬੁਰਾਈਆਂ ਦੀ ਜੜ੍ਹ ਹੈ। ਜਦੋਂ ਤਕ ਮਨੁਖ ਦੇ ਅੰਦਰ ਸੁਆਰਥ ਹੈ, ਸ਼ਾਂਤੀ, ਖੁਸ਼ੀ ਜੀਵਨ ਵਿਚ ਆ ਹੀ ਨਹੀਂ ਸਕਦੀ। ਅਧਿਆਤਮਕ ਅਭਿਆਸ, ਸਮਾਜ ਵਿਚ ਏਕੀਕਰਣ ਲਿਆਉਣ ਲਈ ਕੋਸ਼ਿਸ਼ ਬੇਅਰਥ ਹੈ ਜੇਕਰ ਅਸੀਂ ਸੁਆਰਥ ਨਹੀਂ ਖਤਮ ਕਰ ਸਕਦੇ। ਸੁਆਰਥੀ ਹੋਣਾ ਸੰਸਾਰਕ ਲੋਕਾਂ ਲਈ ਵੀ ਐਨਾ ਹੀ ਮਾੜਾ ਹੈ ਜਿੰਨਾਂ ਸੰਨਿਆਸੀਆਂ ਲਈ, ਪੰਡਤਾਂ ਪ੍ਰਚਾਰਕਾਂ ਲਈ। ਪਿਆਰ ਆਪਣੇ ਅੰਦਰ ਪੈਦਾ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ, ਪਿਆਰ ਤੁਹਾਡੇ ਸੁਆਰਥ ਦੇ ਹੁੰਦਿਆਂ ਰਹਿ ਹੀ ਨਹੀਂ ਸਕਦਾ। ਮਨੁੱਖ ਦੇ ਅੰਦਰ ਤਿੰਨ ਅੰਤਰੀਵ ਗੁਣ ਹਨ ਦੇਵਤਾ ਹੋਣਾ, ਮਨੁਖ ਹੋਣਾ, ਪਸ਼ੂ ਹੋਣਾ। ਪਸ਼ੂ ਆਪਣੀਆਂ ਇੰਦ੍ਰੀਆਂ ਦੇ ਅਧੀਨ ਹਨ ਇੰਦ੍ਰੀਆਂ ਦਾ ਕਾਬੂ ਕਰਨਾ, ਕੰਟਰੋਲ ਕਰਨਾ, ਅਨੁਸ਼ਾਸ਼ਨ ਰਖਣਾ, ਇਹ ਮਾਨਵਤਾ ਦੇ ਗੁਣ ਹਨ। ਇਕ ਵਾਰੀ ਜਦੋਂ ਮਾਨਵਤਾ ਦੇ ਗੁਣ ਜਾਗ ਪੈਂਦੇ ਹਨ, ਮਨੁਖ ਦੀ ਸੋਚਣੀ, ਕਥਨੀ, ਕਰਨੀ ਵਿਚ ਇਹ ਗੁਣ ਪ੍ਰਗਟ ਹੋ ਜਾਂਦੇ ਹਨ। ਮਨੁੱਖ ਹੌਲੀ-ਹੌਲੀ, ਸ੍ਰੇਸ਼ਟ ਬਣ ਜਾਂਦਾ ਹੈ। ਜੇਕਰ ਮਨੁਖ ਆਪਣੀਆਂ ਸਾਰੀਆਂ ਸ਼ਕਤੀਆਂ ਇੰਦ੍ਰੀਆਂ ਦੇ ਸੁਖ ਭੋਗਣ ਤੇ ਲਗਾ ਦੇਵੇ, ਸਵੈ ਕੇਂਦਰਿਤ ਹੋ ਜਾਵੇ ਉਹ ਅਗਿਆਨ ਹਨ੍ਹੇਰੇ ਵਿਚ ਪੈ ਜਾਵੇ ਇਹੋ ਜਿਹਾ ਮਨੁੱਖ ਪਸ਼ੂ ਦੇ ਬਰਾਬਰ ਹੀ ਹੁੰਦਾ ਹੈ।

ਸਾਡੇ ਵਿਕਾਸ ਦਾ ਇਕ ਹੋਰ ਮਹੱਤਵਪੂਰਣ ਕਾਰਣ ਹੈ, ਦੂਸਰਿਆਂ ਨੂੰ ਚੰਗੀ ਤਰ੍ਹਾਂ ਨਾਲ ਸਮਝ ਲੈਣਾ, ਕਿਸੇ ਵੀ ਇਨਸਾਨ ਬਾਰੇ, ਸਿਧਾਂਤ ਬਾਰੇ, ਅਭਿਆਸ ਬਾਰੇ ਏਸ ਤੋਂ ਪਹਿਲਾਂ ਕਿ ਅਸੀਂ ਕੁਛ ਕਹੀਏ ਜਾਂ ਕਿਸੇ ਨਤੀਜੇ ਤੇ ਪਹੁੰਚੀਏ ਸਾਨੂੰ ਆਪਣੇ ਆਪ ਨੂੰ ਕਿਸੇ ਵੀ ਪੱਖਪਾਤ ਤੋਂ ਪੂਰਬ ਧਾਰਨਾ ਤੋਂ ਮੁਕਤ ਰਹਿਣਾ ਚਾਹੀਦਾ ਹੈ, ਭਾਵੇਂ ਕਿਸੇ ਦੇ ਵਿਚਾਰ ਕਿੰਨੇ ਹੀ ਚੰਗੇ ਕਿਉਂ ਨਾ ਹੋਣ, ਅਸੀਂ ਓਨਾਂ ਕਦੀ ਵੀ ਚੰਗੀ ਤਰ੍ਹਾਂ ਨਹੀਂ ਸਮਝਾ ਸਕਾਂਗੇ, ਜੇ ਸਾਡੇ ਅੰਦਰ ਕਿਸੇ ਵੀ ਤਰ੍ਹਾਂ ਦਾ ਪੱਖਪਾਤ ਹੋਵੇਗਾ। ਸਤਿ ਨੂੰ ਪਕੜਨ ਲਈ, ਉਸ ਦੀ ਪਵਿਤਰਤਾ ਤਕ ਪਹੁੰਚਣ ਲਈ ਉਸ ਦੀ ਪੂਰਨਤਾ ਤਕ ਪਹੁੰਚਣ ਲਈ, ਮਨ, ਬੁੱਧੀ ਸ਼ੁੱਧ ਹੋਣੇ ਚਾਹੀਦੇ ਹਨ। ਇਹੋ ਜਿਹੀ ਸ਼ੁਧਤਾ ਉਦੋਂ ਹੀ ਆਉਂਦੀ ਹੈ ਜਦੋਂ ਤੁਹਾਡੇ ਅੰਦਰ ਸਤਿ ਨੂੰ ਜਾਨਣ ਦੀ ਅਤਿ ਤੀਬਰ ਇੱਛਾ ਹੋਵੇ। ਕੋਈ ਵੀ ਬੁੱਧੀ ਜਦੋਂ ਪੂਰਬ ਧਾਰਨਾ ਬਣਾ ਲਵੇਗੀ, ਮੋਹ ਵਿਚ ਫਸੀ ਹੋਵੇਗੀ, ਕਿਸੇ ਤਰ੍ਹਾਂ ਦੇ ਦ੍ਵੈਸ਼ ਅੰਦਰ ਹੋਵੇਗੀ, ਸੰਦੇਹ ਵਿਚ ਹੋਵੇਗੀ, ਉਹ ਕਿਸੇ ਵੀ ਸਿਧਾਂਤ ਨੂੰ ਪਕੜ ਨਹੀਂ ਸਕੇਗੀ। ਇਕ ਸੰਦੇਹ ਭਰੀ ਬੁੱਧੀ, ਇਕ ਵਿਸ਼ਈ ਬੁੱਧੀ ਹਰ ਤਰ੍ਹਾਂ ਦਾ ਤਰਕ, ਹਰ ਤਰ੍ਹਾਂ ਦੀ ਦਲੀਲ ਆਪਣੇ ਪੱਖਪਾਤ ਦੇ ਹੱਕ ਵਿਚ ਦੇਵੇਗਾ, ਆਪਣਾ ਵਿਚਾਰ ਸਿੱਧ ਕਰਨ ਦਾ ਜਤਨ ਕਰੇਗਾ। ਉਹ ਮਨੁੱਖ ਜਿਹੜਾ ਆਪਣੇ ਵਿਰੋਧੀਆਂ ਦਾ ਵਿਚਾਰ ਸੁਣਦਾ ਹੈ, ਵਿਸ਼ਲੇਸ਼ਨ ਕਰਦਾ ਹੈ, ਬਿਲਕੁਲ ਨਿਰਪੱਖ ਰਹਿੰਦਾ ਹੈ, ਉਹ ਹੀ ਇਕ ਸੱਚਾ ਖੋਜੀ ਹੁੰਦਾ ਹੈ। ਉਸ ਕੋਲ ਹੀ ਸ਼ੁਧ ਬੁੱਧੀ ਹੁੰਦੀ ਹੈ ਉਹ ਹੀ ਰਚਨਾਤਮਕ ਹੁੰਦਾ ਹੈ, ਠੀਕ ਨਤੀਜੇ ਤੇ ਪਹੁੰਚਦਾ ਹੈ। ਆਪਣੇ ਵਿਚਾਰਾਂ ਨੂੰ ਸ਼ੁੱਧ ਕਰਨ ਦਾ ਇਕ ਮਾਤਰ ਇਹ ਹੀ ਤਰੀਕਾ ਹੈ, ਵਿਚਾਰ ਸ਼ੁੱਧ ਹੋਣ ਨਾਲ ਹੀ ਬਾਣੀ ਤੇ ਕਰਨੀ ਸ਼ੁੱਧ ਹੁੰਦੀ ਹੈ। ਇਸ ਤਰ੍ਹਾਂ ਦੀ ਸ਼ੁੱਧਤਾ ਤੋਂ ਬਿਨਾਂ ਮਨੁਖ ਦੂਸਰਿਆਂ ਲਈ ਪਿਆਰ, ਸਮਾਨਤਾ ਨਹੀਂ ਦਰਸਾ ਸਕਦਾ। ਕਿਸੇ ਵੀ ਅਧਿਆਤਮਕ ਜਾਂ ਮਜ਼ਹਬ ਦੇ ਅਭਿਆਸ ਲਈ ਹਿਰਦੇ ਦੀ ਸ਼ੁਧਤਾ ਅਤਿ ਅਵਸ਼ਕ

ਹੈ। ਮੰਤਰਾਂ ਦਾ ਜਾਪ, ਗਰੀਬੀ ਦਾਵੇ ਦਾ ਰਹਿਣਾ, ਜੀਵਨ, ਗ੍ਰੰਥ ਦਾ ਅਧਿਐਨ ਪੁੰਨ ਦਾਨ ਇਹ ਸਭ ਬੇਅਰਥ ਹਨ ਜੇ ਤੁਹਾਡਾ ਮਨ ਸ਼ੁੱਧ ਨਹੀਂ, ਬੁੱਧੀ ਸ਼ੁੱਧ ਨਹੀਂ। ਅੰਦਰ ਦੀ ਸ਼ੁਧਤਾ ਤੋਂ ਬਿਨਾਂ ਬਾਹਰ ਦੀ ਸਫਾਈ ਵੀ ਵਿਅਰਥ ਹੈ, ਬੇਮਾਇਨੀ ਹੈ। ਇਕ ਵਾਰੀ ਜਦੋਂ ਮਨੁਖ ਆਪਣਾ ਹਿਰਦਾ ਸ਼ੁੱਧ ਕਰ ਲੈਂਦਾ ਹੈ, ਬਾਹਰੀ ਜੀਵਨ ਸੰਸਾਰਕ ਜੀਵਨ ਆਪਣੇ ਆਪ ਹੀ ਠੀਕ ਹੋ ਜਾਂਦਾ ਹੈ। ਫੇਰ ਮਨੁਖ ਮੋਹ ਤੋਂ, ਨਫਰਤ ਤੋਂ ਈਰਖਾ ਤੋਂ ਮੁਕਤ ਹੋ ਜਾਂਦਾ ਹੈ। ਫੇਰ ਮਨੁਖ ਹਰ ਟੱਕਰਾਂ, ਹਰ ਵਿਰੋਧ, ਖੰਡਨ ਤੋਂ ਉਪਰ ਉਠ ਜਾਂਦਾ ਹੈ। ਸ਼ਾਂਤੀ, ਇਕਸਾਰਤਾ ਉਸ ਦੇ ਅੰਦਰੋਂ ਨਿਕਲਦੀ ਹੈ। ਉਹ ਆਪਣੇ ਅੰਦਰ ਪ੍ਰਸੰਨ ਹੈ, ਦੂਸਰਿਆਂ ਨੂੰ ਵੀ ਖੁਸ਼ੀ ਪ੍ਰਦਾਨ ਕਰਦਾ ਹੈ।

ਇਲਾਹੀ ਗੁਣ, ਪਿਆਰ, ਹਮਦਰਦੀ, ਉਦਾਰਤਾ, ਨਿਰਸੁਆਰਥੀ ਮਨੁਖ ਦੇ ਅੰਦਰ ਹੀ ਪੈਦਾ ਹੁੰਦੀਆਂ ਹਨ ਇਹ ਸਾਰੇ ਗੁਣ ਅਧਿਆਤਮਕ ਅਭਿਆਸ ਦਾ ਹੀ ਭਾਗ ਹਨ। ਮਜ਼ਹਬ, ਨੈਤਿਕਤਾ, ਆਚਾਰ ਨਿਯਮ ਸਮਾਜ ਦੇ ਨਿਯਮ ਇਨ੍ਹਾਂ ਹੀ ਗੁਣਾਂ ਦੇ ਆਧਾਰ ਉਤੇ ਹਨ। ਇਹ ਗੁਣ ਮਨੁੱਖ ਦੈਵੀ, ਇਲਾਹੀ ਹੋਣ ਲਈ ਪ੍ਰੇਰਦੇ ਹਨ। ਵਾਸਤਵ ਵਿਚ ਉਦਾਰਤਾ, ਹਮਦਰਦੀ, ਨਿਰਸੁਆਰਥੀ ਹੋਣਾ ਤੇ ਹੋਰ ਬਹੁਤ ਸਾਰੇ ਗੁਣ, ਪਿਆਰ ਦੇ ਅਨੁਭਵ ਦੇ ਅੰਦਰ ਹੀ ਹਨ। ਇਹ ਇਕ ਅਸੂਲ ਹੈ ਤੁਸੀਂ ਪਿਆਰ ਦਿਓ, ਪਿਆਰ ਹੀ ਮਿਲਦਾ ਹੈ। ਜੋ ਵੀ ਆਪਣੀ ਸੋਚਣੀ, ਕਥਨੀ, ਕਰਨੀ ਵਿਚ ਅਹਿੰਸਾ ਦਾ ਅਭਿਆਸ ਕਰਦਾ ਹੈ ਉਹ ਪਿਆਰ ਦੇ ਪ੍ਰੇਮ ਦੇ ਮਾਰਗ ਉਤੇ ਹੀ ਚਲਦਾ ਹੈ। ਪ੍ਰੇਮ ਦੇ ਮਾਰਗ ਤੇ ਚੱਲਣ ਲਈ ਸਾਨੂੰ ਆਪਣੀਆਂ ਸਾਰੀਆਂ ਗਤੀਵਿਧੀਆਂ ਪ੍ਰਮਾਤਮਾ ਨੂੰ ਹੀ ਸਮਰਪਣ ਕਰਨੀਆਂ ਚਾਹੀਦੀਆਂ ਹਨ। ਮੈਂ ਤੇ ਮੇਰੀ ਦੀ ਥਾਂ ਹਉਮੈ ਦੀ ਥਾਂ ਪ੍ਰਮਾਤਮਾ ਚਾਹੀਦਾ ਹੈ। ਮੈਂ ਤੇ ਮੇਰੀ ਦੀ ਥਾਂ ਹਉਮੈ ਦੀ ਥਾਂ ਪ੍ਰਮਾਤਮਾ ਦੀ ਹਾਜ਼ਰੀ ਹੋਣੀ ਚਾਹੀਦੀ ਹੈ। ਉਸ ਅਸੀਮ ਸਰੋਤ ਤੋਂ ਹੀ ਅਸੀਂ ਸ਼ਕਤੀ ਲੈ ਸਕਦੇ ਹਾਂ, ਆਪਣੀਆਂ ਕਮਜ਼ੋਰੀਆਂ ਨੂੰ ਠੀਕ ਕਰ ਸਕਦੇ ਹਾਂ। ਸਰਬੱਤ ਦੇ ਭਲੇ ਲਈ ਕੰਮ ਕਰ ਸਕਦੇ ਹਾਂ, ਪ੍ਰਮਾਤਮਾ ਦੀ ਸ਼ਕਤੀ ਤੋਂ ਬਿਨਾਂ ਕ੍ਰਿਪਾ ਤੋਂ ਬਿਨਾਂ, ਬਾਕੀ ਦੀਆਂ ਸਾਰੀਆਂ ਸ਼ਕਤੀਆਂ ਖਿਲਰੀਆਂ ਰਹਿੰਦੀਆਂ ਹਨ ਦਿਸ਼ਾਹੀਣ ਰਹਿੰਦੀਆਂ ਹਨ।

ਉਪਰ ਲਿਖੇ ਗੁਣ ਮਨੁਖ ਬ੍ਰਹਮਗਿਆਨੀਆਂ ਦੀ ਸ਼ਰਨ ਵਿਚ ਲੈ ਜਾਂਦੇ ਹਨ। ਬ੍ਰਹਮਗਿਆਨੀਆਂ ਤੋਂ ਸਾਧੂਆਂ ਤੋਂ ਮਨੁਖ ਚਿੰਤਨ ਕਰਨਾ ਸਿੱਖ ਜਾਂਦਾ ਹੈ, ਮੈਡੀਟੇਸ਼ਨ ਕਰਨੀ ਸਿੱਖ ਜਾਂਦਾ ਹੈ। ਜਿਸ ਤਰ੍ਹਾਂ ਜਗਿਆਸੂ ਮਹਾਂਪੁਰਖਾਂ ਦੀ ਸਿਖਿਆਂ ਦਾ ਅਭਿਆਸ ਕਰਦਾ ਹੈ ਉਸ-ਉਸ ਤਰ੍ਹਾਂ ਉਸ ਦਾ ਅੰਦਰ ਵਿਕਸਿਤ ਹੁੰਦਾ ਜਾਂਦਾ ਹੈ ਉਸ ਦੀਆਂ ਸੰਯੁਕਤ ਕ੍ਰਿਆ ਪ੍ਰਗਟ ਹੋ ਜਾਂਦੀਆਂ ਹਨ। ਅੰਤ ਵਿਚ ਜਦੋਂ ਉਹ ਪੂਰਣਤਾ ਤੇ ਪਹੁੰਚਦਾ ਹੈ ਉਹ ਮਹਿਸੂਸ ਕਰਦਾ ਹੈ ਜੋ ਕੁਝ ਵੀ ਹੋਇਆ ਹੈ ਸ਼ੁਰੂ ਤੋਂ ਲੈ ਕੇ ਹੁਣ ਤਕ ਸਭ ਉਹ ਪ੍ਰਮਾਤਮਾ ਦੀ ਕ੍ਰਿਆ ਸੀ, ਪ੍ਰਭੂ ਪ੍ਰੇਰਤ ਹੀ ਸੀ। ਜਦੋਂ ਇਹ ਸਮਝ ਆ ਜਾਂਦੀ ਹੈ, ਮਨੁੱਖ ਪੂਰੀ ਤਰ੍ਹਾਂ ਪ੍ਰਭੂ ਸ਼ਰਨਾਗਤ ਹੋ ਜਾਂਦਾ ਹੈ, ਆਪਾ ਛੱਡ ਦਿੰਦਾ ਹੈ। ਜਦੋਂ ਇਕ ਵਾਰੀ ਸ਼ਰਨਾਗਤ ਹੋ ਜਾਂਦਾ ਹੈ ਉਸ ਦੀ ਮੈਂ ਤੇ ਮੇਰੀ ਖਤਮ ਹੋ ਕੇ ਪ੍ਰਭੂ ਦੀ ਮੈਂ ਵਿਚ ਜਾ ਮਿਲਦੀ ਹੈ ਭਾਵ ਉਹ ਪ੍ਰਮਾਤਮਾ ਨਾਲ ਇਕ ਹੋ ਜਾਂਦਾ ਹੈ।

*ਰਾਮ ਕਬੀਰਾ ਏਕ ਭਏ ਹੈ*
*ਕੋਇ ਨ ਸਕੈ ਪਛਾਨੀ ॥ ਅੰਗ - ੯੬੯*

ਵਿਸ਼ਵ ਸਾਰਾ ਪ੍ਰਮਾਤਮਾ ਹੀ ਦਿਸਦਾ ਹੈ, ਪ੍ਰਮਾਤਮਾ ਦੀ ਢੂੰਡ ਮੁਕ ਜਾਂਦੀ ਹੈ ਭਾਵ -

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥*
*ਆਤਮ ਪਸਾਰਾ ਕਰਣਹਾਰਾ*
*ਪ੍ਰਭ ਬਿਨਾ ਨਹੀ ਜਾਣੀਐ ॥ ਅੰਗ - ੮੪੬*

ਉਹ ਪ੍ਰਮਾਤਮਾ ਵਿਚ ਲੀਨ ਪ੍ਰਮਾਤਮਾ ਉਸ ਦੇ ਅੰਦਰ। ਵਿਸ਼ਵ ਉਸ ਦਾ ਭਾਗ, ਉਹ ਵਿਸ਼ਵ ਦਾ ਭਾਗ ਬਣ ਜਾਂਦੇ ਹਨ। ਇਸ ਪ੍ਰਾਪਤੀ ਵਾਲਾ ਸਭ ਨੂੰ ਪਿਆਰ ਕਰਦਾ ਹੈ, ਸਭ ਉਸ ਦੇ ਆਪਣੇ ਹਨ। ਅਹਿੰਸਾ ਪਿਆਰ ਦਾ ਪ੍ਰਗਟਾਵਾ ਹੈ, ਜਿਹੜੇ ਉਸ ਦੇ ਅੰਦਰੋਂ ਆਪ-ਮੁਹਾਰਾ ਨਿਕਲਦਾ ਹੈ। ਉਸ ਦੀਆਂ ਇੰਦ੍ਰੀਆਂ ਉਸ ਦਾ ਮਨ ਕਿਤੇ ਦੌੜਦਾ ਨਹੀਂ ਫਿਰਦਾ ਉਹ ਤਾਂ ਹੁਣ ਅੰਤਰ ਸਥਿਤ ਹੈ। ਗੁੱਸਾ, ਈਰਖਾ, ਨਫਰਤ ਉਸ ਦੇ ਅੰਦਰੋਂ ਬਿਲਕੁਲ ਖਤਮ ਹੋ ਜਾਂਦੇ ਹਨ। ਉਹ ਤਾਂ ਅੰਤਰ ਦੀਆਂ ਸ਼ਕਤੀਆ ਦਾ ਭੰਡਾਰ ਬਣ ਜਾਂਦਾ ਹੈ ਜੋ ਉਹ ਸੋਚਦਾ ਹੈ ਉਹ ਹੀ ਉਹ ਬੋਲਦਾ ਹੈ, ਉਹ ਹੀ ਕਰਮ ਉਹ ਕਰਦਾ ਹੈ। ਨਿਰਭੈ ਹੋ ਜਾਂਦਾ ਹੈ, ਅਹਿੰਸਾ ਦਾ ਅਭਿਆਸ ਕਰਦਾ ਹੈ। ਉਸ ਦੀ ਸੋਚਣੀ, ਕਥਨੀ, ਕਰਨੀ ਸਭ ਅਹਿੰਸਕ ਹੈ। ਉਸ ਦਾ ਜੀਵਨ ਇਕ ਮਿਸਾਲ ਬਣ ਜਾਂਦਾ ਹੈ।

ਅੱਜ ਦੇ ਇਸ ਸੰਸਾਰ ਅੰਦਰ ਤੁਸੀਂ ਉਦੋਂ ਹੀ ਸੁਖੀ ਹੋ ਸਕਦੇ ਹੋ, ਜਦੋਂ ਤੁਹਾਡੇ ਗੁਆਂਢੀ ਸੁਖੀ ਹੋਣ, ਅੱਜ ਦਾ ਸੰਸਾਰ ਛੋਟਾ ਹੋ ਚੁੱਕਾ ਹੈ, ਨੇੜੇ ਹੋ ਚੁੱਕਾ ਹੈ, ਅੱਜ ਦੇ ਆਵਾਜਾਈ ਦੇ ਸਾਧਨਾਂ ਨੇ ਗਿਆਨ ਸੰਚਾਰ ਨੇ ਸੰਸਾਰ ਬਹੁਤ ਨੇੜੇ ਕਰ ਦਿਤਾ ਹੈ। ਸਾਨੂੰ ਮਿਲ ਕੇ ਰਹਿਣਾ ਸਿਖਣਾ ਹੈ, ਸ਼ਾਂਤੀ ਲਿਆਉਣੀ ਹੈ, ਏਕਤਾ ਲਿਆਉਣੀ, ਪਿਆਰ ਪ੍ਰੇਮ ਪੈਦਾ ਕਰਨਾ ਹੈ, ਵਿਸ਼ਵ ਭਾਈਚਾਰਾ ਲਿਆਉਣਾ ਹੈ। ਸਾਰੇ ਸੰਸਾਰ ਨੂੰ ਇਕ ਪਰਿਵਾਰ ਦੀ ਤਰ੍ਹਾਂ ਰਹਿਣਾ ਹੈ, ਜਿਵੇਂ ਕਿ ਕਿਹਾ ਗਿਆ ਹੈ, 'ਵਾਸਦੇਵ ਕੁਟੰਬ' ਸਰਬੱਤ ਦਾ ਭਲਾ, ਸਾਰੇ ਸੰਸਾਰ ਦਾ ਭਲਾ ਹੀ ਮਾਨਵਤਾ ਦਾ ਭਲਾ ਹੈ। ਇਹ ਹੀ ਮਾਨਵਵਾਦ ਹੈ, ਮਾਨਵਤਾ ਹੈ।

(----)

# ਨਾਮ ਤੇ ਨਾਮ ਦਾ ਦਾਤਾ ਸਤਿਗੁਰੂ

*ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ*

## ੨.

(ੳ) ਕਈ ਸੱਜਣ ਗੁਰੂ ਗ੍ਰੰਥ ਸਾਹਿਬ ਵਿਚ ਜਿਥੇ ਕਿਤੇ ਨਾਮ ਦੇ ਨਾਲ 'ਧਾਰੇ' ਸ਼ਬਦ ਆਉਂਦਾ ਹੈ, ਉਸ ਦਾ ਅਰਥ ਵਿਆਪਕ ਦਾ ਲੈਂਦੇ ਹਨ, ਜੈਸਾ ਕਿ 'ਨਾਮ ਕੇ ਧਾਰੇ ਸਗਲੇ ਜੰਤ। ਨਾਮ ਕੇ ਧਾਰੇ ਖੰਡ ਬ੍ਰਹਮੰਡ।' ਆਦਿ। ਇਹਨਾਂ ਤੁਕਾਂ ਦਾ ਅਰਥ ਕਈ ਸੱਜਣ ਇਹ ਲੈਂਦੇ ਹਨ ਕਿ ਸਾਰੇ ਜੰਤਾਂ ਦਾ ਖੰਡਾਂ ਬ੍ਰਹਿਮੰਡਾਂ ਵਿਚ ਨਾਮ ਵਿਆਪ ਰਿਹਾ ਹੈ।

ਗੁਰਬਾਣੀ ਦੇ ਪਦ-ਅਰਥ ਦਾ ਨਿਰਣਾ ਗੁਰਬਾਣੀ ਦੁਆਰਾ ਹੀ ਕੀਤਾ ਜਾ ਸਕਦਾ ਹੈ। 'ਧਾਰੇ' ਪਦ ਗੁਰਬਾਣੀ ਅੰਦਰ ਕਿਨ੍ਹਾਂ ਅਰਥਾਂ ਵਿਚ ਵਰਤਿਆ ਗਿਆਂ ਹੈ ਤੇ ਏਸ ਦੀ ਬਿਵਸਥਾ ਕੀ ਹੈ? ਇਸ ਦੇ ਨਿਰਣਾ ਕਰਨ ਲਈ ਸਾਨੂੰ ਗੁਰਬਾਣੀ ਦੇ ਸ਼ਬਦਾਂ ਨੂੰ ਵਿਚਾਰਨਾ ਚਾਹੀਦਾ ਹੈ -

*ਸੁਨਹੁ ਬਿਨੰਤੀ ਠਾਕੁਰੁ ਮੇਰੇ ਜੀਅ ਜੰਤ ਤੇਰੇ ਧਾਰੇ॥*
*ਅੰਗ - ੬੩੧*

*ਜੀਅ ਜੰਤ ਸਭਿ ਪੇਖੀਅਹਿ*
*ਪ੍ਰਭ ਸਗਲ ਤੁਮਾਰੀ ਧਾਰਨਾ ॥ ਅੰਗ - ੯੧੫*

*ਧਾਰਣ ਧਾਰਿ ਰਹਿਓ ਬ੍ਰਹਮੰਡ ॥ ਅੰਗ - ੨੯੨*

*ਹਰਿ ਧਾਰਹੁ ਹਰਿ ਧਾਰਹੁ ਕਿਰਪਾ ਕਰਿ*
*ਕਿਰਪਾ ਲੇਹੁ ਉਬਾਰੇ ਰਾਮ ॥ ਅੰਗ - ੫੭੫*

*ਰਚਿ ਰਚਨਾ ਅਪਨੀ ਕਲ ਧਾਰੀ ॥ ਅੰਗ - ੨੯੮*

*ਤੁਮ ਦਾਤੇ ਠਾਕੁਰ ਪ੍ਰਤਿਪਾਲਕ*
*ਨਾਇਕ ਖਸਮ ਹਮਾਰੇ ॥*
*ਨਿਮਖ ਨਿਮਖ ਤੁਮ ਹੀ ਪ੍ਰਤਿਪਾਲਹੁ*
*ਹਮ ਬਾਰਿਕ ਤੁਮਰੇ ਧਾਰੇ ॥ ਅੰਗ - ੬੭੪*

ਇਤਿਆਦਿਕ ਅਨੇਕਾਂ ਗੁਰ-ਪ੍ਰਮਾਣ ਹਨ ਜਿਨ੍ਹਾਂ ਅੰਦਰ ਧਾਰੇ ਪਦ 'ਕੀਤੇ' 'ਰਚੇ' ਦੇ ਅਰਥਾਂ ਵਿਚ ਮਿਲਦਾ ਹੈ। ਸੋ ਏਥੇ ਭੀ 'ਨਾਮ ਕੇ ਧਾਰੇ ਸਗਲੇ ਜੰਤ' ਆਦਿ ਗੁਰ-ਪ੍ਰਮਾਣਾਂ ਅੰਦਰ ਨਾਮ ਦੀ ਅਕਲ ਕਲਾ ਸਿਸ਼੍ਟੀ ਰਚਨਾ ਸਮਰੱਥਾ ਦੀ ਮਹਿਮਾ ਦਸੀ ਹੈ ਕਿ ਜੀਅ ਜੰਤ ਖੰਡ ਬ੍ਰਹਿਮੰਡ ਅਕਾਸ਼ ਪਤਾਲ ਸਗਲ ਸ੍ਰਿਸ਼ਟੀ ਦੇ ਅਕਾਰ ਦੀ ਰਚਨਾ ਉਤਪਤੀ ਨਾਮ ਦੀ ਬਲ-ਸ਼ਕਤੀ ਦੁਆਰਾ ਹੀ ਹੋਈ ਹੈ।

(ਅ) ਕਈ ਸਜਣ 'ਨਾਮ' ਤੇ ਅਕਾਲ ਪੁਰਖ ਦੀ ਤਾਰੀਫ ਕਰਦੇ ਹੋਏ ਇਉਂ ਖਿਆਲ ਕਰਦੇ ਹਨ ਕਿ 'ਨਾਮ' ਤੋਂ ਮੁਰਾਦ ਉਹ ਸਰਬ ਵਿਆਪਕ ਹੋਂਦ ਹੈ ਜੋ ਹਰ ਥਾਂ ਭਰਪੂਰ ਹੋ ਕੇ ਘਟ ਘਟ ਨੂੰ ਧਾਰ ਰਹੀ ਹੈ। ਦੂਜੇ ਪਾਸੇ ਅਕਾਲ ਪੁਰਖ ਦੀ ਤਾਰੀਫ ਕਰਨ ਵੇਲੇ ਏਸ ਤਰ੍ਹਾਂ ਖਿਆਲ ਕਰਦੇ ਹਨ, ਜਿਹੜੀ ਹਸਤੀ ਸਾਰੇ ਦਿਸ ਰਹੇ ਤੇ ਅਦ੍ਰਿਸ਼ਟ ਸੰਸਾਰ ਨੂੰ ਹੋਂਦ ਵਿਚ ਲਿਆਵਣ ਵਾਲੀ ਹੈ, ਉਸ ਦਾ ਨਾਮ ਅਕਾਲ ਪੁਰਖ ਹੈ।

ਉਪਰ ਦਿਤੀਆਂ ਨਾਮ ਤੇ ਨਾਮੀ ਅਕਾਲ ਪੁਰਖ ਦੀਆਂ ਤਾਰੀਫਾਂ (ਲਛਣਾਂ) ਤੋਂ ਇਹ ਪਤਾ ਲਗਦਾ ਹੈ ਕਿ ਉਨ੍ਹਾਂ ਸਜਣਾਂ ਨੂੰ ਨਾਮੀ ਹੀ ਨਾਮ ਭਾਸਰਦਾ ਹੈ ਤੇ ਨਾਮੀ ਭੀ ਸਰਬ ਵਿਆਪਕ ਹੈ, ਨਾਮ ਭੀ ਸਰਬ ਵਿਆਪਕ ਹੈ। ਨਾਮ ਭੀ ਹਰ ਥਾਂ ਭਰਪੂਰ ਹੈ ਤੇ ਨਾਮੀ ਭੀ। ਨਾਮ ਰੂਪੀ ਹੋਂਦ ਭੀ ਸਭ ਥਾਂ ਭਰਪੂਰ ਹੋ ਕੇ ਘਟ ਘਟ ਨੂੰ ਧਾਰ ਰਹੀ ਹੈ ਤੇ ਅਕਾਲ ਪੁਰਖ ਰੂਪੀ ਹਸਤੀ ਭੀ ਸਭ ਵਸਤਾਂ ਵਿਚ ਵਿਆਪਕ ਹੋ ਕੇ ਸਭ ਨੂੰ ਧਾਰਨ ਵਾਲੀ ਹੈ, ਪਰ ਗੁਰਬਾਣੀ ਤੇ ਗੁਰਮਤਿ ਦੇ ਚਾਨਣੇ ਪਤਾ ਲਗਦਾ ਹੈ ਕਿ 'ਨਾਮ' 'ਨਾਮੀ' ਅਭੇਦ ਜ਼ਰੂਰ ਹਨ, ਪਰ ਜੋਤਿ ਸਰੂਪੀ ਮੰਡਲ ਵਿਖੇ ਜਾ ਕੇ ਅਭੇਦ ਹਨ, ਜੈਸਾ ਕਿ ਗੁਰੂ ਅਕਾਲ ਪੁਰਖ ਭੀ ਜੋਤਿ ਕਰਕੇ ਸਦਾ ਅਭੇਦ ਹਨ, ਪਰੰਤੂ ਗੁਰੂ ਦੀ ਵਿਅਕਤੀ (ਹਸਤੀ) ਅਕਾਲ ਪੁਰਖ ਦੀ ਹਸਤੀ ਨਾਲੋਂ ਭਿੰਨ (ਵਖਰੀ) ਹੈ। ਸਚਖੰਡ ਮੰਡਲ ਵਿਖੇ ਭੀ ਗੁਰੂ ਅਕਾਲ ਪੁਰਖ ਭਾਵੇਂ ਅਭੇਦ ਹਨ, ਪਰੰਤੂ ਜੋਤਿ ਕਰਾਂਤੀ ਆਭਾ ਦੋਹਾਂ ਸਰੂਪਾਂ ਦੀ ਓਥੇ ਭੀ ਭਿੰਨ-ਭਿੰਨ ਦਿਬਯ ਜੋਤੀ ਅਤੇ ਮੂਰਤੀ ਜਲਵੇ ਮਾਰਦੀ ਹੈ।

'ਨਾਮ' ਅਤੇ 'ਨਾਮੀ' ਓਸ ਵਿਸਮਤਾ ਵਿਚ ਅਭੇਦ ਹੋ ਜਾਂਦੇ ਹਨ, ਜਿਥੇ ਕਿ ਅਭਿਆਸੀ ਸਜਣਾਂ ਵਲੋਂ ਘਟ ਅੰਦਰ ਕਮਾਇਆ ਜਾ ਕੇ 'ਨਾਮ' ਜੋਤਿ-ਜਲਵ ਹੋ ਜਾਂਦਾ ਹੈ, ਜਿਥੇ ਕਿ ਨਾਮ ਹੀਰਾ ਰਤਨ ਜੋਤਿ ਮਣੀਆਂ ਲਾਲ ਕੋਟ ਸੂਰਜ ਉਜਿਆਰੇ ਦੀਆਂ ਝਲਕਾਂ ਵਾਲਾ ਅੰਤਰ ਆਤਮੇ ਵੁਠ ਕੇ ਵਿਗਸਦਾ ਹੈ। ਅਭਿਆਸੀ ਜਨਾਂ ਲਈ ਨਾਮ ਦਾ ਮਰਤਬਾ ਨਾਮੀ ਨਾਲੋਂ ਭੀ ਭਾਗ ਸੁਲੱਖਣਾ ਹੈ, ਕਿਉਂਕਿ ਨਾਮ ਦੁਆਰਾ ਹੀ ਨਾਮੀ ਦੀ ਪ੍ਰਾਪਤੀ ਹੁੰਦੀ ਹੈ, ਐਵੇਂ ਨਹੀਂ। ਨਾਮੀ ਦੇ ਮਿਲਣ ਦਾ ਨਾਮ ਦੁਆਰਾ ਹੈ। ਪ੍ਰੇਮੀ ਤੇ ਪ੍ਰੀਤਮ ਵਿਚਕਾਰ ਨਾਮ ਗੁਰ ਬਸੀਠ (ਵਿਚੋਲਾ) ਹੈ। ਨਾਮ ਗੁਰੂ ਰੂਪ ਹੈ। ਗੁਰੂ ਹੈ ਹੀ, ਵਾਹਿਗੁਰੂ। ਗੁਰ ਸ਼ਬਦ ਗੁਰ ਮੂਰਤਿ ਹੈ, ਗੁਰ ਮੂਰਤਿ ਸ਼ਬਦ ਹੈ। ਗੁਰੂ ਵਾਹਿਗੁਰੂ ਨੇ ਸ਼ਬਦ ਦੀ ਮੂਰਤੀ ਰੂਪ ਸਰੂਪ ਧਾਰਨ ਕੀਤਾ ਤਾਂ ਸਾਡੀ ਕਲਿਆਣ ਦਾ ਧੁਰਵਾ ਬੱਝਾ। ਨਿਰਗੁਣ ਸਰੂਪ ਤੋਂ ਵਾਹਿਗੁਰੂ ਅਕਾਲ ਪੁਰਖ ਨੇ ਵਾਹਿਗੁਰੂ ਸ਼ਬਦ ਦਾ ਆਕਾਰ ਖਾਸ ਪਰਉਪਕਾਰ ਨਮਿੱਤ ਧਾਰਨ ਕੀਤਾ। ਇਸ ਪਰਉਪਕਾਰੀ ਸ਼ਬਦ ਅਕਾਰੀ ਗੁਰ ਮੂਰਤਿ ਦੁਆਰਾ ਹੀ 'ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ' ਵਾਲਾ ਸਾਂਗ ਵਰਤਿਆ।

ਅਕਾਲ ਪੁਰਖ ਨਾਮੀ ਨੂੰ ਗੁਪਤੋਂ ਪ੍ਰਗਟ ਕਰ ਸਾਂਗੋ-ਪਾਂਗ ਪੇਖਾਵਨਹਾਰਾ ਇਹ ਨਾਮ, ਗੁਰਮਤਿ ਨਾਮ ਇਕੋ, ਕੇਵਲ ਇਕ

(ਬਾਕੀ ਪੰਨਾ 61 ਤੇ)

# ਪਿਆਰ ਪਰਵਾਨੇ

*ਭਾਈ ਸਾਹਿਬ ਭਾਈ ਵੀਰ ਸਿੰਘ*

### ੨. ਬੀਬੀ ਭੈਣੀ ਜੀ ਦਾ ਆਪਾਵਾਰ ਪ੍ਰੇਮ

ਪਹਿਲੀ ਉਦਾਸੀ ਕਰਕੇ ਦੇਸ ਆਏ ਜਗਤ ਦੀ ਸਾਰੀ ਸੁੰਦਰਤਾ ਦੇ ਸਰਦਾਰ ਸ੍ਰੀ ਗੁਰੂ ਜੀ-ਗੁਰੂ ਨਾਨਕ ਦੇਵ-ਪਹਿਲੋਂ ਪਹੁੰਚੇ 'ਬੀਬੀ ਨਾਨਕੀ' ਆਪਣੀ ਭੈਣ ਪਾਸ ਸੁਲਤਾਨ ਪੁਰੇ। ਬੀਬੀ ਬਰਸਾਂ ਤੋਂ ਅਪਨੇ ਪਿਆਰੇ ਵੀਰ ਤੇ ਸਤਿਕਾਰੇ ਗੁਰੂ ਦੀ ਉਡੀਕ ਕਰ ਰਹੀ ਸੀ। ਅਚਾਨਕ ਘਰ ਆ ਚੜ੍ਹੇ ਅਰਸੀ ਚੰਦ ਨੂੰ ਦੇਖ ਕੇ ਬਾਗੋ ਬਾਗ ਹੋ ਗਈ। ਭਾਈਆ ਜੈ ਰਾਮ ਜੀ ਬੀ ਬੜੀ ਸ਼ਰਧਾ ਨਾਲ ਉਡੀਕਾਂ ਕਰ ਰਹੇ ਸਨ ਦਰਸ਼ਨ ਕਰਕੇ ਪ੍ਰਸੰਨ ਹੋ ਗਏ। ਇਕ ਤਾਂ ਸਾਕਾਦਾਰੀ, ਦੂਜੇ ਗੁਰੂ ਭਾਵਨਾ ਦਾ ਪ੍ਰੇਮ ਤੀਸਰੇ ਬਰਸਾਂ ਦੀਆਂ ਉਡੀਕਾਂ, ਜਦ ਅਚਾਨਕ ਪੂਰੀਆਂ ਆ ਹੋਣ ਤਾਂ ਉਸ ਖੁਸ਼ੀ ਦਾ ਹਿਸਾਬ ਕੌਣ ਲਾਏ।

ਭੈਣ ਦਾ ਦਿਲ ਕਰਦਾ ਸੀ ਕਿ ਵੀਰ ਕੁਛ ਦਿਨ ਹੋਰ ਰਹੇ ਪਰ ਵੀਚਾਰਦੀ ਸੀ ਕਿ ਮਾਤਾ ਪਿਤਾ ਬਹੁਤ ਵੈਰਾਗ ਕਰਦੇ ਹਨ, ਜੇ ਗੁਰੂ ਜੀ ਘਰ ਛੇਤੀ ਪਹੁੰਚਣ ਤਾਂ ਉਨ੍ਹਾਂ ਨੂੰ ਸੁਖ ਹੋਵੇ। ਸੋ ਆਤਮ ਦਰਸ਼ੀ ਤਿਆਗ ਮੂਰਤੀ ਫੇਰ ਪ੍ਰੇਮ ਵਿਚ ਪੂਰਨ ਭਗਤੀ ਦਾ ਅਵਤਾਰ ਭੈਣ ਨੇ ਆਪਣੇ ਪਿਆਰ ਤੋਂ ਮਾਤਾ ਪਿਤਾ ਦੇ ਬਿਰਹੋਂ ਨੂੰ ਵਧੇਰੀ ਥਾਂ ਦੇ ਕੇ ਵੀਰ ਨੂੰ ਜੁੜੇ ਹਥੀ ਤੇ ਜਲ ਭਰੇ ਨੈਣੀ ਟੋਰਿਆ। ਵੇਖਦੀ ਰਹੀ ਦਲੀਜੇ ਖੜੀ ਜਦ ਤਾਈ ਸੁਹਣੀ ਕੰਡ ਨਜ਼ਰ ਪੈਂਦੀ ਰਹੀ।

### ੩. ਸੁੰਦਰ ਸਦਾ ਬ੍ਰਤੀ ਦਾ ਬ੍ਰਤ ਉਪਾਰਨ

ਟੁਰ ਪਏ ਸੁਲਤਾਨ ਪੁਰੋਂ ਖੂਬਾਂ ਦੇ ਸੁਲਤਾਨ, ਪਾਰ ਹੋ ਗਏ ਸੁਹਣੀ ਵਗ ਰਹੀ ਬਿਆਸਾ ਤੋਂ ਆ ਪਹੁੰਚੇ ਖਡੂਰ। ਓਥੇ ਵਸਦੀ ਸੀ ਮਾਈ ਵਿਰਾਈ। ਜੋ ਸੀ ਪਿਛੋਂ ਬੜੇ ਭੋਆਂ ਦੇ ਮਾਲਕ ਦੀ ਧੀ ਤੇ ਓਥੇ ਸੀ ਖਡੂਰ ਦੇ ਚੌਧਰੀ ਦੀ ਵਹੁਟੀ। ਸਭ ਤਰ੍ਹਾਂ ਸੁਖੀ ਰਜੀ ਪੁਜੀ। ਜਿਸਨੂੰ ਰੱਬ ਦੇ ਰਸਤੇ ਲਾ ਗਏ ਸਨ ਗੁਰੂ ਨਾਨਕ ਕਦੇ ਆਪਣੇ ਪਹਿਲੇ ਸਫਰਾਂ ਵਿਚ ਖਡੂਰੋਂ ਲੰਘਦੇ ਹੋਏ। ਇਹ ਬੀਬੀ ਨਾਮਦਾਨ ਲੈ ਕੇ, ਮਿਹਰ ਪਾ ਕੇ, ਸਾਈ ਲਿਵ ਵਿਚ ਅਪੜ ਪਈ ਸੀ। ਇਤਨੀ ਸੁਖੀ ਤੇ ਨਾਮਰਸੀਆ ਹੋ ਗਈ ਸੀ ਕਿ ਗੁਰੂ ਨਾਨਕ ਦੇਵ ਜੀ ਜਦ ਕਦੇ ਇਧਰੋਂ ਲੰਘੇ ਇਸਨੂੰ ਜ਼ਰੂਰ ਦਰਸ਼ਨ ਦੇ ਕੇ ਲੰਘੇ। ਇਸ ਉਪਰ ਇਤਨਾ ਸੀ ਆਪ ਦਾ ਇਤਬਾਰ ਕਿ ਜਦ ਲਹਿਣਾ ਜੀ ਨੂੰ ਗੁਰੂ ਥਾਪ ਕੇ ਕਰਤਾਰ ਪੁਰੋਂ ਟੋਰ ਦਿਤਾ ਤਾਂ ਕਿਹਾ ਸੁਹਣਿਆਂ! ਖਡੂਰ ਜਾਹੁ ਤੇ ਮਾਈ ਵਿਰਾਈ ਦੇ ਘਰ ਰਹੁ। ਓਥੇ ਮੇਰਾ ਗੱਦੀ ਦਾ ਟਿਕਾਣਾ ਹੈ, ਤੈਨੂੰ ਰਖਸੀ ਮਾਈ ਸ਼ਰਧਾ ਨਾਲ, ਜਿਵੇਂ ਸ਼ਰਧਾ ਧਾਰਦੀ ਹੈ ਮੇਰੇ ਵਿਚ।

ਅੱਜ ਹੁਣ ਗੁਰੂ ਨਾਨਕ ਦੇਵ ਜੀ ਭੈਣ ਤੋਂ ਵਿਦਾ ਹੋ ਕੇ ਜਾ ਰਹੇ ਹਨ ਤਲਵੰਡੀ ਆਪਣੇ ਮਾਤਾ ਪਿਤਾ ਦੇ ਨਗਰ। ਉਨ੍ਹਾਂ ਦੀ ਉਡੀਕ ਪੂਰੀ ਕਰਨ। ਹਾਂ ਆਪ ਤਾਂ ਸਦਾ ਟਿਕੇ ਸਦਾ ਸੁਖੀ ਸਹਜ ਵਿਚ ਜਾ ਰਹੇ ਹਨ ਪਰ ਮਰਦਾਨਾ ਬਹੁਤ ਉਤਾਵਲਾ ਹੈ ਆਪਣੇ ਪਰਿਵਾਰ ਨੂੰ ਮਿਲਣ ਲਈ। ਖਡੂਰ ਆਈ ਰਾਹ ਵਿਚ। ਸ੍ਵਾਂਤੀ ਬੂੰਦਾਂ ਵਾਲੇ 'ਧਰਮ ਮੇਘ' ਸਤਿਗੁਰੂ ਨੇ ਉਡੀਕਾਂ ਵਿਚ ਪ੍ਰਿਉ ਪ੍ਰਿਉ ਕਰ ਰਹੇ ਚਾਤ੍ਰਿਕਾ ਨੂੰ ਦਰਸ਼ਨ ਦੇ ਸ੍ਵਾਂਤੀ ਜਲਕਣ ਦੇਣੇ ਲਈ ਠਹਿਰਨਾ ਸੀ ਜ਼ਰੂਰ। 'ਤਬ ਊਹਾਂ ਸੇ ਚਲੇ। ਚਲੇ ਚਲੇ ਫੇਰ ਪੰਜਾਬ ਦੇ ਦੇਸ਼ ਆਏ ਨਿਕਲੇ। ਤਬ ਸੁਲਤਾਨਪੁਰ ਵਿਚ ਦੇ ਹੋਇ ਕਰ ਖਡੂਰ ਮੇ ਆਏ ਨਿਕਲੇ। ਊਹਾਂ ਮਾਈ ਵਿਰਾਈ ਕੇ ਘਰ ਆਏ।

ਮਾਈ ਵਿਰਾਈ ਬਾਬੇ ਜੀ ਦੀ ਬੜੀ ਭਗਤ ਥੀ।

ਆਠ ਪਹਰ ਬਾਬੇ ਕੀ ਉਪਾਸਨਾ ਕਰਤੀ ਥੀ।

ਜਦ ਗੁਰੂ ਜੀ ਵਿਹੜੇ ਵੜੇ ਤੇ 'ਸਤਿ ਕਰਤਾਰ' ਦੀ ਅਵਾਜ਼ ਦਿਤੀ ਤਾਂ ਸਦ ਪਛਾਣਦੀ ਮਾਈ ਬਾਹਰ ਭੱਜੀ ਆਈ ਤੇ ਧਾ ਚਰਨਾਂ ਤੇ ਢੱਠੀ। ਚਰਨ ਧੋਤੇ ਗਏ ਨੈਣਾਂ ਦੇ ਸੁਹਣੇ ਨੀਰ ਨਾਲ। ਸਿਰ ਚਾਯਾ ਸਤਿਗੁਰੂ ਨੇ। ਹੁਣ ਮਾਈ ਨੇ ਉਸ ਮੰਜੀ ਤੇ ਬਿਠਾਯਾ ਸਤਿਗੁਰੂ ਨੂੰ, ਜਿਸ ਤੇ ਬਾਬਾ ਜੀ ਨੂੰ ਰੋਜ਼ ਧਿਆਨ ਵਿਚ ਬੈਠਾ ਕੇ ਧਿਆਨ ਧਰਦੀ ਹੁੰਦੀ ਸੀ। ਫੇਰ ਮੱਥਾ ਟੇਕਿਆ ਚਰਨ ਧੋਏ, ਪੂੰਝੇ। ਖੁਸ਼ੀ ਤੇ ਖੁਸ਼ੀ ਦੀ ਕੋਈ ਐਸੀ ਲਹਿਰ ਵਗੀ ਕਿ ਨਾਲੇ ਖਿੜੇ ਤੇ ਨਾਲੇ ਅਥਰੂ ਫੁਟ ਫੁਟ ਪੈਣ। ਹੋਸ਼ ਤੇ ਨਾ ਹੋਸ਼ ਦਾ ਕੋਈ ਲਹਿਰ-ਉਛਾਲ ਹੋ ਰਿਹਾ ਸੀ ਕਿ ਪੁੱਛਣ ਲਗੀ ਆਗਿਆ ਦਿਓ ਕੁਛ ਮੂੰਹ ਪਾਵਣ ਨੂੰ ਲਿਆਵਾਂ।

ਮਾਈ ਪੇਕੇ ਸਹੁਰਿਓ ਰਜੀ ਪੁਜੀ ਸੁਖੀ ਹੀ ਨਹੀਂ ਚੰਗੇ ਪੈਸੇ ਵਾਲੇ ਘਰ ਵਿਚ ਸੀ। ਪਰ ਉਸਦਾ ਨੇਮ ਸੀ ਕਿ ਆਪਣੇ ਆਹਾਰ ਦੇ ਖਾਣ ਦੇ ਫੁਲਕੇ ਅਪਨੇ ਹੱਥਾਂ ਦੀ ਕਿਰਤ ਤੋਂ ਕਮਾਏ ਪੈਸਿਆਂ ਨਾਲ ਖਰੀਦੇ ਅੰਨ ਤੋਂ ਕਰਦੀ ਹੁੰਦੀ ਸੀ। ਕਲ ਉਸਨੇ ਜੋ ਮੰਗਾਏ ਸਨ ਜੋ ਛਣ ਬਣਾ ਸਾਫ ਕਰਕੇ ਇਕ ਥਾਲ ਵਿਚ ਰੱਖੇ ਹੋਏ ਸਨ ਕਿ ਪੀਹ ਕੇ ਆਟਾ ਬਣਾ ਕੇ ਪਕਾ ਖਾਵਾਂਗੀ।

ਜਦ ਉਸ ਪੁਛਿਆ - ਹੇ ਜਗਤ ਨਾਥ! ਕੁਛ ਮੂੰਹ ਪਾਵਣੇ ਨੂੰ ਲਿਆਵਾਂ ਤਾਂ ਆਪ ਬੋਲੇ ਜੋ ਹਾਜ਼ਰ ਹੈ ਸੋ ਲੈ ਆ। ਪ੍ਰੇਮ ਦੀ ਬਹੁਲਤਾ ਕੁਝ ਹੋਸ਼ ਬੇਹੋਸ਼ੀਆਂ ਲਾ ਦਿਆ ਕਰਦੀ ਹੈ। ਜੈਸਾ ਕਿ ਸ੍ਰੀ ਗੁਰੂ ਰਾਮਦਾਸ ਜੀ ਨੇ ਫੁਰਮਾਇਆ ਹੈ 'ਹਉ ਆਕਲ ਬਿਕਲ ਭਈ ਗੁਰ ਦੇਖੇ। ਹਉ ਲੋਟ ਪੋਟ ਹੋਇ ਗਈਆਂ।' ਉਸ ਹਾਲਤ ਵਿਚ ਕਾਹਲੀ ਦੇ ਵੇਗ ਵਿਚ ਮਾਈ ਚਾ ਲਿਆਈ ਛਣੇ ਬਣਾਏ ਜਵਾਂ ਦਾ ਥਾਲ ਤੇ ਅੱਗੇ ਲਿਆ ਧਰਿਆ। ਨਾ ਹਥ ਧੁਲਾਣੇ ਯਾਦ ਰਹੇ ਨਾ ਖਿਆਲ ਆਇਆ ਕਿ ਜੇ ਅੱਗੇ ਰੱਖਣ ਲਗੀ ਤਾਂ ਇਸ ਅੰਨ ਨੇ ਤਾਂ ਅਜੇ ਨਾ ਚੱਕੀ ਡਿਠੀ ਹੈ ਨਾ ਤਵਾ। ਭਗਤਾਂ ਦੀ ਪ੍ਰੇਮਾ ਭਗਤੀ ਦੇ ਸਿਆਣੂ ਤੇ ਉਸੇ ਨੂੰ ਸਵੀਕਾਰ ਕਰਨ ਵਾਲੇ ਨੈਣਾਂ ਵਾਲੇ ਦਾਤੇ ਨੇ ਦੋ ਚਾਰ ਦਾਣੇ ਚਾਏ, ਮੂੰਹ ਪਾਏ, ਚਿੱਥੇ, ਸੁਆਦ ਲਿਆ ਤੇ ਮੁਸਕਰਾਏ, ਹੱਸੇ ਤੇ ਕਹਿਣ ਲੱਗੇ 'ਵਿਰਾਈ' ਅੱਜ ਬਾਰ੍ਹਾਂ ਬਰਸ ਦਾ ਬ੍ਰਤਿ ਉਪਾਰਨ ਹੋਇਆ ਹੈ। ਤੇਰਾ ਅੰਨਅਤਿ ਸਵਾਦੀਕ ਹੈ।

ਮਾਈ ਨੇ ਸੁਣਿਆਂ, ਤੱਕੀ, ਹੋਸ਼ ਨੇ ਕੰਮ ਕੀਤਾ, ਤ੍ਰਬਕੀ। ਹੈ! ਇਹ ਕੀਹ ਭੁੱਲ ਹੋ ਗਈ? ਕੱਚੇ ਜੌਂ ਅੱਗੇ ਰਖੇ ਜਿਸ ਅੱਗੇ ਸਰਵੰਸ ਵਿਕਿਆ ਪਿਆ ਹੈ। ਅਤਿ ਘਬਰਾ ਵਿਚ ਹੋ ਕੇ ਪ੍ਰੇਮ ਦੀ ਹਾਲਤ ਹੋਰ ਬੇਹੋਸ਼ੀਆਂ ਵਾਲੀ ਹੋ ਕੇ ਚਰਨਾਂ ਨੂੰ ਹੁਣ ਹੋਰ ਬੇਸੁਧੀ ਵਿਚ ਲਿਪਟ ਰਹੀ ਹੈ। ਹੋਸ਼ਾ ਦੇ ਮਾਲਕ ਨੇ ਸਮਝ ਲਿਆ ਸਿਰ ਤੇ ਹਥ ਫੇਰਿਆ ਆਖਿਆ, ਉਠ ਬੀਬਿਆਂ! ਸਾਵਧਾਨ ਹੋ। ਤੇਰੀ ਘਾਲ ਥਾਂ ਪਈ। ਤੇਰਾ ਭੋਜਨ ਦਰਗਾਹੇ ਪਰਵਾਨ ਹੋਇਆ। ਉਠ ਸਾਵਧਾਨ ਹੋ। ਸਾਵਧਾਨ ਹੋ। ਸ਼ੋਕ ਨਾ ਕਰ। ਭੁੱਲ ਨਹੀਂ ਹੋਈ। ਬੀਬਿਆ ਭੁਲਾਂ ਦੂਰ ਹੋਈਆਂ ਹਨ। ਤੇਰੇ ਕੱਚੇ ਦਾਣੇ ਪ੍ਰੇਮ ਭਿਜੇ ਪ੍ਰੇਮ ਪਕਾਏ ਅੰਨ ਵਰਗੇ ਮੈਂ ਕਿਤੇ ਕੋਈ ਅੰਨ ਇਸ ਸਵਾਦ ਨਾਲ ਨਹੀਂ ਖਾਧੇ। ਮੇਰਾ ਮਾਨੋ ਇਤਨਾ ਚਿਰ ਬ੍ਰਤ ਰਿਹਾ ਹੈ। ਅੱਜ ਜੋ ਦਾਣੇ ਮੂੰਹ ਪਾਏ ਹਨ ਮੇਰਾ ਬ੍ਰਤ ਉਪਾਰਨ ਹੋਇਆ ਹੈ। ਤੂੰ ਖੁਸ਼ ਹੋ ਕਿ ਮੇਰੀ ਨਿਰਅੰਨ ਤੇ ਨਿਰਜਲਾ ਏਕਾਦਸ਼ੀ ਦੀ ਤੂੰ ਦ੍ਵਾਦਸ਼ੀ ਵਾਲੀ ਉਪਾਰਨਾ ਕਰਾਈ ਹੈ ਜਿਸ ਦਾ ਸੁਆਦ ਮੈਂ ਪਾ ਲਿਆ ਹੈ। ਮਾਈ ਤੇ ਮਿਹਰ ਦਾ ਮੀਂਹ ਵਸ ਰਿਹਾ ਸੀ। ਉਸ ਵਰਖਾ ਨੇ ਹੋਸ਼ ਲਿਆ ਦਿਤੀ। ਸ਼ੁਭ ਭਾਵ ਦੇ ਪ੍ਰੇਮ ਮਿਸ਼ਰਤ ਭਾਵ ਵਿਭ੍ਰਮ ਹੋਏ ਜਿਨ੍ਹਾਂ ਨੇ ਸਮਝ ਨਹੀਂ ਸੀ ਪੈਣ ਦਿਤੀ ਕਿ ਰੋਟੀ ਅੱਗੇ ਰੱਖਣ ਲੱਗੀ ਹਾਂ ਕਿ ਕੱਚੇ ਦਾਣੇ। ਹੋਸ਼ਾਂ ਦੇ ਸਾਈਂ ਨੇ ਆਗਮ ਨਿਗਮ ਦੀ ਹੋਸ਼ ਲਾ ਦਿਤੀ। ਮਰਦਾਨਾ ਏਹ ਕੌਤਕ ਦੇਖ ਕੇ ਅਪਨੇ ਸੁਹਣੇ ਤੇ ਬਲਿਹਾਰ ਹੋ ਰਿਹਾ ਸੀ ਕਿ ਇਸ ਪ੍ਰੇਮਾ ਭਗਤੀ ਦੇ ਮਾਲਕ ਨੇ ਕਿਸ ਪ੍ਰਕਾਰ ਦੇ ਜੀਵ ਉਤਪਤ ਕੀਤੇ ਹਨ ਜੋ ਇਸ ਸੰਸਾਰ ਵਿਚ ਈਰਖਾ ਦ੍ਵੈਖ ਤ੍ਰਿਸ਼ਨਾ ਵਿਚ ਜਲ ਰਿਹਾ ਹੈ, ਸੱਚ ਤੇ ਪਿਆਰ ਦੇ ਅੰਮ੍ਰਿਤ ਚਸ਼ਮੇ ਹੋ ਕੇ ਉਮਲ ਉਮਲ ਡੁਲ ਰਹੇ ਹਨ।

ਕੁਛ ਦੇਰ ਬਾਅਦ ਬਾਹਰੋਂ ਕੰਮ ਤੋਂ ਚੌਧਰੀ ਆ ਗਿਆ ਉਹ ਵੀ ਭਗਤੀ ਭਾਵ ਵਿਚ ਸੀ। ਚਰਨਾਂ ਨੂੰ ਲਿਪਟ ਗਿਆ। ਬੜੀ ਖਾਤਰ ਕੀਤੀ। ਦੋਹਾਂ ਨੇ ਕਈ ਦਿਨ ਸਾਹਿਬਾਂ ਨੂੰ ਅਟਕਾ ਲਿਆ। ਫੇਰ ਸਾਹਿਬ ਉਠ ਤੁਰੇ ਤੇ ਜੋੜੀ ਨੂੰ ਨਾਮ ਰਸ ਵਿਚ ਭਿੱਜਾ ਛੋੜ ਗਏ।

੪. ਅੰਮ੍ਰਿਤ ਸਰੋਵਰ

ਚਲ ਪਏ ਖਡੂਰ ਤੋਂ ਪੁਰਾਣੀ ਝਬਾਲ ਵਾਲੀ ਸੜਕ ਦੇ ਰਸਤੇ ਸੋਹਣੇ ਸਤਿਗੁਰੂ ਜੀ ਲਾਹੌਰ ਦੀ ਸੇਧ ਰਖ ਕੇ। ਜਦੋਂ ਭੜੀਵਾਲ ਪਿੰਡ ਦੇ ਲਾਗੇ ਗਏ ਤਾਂ ਉਰੇ ਤੋਂ ਹੀ ਮੁੜ ਪਏ ਉਤਰ ਰੁਖ ਨੂੰ ਚਲੇ ਗਏ ਦੋ ਕੋਹ ਕਿ ਜਰਾ ਵਧ ਘੱਟ। ਇਕ ਬਨ ਆ ਗਿਆ ਬੇਰੀਆਂ ਦਾ। ਹੇਠਾਂ ਮਿੱਠੀ-ਮਿੱਠੀ ਛਾਂ ਵਿਚ ਇਕ ਨਿਕਾ ਜਿਹਾ ਛੰਭ ਸੁਹਾਉਣੇ ਜਲ ਵਾਲਾ। ਇਸਦੇ ਕੰਡੇ ਤੇ ਬੇਰੀ। ਬੇਰੀ ਹੇਠ ਇਕ ਉਚਾ ਕਚਾ ਥੜਾ ਜਿਹਾ। ਬੈਠ ਗਏ ਏਥੇ ਜਾ ਕੇ ਸੁਹਣੇ ਨੈਣਾਂ ਵਾਲੇ। ਮਰਦਾਨੇ ਨੇ ਥਾਂ ਸਿਆਣੀ 'ਦਾਤਾ ਜੀਓ ਇਹ ਤਾਂ ਉਹੋ ਥਾਉ ਹੈ ਜਿਥੇ ਚਿਰ ਹੋਇਆ ਹੈ ਆਪ ਅੱਗੇ ਵੀ ਖੁਸ਼ ਹੋ ਕੇ ਬੈਠੇ ਸਾਓ, ਕੁਛ ਚਿਰ। ਆ ਕੇ ਇਥੇ ਮਿਲੇ ਸਨ ਸੁਲਤਾਨ ਵਿੰਡ ਦੇ ਲੋਕੀ ਪਰ ਤੁਰ ਪਏ ਸਾਓ ਛੇਤੀ। ਤਦੇ ਫੁਰਮਾਇਆ ਸੀ ਜੇ ਏਥੇ ਬੜਾ ਭਾਰੀ ਸਥਾਨ ਹੋਵੇਗਾ ਹਰੀ ਭਜਨ ਦਾ, ਤੇ ਏਥੇ ਹੋਵੇਗੀ ਚਹਲ ਪਹਲ ਵਾਲੀ ਨਗਰੀ। ਕੁਛ ਏਦਾਂ ਦੇ ਵਾਕ ਉਚਾਰੇ ਸਾਨੇ।

ਮੁਸਕਰਾਏ ਫਬਨਾਂ ਵਾਲੇ ਬੁਲ।

ਅਵਾਜ ਆਈ ਹਾਂ ਮਰਦਾਨਿਆਂ! ਹਾਂ, ਹੋਸੀ।

ਮਰਦਾਨਾ - ਰਚਾਓ ਨਾ ਕੋਈ ਥਾਂ ਜਿਥੇ ਬਹਿ ਜਾਈਏ ਆਰਾਮ ਨਾਲ, ਮੈਂ ਪਿਆਂ ਕੀਰਤਨ ਕਰਾਂ ਤੇ ਆਪ ਪਏ ਰਚੋ ਕੀਰਤਨ ਨਾਲੇ ਸੁਣੋ ਤੇ ਨਾਲੇ ਸੁਣੇ ਕੰਨਾਂ ਵਾਲੀ ਲੁਕਾਈ।

ਗੁਰੂ ਜੀ - ਵੇਖ ਮਰਦਾਨਿਆ ਕਰਤਾਰ ਦੇ ਰੰਗ। ਜਿਵੇਂ-ਜਿਵੇਂ ਲਈ ਫਿਰੇ ਪਏ ਫਿਰੀਏ, ਜਦੋਂ ਜਿਥੇ ਬਿਠਾਵੇ ਬੈਠੀਏ। ਇਥੇ ਤਾਂ ਜਿਸਨੇ ਬਨਾਉਣਾ ਹੈ, ਉਸ ਨੇ ਹੁਕਮ ਵਿਚ ਇਥੇ ਆਉਣਾ ਤੇ ਬਨਾਉਣਾ ਹੈ। ਸਮਾਂ ਹੈ ਅਜੇ। ਇਸ ਤਰ੍ਹਾਂ ਇਕ ਰਾਤ ਇਸੇ ਬਨ ਵਿਚ ਬੇਰੀਆਂ ਹੇਠਾਂ, ਸੁਹਣੇ ਝੁਲਦੇ ਪਾਣੀਆਂ ਨੂੰ ਚਟਦੀ ਹਵਾ ਵਿਚ ਬੈਠੇ ਲੇਟੇ ਹਰੀ ਗੁਣ ਗਾਉਂਦੇ ਰਹੇ ਤੇ ਅਗਲੇ ਭਲਕ ਲਾਹੌਰ ਨੂੰ ਚਾਲੇ ਪਾ ਦਿਤੇ।

---

(ਪੰਨਾ 59 ਦਾ ਬਾਕੀ)

ਨਾਮ ਹੀ ਹੈ, ਜੋ ਸਦਾ ਸਤਿ ਹੈ ਤੇ ਜੋ ਕੇਵਲ ਗੁਰਮਤਿ ਦੁਆਰਾ ਹੀ ਪ੍ਰਾਪਤ ਹੁੰਦਾ ਹੈ। ਨਾਮੀ ਦਾ ਸਰਗੁਣ ਸਰੂਪ ਨਾਮ ਹੈ, ਜੋ ਜੋਤਿ ਅਭੇਦੀ ਹੋ ਕੇ ਨਿਰਗੁਣ ਭੀ ਬਣ ਜਾਂਦਾ ਹੈ ਅਤੇ ਨਾਮੀ ਨਿਰਗੁਣ ਵਿਚ ਸਮਾਇਆ ਹੋਇਆ ਭੀ ਆਪਣਾ ਸਰਗੁਣ ਸਰੂਪ ਸ਼ਬਦ ਦੇ ਅਕਾਰ ਦੁਆਰਾ ਧਾਰੀ ਰਖਦਾ ਹੈ। ਨਿਰੰਕਾਰ ਨੇ ਸ਼ਬਦ ਰੂਪੀ ਅਕਾਰ ਧਾਰਨ ਕਰਿ, ਨਿਰੰਕਾਰੀ ਨਾਮ ਦਾ ਜਾਮਾ ਪਹਿਨਿਆ। ਫੇਰ ਨਿਰੰਕਾਰੀ ਨਾਮ ਅਸਾਡੇ ਜਪਣ ਲਈ ਗੁਰੂ ਦੁਆਰਾ ਪ੍ਰਾਪਤ ਹੋਇਆ। ਨਾਮ ਨੂੰ ਹੀ ਜਪ ਜਪ ਕੇ, ਅਰਥਾਤ ਸ਼ਬਦ ਰੂਪੀ ਸਾਕਾਰੀ ਨਿਰੰਕਾਰ ਨੂੰ ਜਪ ਜਪ ਕੇ ਹੀ ਨਿਰੰਕਾਰ ਵਿਖੇ, ਨਿਰੰਕਾਰੀ ਜੋਤਿ ਵਿਖੇ ਲੀਨ ਹੋਣ ਦੀ ਸੱਚੀ ਗੁਰਮਤਿ ਜੁਗਤੀ ਹੈ। ਆਪਣੇ ਆਪ ਨਿਰੰਕਾਰ ਦੇ ਸਰੂਪ ਵਿਖੇ ਭਲਾ ਕਿਵੇਂ ਲੀਨ ਹੋਇਆ ਜਾਵੇ। ਨਿਰੰਕਾਰ ਦੇ ਸਰੂਪ ਦੀ ਲਖਤਾ ਹੀ ਨਾਮ ਬਿਹੂਣ ਅਸੰਭਵ ਹੈ। ਸੋਚ ਵਿਚਾਰ ਖਰੜ ਗਿਆਨ ਦੁਆਰਾ ਤਾਂ ਨਿਰਾ ਫੋਕਟ ਅਨੁਮਾਨ ਹੀ ਅਨੁਮਾਨ ਹੋ ਸਕਦਾ ਹੈ, ਨਿਰੰਕਾਰ ਦੀ ਲਖਤਾ ਦਾ ਮੁਸ਼ਕ ਭੀ ਨਹੀਂ ਆ ਸਕਦਾ। ਅਲਪੱਗ ਮਾਨਸਿਕ ਬੁੱਧੀਆਂ ਅਤੇ ਸੋਚ ਵਿਚਾਰਾਂ ਨੇ ਸਰਬੱਗ ਨਿਰੰਕਾਰ ਦੀ ਲਖਤਾ ਭਲਾ ਕੀ ਪ੍ਰਾਪਤ ਕਰ ਸਕਣੀ ਹੋਈ। ਸਰਬੱਗ ਨਿਰੰਕਾਰ ਨੂੰ ਲਖਣ ਦਾ ਪਾਰਸ-ਜਾਦੂ ਸਰਬੱਗ ਨਿਰੰਕਾਰੀ ਨਾਮ ਹੀ ਹੈ। 'ਨਾਮ' ਦੇ ਆਕਾਰ ਨੂੰ ਹੀ ਨਿਰਾ ਆਪਣੇ ਸੌਹੇਂ ਧਰੀ ਰਖਣਾ ਤੇ ਉਸ ਦਾ ਖੋਜ (ਵਿਚਾਰ) ਕਰਨਾ ਹੀ ਕਾਫੀ ਨਹੀਂ। ਨਾਮ ਦੀ ਸੋਚ-ਵਿਚਾਰ ਕੁਝ ਅਰਥ ਨਹੀਂ ਰੱਖਦੀ। ਨਾਮ ਦੀ ਕਮਾਈ ਕਰਨੀ ਹੀ ਸਤਿਗੁਰਾਂ ਨੇ ਸਾਨੂੰ ਦ੍ਰਿੜਾਈ ਹੈ ਅਤੇ ਇਹ ਕਮਾਈ ਨਾਮ ਦਾ ਜਪਣਾ ਹੈ। ਮੂੰਹ ਦੁਆਰਾ, ਰਸਨਾ ਕਰਕੇ ਅਤੇ ਸੁਆਸਾਂ ਤੇ ਸੁਰਤੀ ਦੁਆਰਾ ਇਸ ਦੀ ਅਭਿਆਸ-ਕਮਾਈ ਕਰਨੀ ਹੈ। ਭਲਾ ਨਾਮੀ ਦੀ ਹੋਂਦ ਨੂੰ, ਨਾਮੀ ਦੇ ਅਲੱਖ ਤੇ ਅਣਲਖੇ ਸਰੂਪ ਨੂੰ, ਨਿਰੰਕਾਰ ਨੂੰ, ਰਸਨਾ ਅਤੇ ਸੁਆਸ ਕਿਵੇਂ ਜਪ ਸਿਮਰ ਸਕਣਗੇ।

(*******)

# ਸਿਹਤ ਗਿਆਨ

*ਵੈਦ ਮੇਘ ਨਾਥ ਸਿੱਧ*
*ਫਫੜੇ ਭਾਈ ਕੇ ਵਾਲੇ*
*ਆਯੁਰਵੈਦਿਕ ਭਿਸ਼ਗਆਚਾਰੀਆ*
*(ਏ ਕਲਾਸ ਰਜਿ.)*

ਇਸ ਸੀਤਲ ਰੁੱਤ ਵਿਚ ਸਰਦੀ ਨਾਲ ਹੋਣ ਵਾਲੇ ਰੋਗਾਂ ਵਿਚੋਂ ਜੁਕਾਮ ਨੂੰ ਆਯੁਰਵੇਦ ਵਿਚ ਪ੍ਰਤੀਸਿੱਯਯ ਰੋਗ ਦੱਸਿਆ ਹੈ। ਇਸ ਰੋਗ ਨਾਲ ਸਾਹ ਲੈਣ ਵਾਲੀਆਂ ਨੱਕ ਦੇ ਉਪਰਲੇ ਹਿੱਸੇ ਜਾਂ ਵਿਚਲੀਆਂ ਨਾਲੀਆਂ ਵਿਚ ਸੋਜ ਹੋ ਜਾਂਦੀ ਹੈ। ਨੱਕ ਵਿਚੋਂ ਪਾਣੀ ਡਿੱਗਣਾ, ਛਿੱਕਾਂ ਲੱਗਣੀਆਂ, ਨੱਕ ਵਿਚ ਖਾਰਸ਼ ਹੋਣੀ, ਸਿਰ ਦਾ ਭਾਰਾਪਣ ਜਾਂ ਦਰਦ ਹੋਣਾ। ਹੱਡ ਭੰਨਣੀ ਆਦਿ ਲੱਛਣ ਹੋਣ ਤਾਂ ਇਸ ਨੂੰ ਆਯੁਰਵੇਦ ਵਿਚ ਪ੍ਰਤੀਸਿੱਯਯ (ਜੁਕਾਮ) ਨਜ਼ਲਾ ਕਹਿੰਦੇ ਹਨ।

**ਕਾਰਣ** – ਮਲਮੂਤਰ ਆਦਿ ਸਰੀਰ ਦੇ ਵੇਗਾਂ ਨੂੰ ਰੋਕਣਾ ਅੰਜੀਰਨ (ਬਦਹਜ਼ਮੀ) ਗਰਦ, ਧੂੜ ਆਦਿ ਧੂੰਏਂ ਵਿਚ ਰਹਿਣਾ, ਜ਼ਿਆਦਾ ਬੋਲਣਾ, ਜ਼ਿਆਦਾ ਕਰੋਧ ਕਰਨਾ, ਸਿਰ ਦਾ ਗਰਮ ਸਰਦ ਹੋਣਾ, ਰਾਤ ਨੂੰ ਜਾਗਣਾ, ਦਿਨ ਨੂੰ ਜ਼ਿਆਦਾ ਸੌਣਾ, ਪਾਣੀ ਜ਼ਿਆਦਾ ਪੀਣਾ, ਨਦੀ, ਤਾਲਾਬ ਵਿਚ ਜ਼ਿਆਦਾ ਸਮਾਂ ਡੁੱਬਕੀ ਲਗਾ ਕੇ ਇਸ਼ਨਾਨ ਕਰਨਾ, ਠੰਡ ਲੱਗ ਜਾਣੀ, ਧੂਮਰਪਾਨ ਕਰਨਾ, ਗਰਮੀ ਆਈ ਤੋਂ ਠੰਡੀ ਹਵਾ ਦਾ ਲੱਗਣਾ, ਕਿਸੇ ਕਾਰਣ ਸਿਰ ਵਿਚ ਖੂਨ ਦਾ ਇਕੱਠਾ ਹੋਣਾ, ਇਸ ਤਰ੍ਹਾਂ ਦੇ ਕਾਰਨਾਂ ਕਰਕੇ ਵਾਯੂ, ਗਰਮੀ, ਕਫ ਵਿਗੜ ਕੇ ਪ੍ਰਤੀਸਿਯਯ (ਜੁਕਾਮ) ਉਤਪੰਨ ਕਰਦੇ ਹਨ। ਇਹ ਰੋਗ ਜ਼ਿਆਦਾ ਵਿਗੜ ਕੇ ਨੱਕ ਪੱਕ ਜਾਂਦਾ ਹੈ, ਬਹੁਤ ਤਰਲ ਪਦਾਰਥ ਰੇਸ਼ਾ ਨੱਕ 'ਚੋਂ ਵਗਣ ਲੱਗ ਜਾਂਦਾ ਹੈ। ਜਿਵੇਂ-ਜਿਵੇਂ ਜ਼ਿਆਦਾ ਦਿਨ ਹੋ ਜਾਣ ਤਾਂ ਨੱਕ ਵਿਚ ਜ਼ਖਮ ਹੋ ਜਾਂਦੇ ਹਨ ਫਿਰ ਰੇਸ਼ਾ ਇਤਨਾ ਗਾੜ੍ਹਾ ਹੋ ਜਾਂਦਾ ਹੈ ਕਿ ਬਾਹਰ ਨਿਕਲ ਨਹੀਂ ਸਕਦਾ, ਖੁਸ਼ਕ ਦਵਾਈਆਂ ਲੈਣ ਨਾਲ ਨੱਕ ਵਿਚ ਰੇਸ਼ਾ ਸੁੱਕ ਜਾਂਦਾ ਹੈ ਜਿਸ ਨਾਲ ਨੱਕ ਦੀ ਹੱਡੀ ਸੋਜ ਆ ਕੇ ਫੁੱਲ ਜਾਂਦੀ ਹੈ ਅਤੇ ਸਾਹ ਲੈਣਾ ਮੁਸ਼ਕਲ ਹੋ ਜਾਂਦਾ ਹੈ। ਇਹ ਰੋਗ ਹੋਣ ਤੋਂ ਪਹਿਲਾਂ ਕਬਜ਼ ਹੋਣਾ, ਸਿਰ ਦੁਖਣਾ, ਠੰਡ ਲੱਗਣੀ, ਬੇਚੈਨੀ, ਥੋੜ੍ਹਾ-ਥੋੜ੍ਹਾ ਬੁਖਾਰ ਆਦਿ ਪਹਿਲੀਆਂ ਨਿਸ਼ਾਨੀਆਂ ਹੁੰਦੀਆਂ ਹਨ। ਨੱਕ ਖੁਸ਼ਕ ਹੋ ਕੇ ਸੁਰ-ਸੁਰ ਦੀ ਆਵਾਜ਼ ਮਾਲੂਮ ਹੁੰਦੀ ਹੈ। ਠੰਡਾ ਪਾਣੀ ਪੀਣ ਨਾਲ ਸਿਰ ਦੁਖਣਾ, ਛਿੱਕਾਂ ਆਉਣੀਆਂ, ਅੱਖਾਂ ਤੇ ਨੱਕ ਵਿਚੋਂ ਪਾਣੀ ਡਿੱਗਣਾ, ਗਲੇ ਵਿਚ ਸੋਜ ਖਾਂਸੀ, ਕਫ ਦਾ ਨਿਕਲਣਾ, ਕੰਨਾਂ ਤੋਂ ਘਟ ਸੁਣਨਾ ਆਦਿ ਲੱਛਣ ਦਿਖਾਈ ਦਿੰਦੇ ਹਨ। ਗਲਾ ਬੈਠਣਾ ਸਾਰੇ ਸਰੀਰ ਵਿਚ ਪੀੜਾ ਤੇ ਸਰੀਰ ਦਾ ਜਕੜ ਜਾਣਾ, ਸੁਸਤੀ ਤੇ ਬੁਖਾਰ ਵੀ ਹੋ ਜਾਣਾ, ਆਯੁਰਵੇਦ ਗ੍ਰੰਥਾਂ ਵਿਚ, ਇਸ ਨੂੰ ਪੰਜ ਪ੍ਰਕਾਰ ਦਾ ਲਿਖਿਆ ਹੈ – ਵਾਤਜ਼, ਪਿੱਤਯ, ਕੱਫਜ਼, ਰੱਕਤਜ਼, ਸੰਨੀਪਾਤਜ਼

ਇਸ ਦਾ ਠੀਕ ਇਲਾਜ ਨਾ ਹੋਣ ਕਰਕੇ ਸਾਹ ਨਾਲੀਆਂ ਤੇ ਫੇਫੜਿਆਂ ਵਿਚ ਸੋਜ ਹੋ ਕੇ ਜ਼ਖਮ ਵੀ ਹੋ ਜਾਂਦੇ ਹਨ। ਅੱਖਾਂ ਵਿਚ ਨੁਕਸ ਪੈਣਾ, ਅੱਖਾਂ ਦੀ ਜੋਤ ਦਾ ਘਟ ਜਾਣਾ, ਸੁੰਘਣ ਦੀ ਸ਼ਕਤੀ ਦਾ ਘਟਣਾ, ਇਹ ਰੋਗ ਇਕ ਤੋਂ ਦੋ ਹਫਤੇ ਦਾ ਸਮਾਂ ਵੀ ਲੈ ਲੈਂਦਾ ਹੈ। ਸ਼ੁਰੂ ਵਿਚ ਪਤਲਾ ਪਾਣੀ ਆਉਂਦਾ ਹੈ ਫਿਰ ਧੀਰੇ-ਧੀਰੇ ਗਾੜ੍ਹਾ ਹੋ ਕੇ ਨਿਕਲਣਾ ਬੰਦ ਹੋ ਜਾਂਦਾ ਹੈ। ਇਹ ਰੋਗ ਘਾਤਕ ਨਹੀਂ ਹੈ। ਇਸ ਦਾ ਇਲਾਜ ਸੰਭਵ ਹੈ। ਪ੍ਰੰਤੂ ਬਾਰ-ਬਾਰ ਹੋਣ ਨਾਲ ਸਰੀਰ ਕਮਜ਼ੋਰ ਹੋ ਜਾਂਦਾ ਹੈ। ਰੋਗ ਝੱਲਣ ਦੀ ਸ਼ਕਤੀ ਘੱਟ ਜਾਂਦੀ ਹੈ। ਅੰਤ ਵਿਚ ਰਾਜਯਕਸੁਮਾ (ਤਪਦਿਕ) ਹੋ ਜਾਂਦੀ ਹੈ। ਆਯੁਰਵੇਦ ਵਿਚ ਕਿਹਾ ਹੈ –

*ਯਥਾ ਦਿਵਸ ਸੁਪਨਾਦ ਸੇ,*

*ਪ੍ਰਤੀਸਿਯਯ ਰੂਝੋ ਹੋਤ*

*ਪ੍ਰਤੀਸਿੱਯਯ ਤੇ ਖਾਈ ਹੋਵੇ,*

*ਖਈ ਰੋਗ ਤੇ ਸੋਖ*

**ਭਾਵ** – ਦਿਨ ਨੂੰ ਜ਼ਿਆਦਾ ਸੌਣ ਨਾਲ ਜੁਕਾਮ ਦਾ ਹੋਣਾ, ਜੁਕਾਮ ਤੋਂ ਖਾਂਸੀ ਦਾ ਹੋਣਾ, ਖਾਂਸੀ ਤੋਂ ਖਈ (ਤਪਦਿਕ) ਦਾ ਹੋਣਾ। ਖਈ ਤੋਂ ਬਾਅਦ ਸੱਤ ਧਾਤੂਆਂ ਦਾ ਸੁਕ ਜਾਣਾ, ਰਸ, ਰਕਤ, ਮਾਸ, ਚਰਬੀ, ਹੱਡੀ, ਮਿੱਝਾ, ਸ਼ੁਕਰ। ਇਸ ਦੀ ਰੋਕਥਾਮ ਦਾ ਉਪਾਅ –

ਜੋ ਇਸ ਰੋਗ ਤੋਂ ਦੁਖੀ ਹੈ ਉਸ ਨੂੰ ਜ਼ਿਆਦਾ ਘਰ ਹੀ ਰਹਿਣਾ ਚਾਹੀਦਾ ਹੈ। ਹੋਰ ਲੋਕਾਂ ਨਾਲ ਸਬੰਧ ਘੱਟ ਰੱਖਣਾ ਚਾਹੀਦਾ ਹੈ। ਬੋਲਦੇ ਖੰਘਦੇ, ਛਿੱਕ ਵੇਲੇ ਮੂੰਹ ਤੇ ਨੱਕ ਤੇ ਰੁਮਾਲ ਰੱਖਣਾ ਚਾਹੀਦਾ ਹੈ। ਜੋ ਮੂੰਹ, ਨੱਕ ਵਿਚੋਂ ਰੇਸ਼ਾ ਵਗੈਰਾ ਲੱਗਿਆ ਹੈ ਉਸ ਕੱਪੜੇ ਨੂੰ ਗਰਮ ਪਾਣੀ ਨਾਲ ਚੰਗੀ ਤਰ੍ਹਾਂ ਧੋ ਦੇਣਾ ਜਾਂ ਜਲਾ ਦੇਣਾ ਚਾਹੀਦਾ ਹੈ। ਭੋਜਨ ਹਲਕਾ ਤੇ ਛੇਤੀ ਪਚਣ ਵਾਲਾ ਖਾਣਾ ਚਾਹੀਦਾ ਹੈ, ਖੁੱਲ੍ਹੀ ਹਵਾ ਵਿਚ ਰਹਿਣਾ ਚਾਹੀਦਾ ਹੈ।

**ਆਯੁਰਵੈਦਿਕ ਇਲਾਜ** – ਗੁੱਲ ਬਨਕਸ਼ਾ, ਕਾਲੀਆਂ ਮਨੁੱਕਾ, ਮਲੱਠੀ 5 ਗ੍ਰਾਮ, ਗਾਜਣਾ 3 ਗ੍ਰਾਮ, ਰੇਸ਼ਾ ਖਤਮੀ 3

ਗ੍ਰਾਮ, ਇਹ ਇਕ ਖੁਰਾਕ, ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਕੁੱਟ ਲਵੋ, 250 ਗ੍ਰਾਮ ਪਾਣੀ ਵਿਚ ਉਬਾਲੋ, ਜਦੋਂ ਪਾਣੀ ਅੱਧਾ ਰਹਿ ਜਾਵੇ ਤਾਂ ਗਰਮ-ਗਰਮ ਘੁੱਟ-ਘੁੱਟ ਕਰਕੇ ਪੀ ਲਵੇ, ਜਿਹੜਾ ਫੋਕੜ ਬਚੇ ਸ਼ਾਮ ਨੂੰ ਉਸੇ ਤਰ੍ਹਾਂ ਹੀ ਉਬਾਲ ਕੇ ਪੀ ਲਵੇ ਫਿਰ ਫੋਕੜ ਨੂੰ ਸੁੱਟ ਦੇਣਾ ਚਾਹੀਦਾ ਹੈ।

2. ਤੁਲਸੀ ਫਾਂਟ - ਤੁਲਸੀ ਦੇ ਪੱਤੇ 10-15, ਕਾਲੀ ਮਿਰਚਾਂ 7 ਨੱਗ, ਅਦਰਕ 3 ਗ੍ਰਾਮ, ਲੌਂਗ 3 ਨੱਗ, ਪਤਾਸ਼ੇ 7 ਸਭ ਨੂੰ ਕੁੱਟ ਕੇ ਸੌ ਗ੍ਰਾਮ ਉਬਲਦੇ ਪਾਣੀ ਵਿਚ ਪਾ ਦਿਓ, ਫਿਰ ਪੰਜ ਮਿੰਟ ਢੱਕ ਕੇ ਰੱਖ ਦਿਓ, ਫਿਰ ਮਲ੍ਹ ਕੇ ਪੁਣ ਕੇ ਸੁਭਾ-ਸ਼ਾਮ ਚਾਹ ਦੀ ਤਰ੍ਹਾਂ ਪੀ ਲਵੋ।

3. ਜੇ ਸਿਰ ਦਰਦ ਜ਼ਿਆਦਾ ਹੁੰਦਾ ਹੋਵੇ ਤਾਂ ਗੁਦੰਤੀ ਭਸਮ 5 ਰੱਤੀ, ਘਿਉ ਵਿਚ ਮਿਲਾ ਕੇ ਚਟਨੀ ਚਾਹੀਦੀ ਹੈ।

4. ਗਰਮ-ਗਰਮ ਪਾਣੀ ਵਿਚ ਇਕ ਗੋਲੀ ਵਿਕਸ ਦੀ ਸੁੱਟ ਕੇ ਭਾਫ ਲੈਣੀ ਚਾਹੀਦੀ ਹੈ। ਭਾਫ ਲੈਣ ਤੋਂ ਪਹਿਲਾਂ ਸਿਰ ਤੇ ਤੋਲੀਆ ਰੱਖ ਲਵੋ। ਭਾਫ ਲੈਣ ਨਾਲ ਇਸ ਰੋਗ ਤੋਂ ਰਾਹਤ ਮਿਲਦੀ ਹੈ।

5. ਦੁੱਧ ਵਿਚ ਸ਼ੱਕਰ ਤੇ ਅਦਰਕ ਪਾ ਕੇ ਪੀਣਾ ਚਾਹੀਦਾ ਹੈ

6. ਕਬਜ਼ ਨਹੀਂ ਹੋਣੀ ਚਾਹੀਦੀ, ਕਬਜ਼ ਖਲਾਸ ਕੋਈ ਚੂਰਨ ਦੀ ਵਰਤੋਂ ਕਰ ਲੈਣੀ ਚਾਹੀਦੀ ਹੈ।

ਹਫਤੇ ਵਿਚ ਇਕ ਵਾਰੀ ਉਪਵਾਸ (ਵਰਤ) ਰੱਖਣਾ ਜ਼ਰੂਰੀ ਹੈ। ਦੁੱਧ ਵਿਚ ਹਲਦੀ ਉਬਾਲ ਕੇ ਗੁੜ ਜਾਂ ਸ਼ਕਰ ਮਿਲਾ ਕੇ ਪੀਣਾ ਲਾਭਕਾਰੀ ਹੈ।

**ਸਾਵਧਾਨ –** ਬਗੈਰ ਸਮਝੇ ਤੇ ਅਣਜਾਣਪਣੇ ਵਿਚ ਆਪਣੇ ਆਪ ਤੇਜ਼, ਖੁਸ਼ਕ, ਨਸ਼ੇ ਵਾਲੀ ਦਵਾਈ ਨਾਲ ਰੇਸ਼ਾ, ਕਫ, ਸਾਹ ਨਾਲੀਆਂ ਵਿਚ ਸੁੱਟ ਕੇ ਦਮੇ ਦਾ ਰੂਪ ਧਾਰਨ ਕਰ ਲੈਂਦਾ ਹੈ। ਜੋ ਸਾਰੀ ਉਮਰ ਦੁਖੀ ਕਰਦਾ ਹੈ। ਇਸ ਕਰਕੇ ਯੋਗ ਸੂਝਵਾਨ ਚਕਿਤਸਕ ਤੋਂ ਸਲਾਹ ਮਸ਼ਵਰਾ ਲੈਣਾ ਚਾਹੀਦਾ ਹੈ। ਸਿਆਣੇ ਕਹਿੰਦੇ ਹਨ - ਰੋਗ, ਬਿਮਾਰੀ, ਮੁਕੱਦਮਾ, ਦੁਸ਼ਮਣ, ਅੱਗ, ਕਰਜ਼ਾ ਇਨ੍ਹਾਂ ਨੂੰ ਕਦੀ ਛੋਟੇ ਨਾ ਸਮਝੋ।


***ਵੈਦ ਮੇਘਨਾਥ ਸਿੱਧ***

***ਐਮ ਕੇ ਬਾਈਪਾਸ ਚੌਂਕ, ਧੂਰੀ, ਪੰਜਾਬ***

***ਮੁਬਾਇਲ - 981567803***



(ਇਥੋਂ ਕੱਟ ਕੇ ਭੇਜੋ ਜੀ)

ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਜੀ।

ਆਤਮ ਮਾਰਗ
ਮਾਸਿਕ ਪਤ੍ਰਿਕਾ

**SUBSCRIPTION (ਦੇਸ਼)**

| ਸਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 240/- | 2040/- | |

**SUBSCRIPTION ਵਿਦੇਸ਼**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

**MEMBERSHIP FORM** ☐ ਨਵੀਂ ਮੈਂਬਰਸ਼ਿੱਪ ☐ ਰਿਨੀਊਵਲ ☐ ਲਾਈਫ ਮੈਂਬਰਸ਼ਿਪ

Order from for back Issus

ਜਨਵਰੀ ☐
ਫਰਵਰੀ ☐
ਮਾਰਚ ☐
ਅਪ੍ਰੈਲ ☐
ਮਈ ☐
ਜੂਨ ☐
ਜੁਲਾਈ ☐
ਅਗਸਤ ☐
ਸਤੰਬਰ ☐
ਅਕਤੂਬਰ ☐
ਨਵੰਬਰ ☐
ਦਸੰਬਰ ☐

ਨਾਮ/Name ..........................................

ਪਤਾ/Address ..........................................

..........................................

..........................................

..............................Pin Code..............................

Phone.......................... E-mail :..............................

ਮੈਂ.....................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ.......................ਮਿਤੀ........................ਰਾਹੀਂ ਭੇਜ ਰਿਹਾ ਹਾਂ।

ਦਸਖਤ..............................

**ATAM MARG MONTHLY MAGAZINE**
Gurdwara Ratwara Sahib, P.o. Mullanpur Garibdas, Distt. S.A.S. Nagar (Mohali) Pin - 140901 (Pb.) India
Phone : 0160-2255002, Fax : 0160-2255009, Email : atammarg@glide.net.in, www.ratwarasahib.org

(ਪੰਨਾ 50 ਦਾ ਬਾਕੀ)

ਚਰਨ ਧੋਤੇ, ਉਸ ਤੋਂ ਬਾਅਦ ਪ੍ਰਸ਼ਾਦ ਛਕਿਆ। ਪਹਿਲੀ ਵਾਰੀ ਸ਼ੰਕਾ ਹੋ ਗਿਆ, ਦੂਜੀ ਵਾਰੀ ਛਕਿਆ, ਸੰਖ ਬੰਨ੍ਹਿਆ ਹੋਇਆ ਸੀ ਬਾਂਸ ਨਾਲ ਗੱਜ ਕੇ ਬੋਲਿਆ। ਮਹਾਰਾਜ ਕਹਿੰਦੇ -

***ਰੇ ਚਿਤ ਚੇਤਿ ਚੇਤ ਅਚੇਤ ॥***
***ਕਾਹੇ ਨ ਬਾਲਮੀਕਹਿ ਦੇਖ ॥***
***ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ***
***ਰਾਮ ਭਗਤਿ ਬਿਸੇਖ ॥ ਅੰਗ - ੧੧੨੪***

ਦੇਖੋ, ਕਿਥੇ ਚਲਿਆ ਗਿਆ ਉਹ। ਸੋ ਇਸ ਕਰਕੇ ਰਾਮ ਦੀ ਜਿਹੜੀ ਭਗਤੀ ਹੈ ਨਾਮ ਜਪਣਾ, ਬੰਦਗੀ ਕਰਨੀ ਉਹਦੇ ਮੁਕਾਬਲੇ ਦੇ ਉਤੇ ਹੋਰ ਕੋਈ ਚੀਜ਼ ਹੈ ਹੀ ਨਹੀਂ। ਸੋ ਇਸ ਕਰਕੇ ਜਿਹੜੀ ਮਹਿਮਾ ਹੈ ਬਹੁਤ ਵੱਡੀ ਹੈ -

***ਧਾਰਨਾ - ਸੁਣਿਓ ਮੇਰੇ ਮੀਤਾ***
***ਮਹਿਮਾ ਸਾਧੂਆਂ ਦੇ ਸੰਗ ਦੀ।***
***ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ ॥***
***ਅੰਧੁਲੇ ਤ੍ਰਿਭਵਣ ਸੁਝਿਆ ਗੁਰ ਭੇਟਿ ਪੁਨੀਤਾ ॥ ੧ ॥***
***ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ ॥***
***ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ॥***
***ਅੰਗ - ੮੦੯***

ਸੋ ਇਸ ਤਰ੍ਹਾਂ ਮਹਾਂਪੁਰਸ਼ਾਂ ਦੀ ਸੰਗਤ ਦੀ ਮਹਿਮਾ ਬਾਰੇ ਗੁਰੂ ਮਹਾਰਾਜ ਨੇ ਫੁਰਮਾਨ ਕੀਤਾ ਹੈ ਕਿ ਉਹਨਾਂ ਦੀ ਮਹਿਮਾਂ ਨੂੰ ਹੀ ਨਹੀਂ ਕੋਈ ਜਾਣਦਾ।

***ਤਿਨ ਕੀ ਸੋਭਾ ਕਿਆ ਗਣੀ***
***ਜਿ ਸਾਹਿਬਿ ਮੇਲੜੀਆਹ ॥ ਅੰਗ - ੧੩੫***

ਕੀ ਗਿਣਿਆਂ ਜਾਵੇ ਉਨ੍ਹਾਂ ਦੀ ਸੋਭਾ ਹੋ ਹੀ ਨਹੀਂ ਸਕਦੀ। ਕਿਸ ਤਰ੍ਹਾਂ ਅਸੀਂ ਗਿਣੀਏ, ਜਿਨ੍ਹਾਂ ਨੂੰ ਪ੍ਰਮੇਸ਼ਰ ਮਿਲ ਗਿਆ। ਸੋ ਇਸ ਕਰਕੇ ਜੋ ਬੇਨਤੀਆਂ ਕੀਤੀਆਂ ਨੇ ਧਿਆਨ ਦੇ ਨਾਲ ਕਰਨੀਆਂ, ਪ੍ਰੈਕਟਿਸ ਵਿਚ ਲਿਆਉਣੀਆਂ ਸ਼ੁਰੂ ਕਰੋ। ਫੇਰ ਆਪਣਾ ਸਮਾਂ ਸਫਲਾ ਹੈ।

(*****)

## ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** - 01, 08, 15, 22 ਫਰਵਰੀ

**ਸੰਗਰਾਂਦ** - 12 ਫਰਵਰੀ, ਦਿਨ ਐਤਵਾਰ

**ਪੂਰਨਮਾਸ਼ੀ** - 09 ਫਰਵਰੀ, ਦਿਨ ਸੋਮਵਾਰ

(ਸਮਾਂ ਸ਼ਾਮ 7.00 ਵਜੇ ਤੋਂ ਰੈਣ ਸਬਾਈ ਕੀਰਤਨ)

**(ਅਯੁਰਵੈਦਿਕ ਖੀਰ ਹਰ ਇਕ ਪੂਰਨਮਾਸ਼ੀ ਨੂੰ ਸਵੇਰੇ ਅੰਮ੍ਰਿਤਵੇਲੇ 4.00 ਵਜੇ ਰਤਵਾੜਾ ਸਾਹਿਬ ਵਿਖੇ)**

**ਅੰਮ੍ਰਿਤ ਸੰਚਾਰ** - ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਸ਼ਾਮ 8.00 ਵਜੇ ਤੋਂ ਹੁੰਦਾ ਹੈ।


## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

| | | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 50/ | 70/- |
| 2. | ਕਿਵ ਕੂੜੈ ਤੁਟੈ ਪਾਲਿ | 40/- | 35/- |
| 3. | ਬਾਤ ਅਗੰਮ ਕੀ -ਸੱਤ ਭਾਗਾਂ ਵਿਚ | 155/- | 235/- |
| 4. | ਕਿਵ ਸਚਿਆਰਾ ਹੋਈਐ -੧ | 30/- | 35/- |
| 5. | ਕਿਵ ਸਚਿਆਰਾ ਹੋਈਐ -੨ | 60/- | 65/- |
| 6. | ਕਿਵ ਸਚਿਆਰਾ ਹੋਈਐ - ੩ | 100/- | 100/- |
| 7. | ਹੋਵੈ ਅਨੰਦੁ ਘਣਾ | 25/- | 30/- |
| 8. | ਚਉਥੈ ਪਹਰਿ ਸਬਾਹ ਕੈ | 55/- | 60/- |
| 9. | ਸੁਰਤਿਆਂ ਉਪਜੈ ਚਾਉ | 40/- | 40/- |
| 10. | ਬਾਬਾਣੀਆਂ ਕਹਾਣੀਆਂ | 50/- | 50/- |
| 11. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 12. | ਅੰਮ੍ਰਿਤ ਫੁਹਾਰ | 10/- | 10/- |
| 13. | ਅਗੰਮ ਅਗੋਚਰ ਦਾ ਮਾਰਗ | 60/- | 70/- |
| 14. | ਪੁਰਾਤਨ ਟੀਕਾ - ਜਪੁਜੀ ਸਾਹਿਬ | 10/- | 15/- |
| 15. | ਅਮਰ ਜੋਤਾਂ | 15/- | 15/- |
| 1੬. | ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ | 70/- | |
| 18. | ਅਮਰ ਗਾਥਾ | 100/- | 100/- |
| 19. | ਧਰਮ ਯੁਧ ਕੇ ਚਾਇ | 50/- | |
| 20. | ਪਵਿਤਰ ਪੈਂਡਾ | 25/- | |
| 21. | ਭਗਤ ਪ੍ਰਹਿਲਾਦ | 10/- | 10/- |
| 22. | ਵੈਸਾਖੀ | 10/- | |
| 23. | ਰਾਜ ਯੋਗ | 40/- | |
| 24. | ਸਾਜਨ ਚਲੇ ਪਿਆਰਿਆ | 10/- | 10/- |
| 25. | ਅਬਿਨਾਸੀ ਜੋਤ ਭਾਗ-1 | 90/- | |
| 26. | ਅਬਿਨਾਸੀ ਜੋਤ ਭਾਗ-2 | 90/- | |
| 27. | ਰੂਹਾਨੀ ਗੁਲਦਸਤਾ -1 | 60/- | |
| 28. | ਰੂਹਾਨੀ ਗੁਲਦਸਤਾ - 2 | 60/- | |
| 29. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 30. | ਅੰਮ੍ਰਿਤ ਬਚਨ ਸਾਧ ਕੀ ਬਾਣੀ | 80/- | |
| 31. | ਗੁਰੂ ਅਮਰਦਾਸ ਪਰਸੀਐ | 50/- | |
| 32. | ਭਗਵਤ ਗੀਤਾ.............। | 100/- | |
| 33. | ਅਨੰਦਮਈ ਜੀਵਨ ਜਾਚ | 50/- | |
| 34. | ਪੱਤਰਕਾਰ ਦੇ ਪ੍ਰਸ਼ਨ? ਮਹਾਂਪੁਰਸ਼ਾਂ ਵਲੋਂ ਉਤਰ | 25/- | |
| 35. | ਅਨੁਭਵੀ ਪ੍ਰਵਚਨ | 50/- | |
| 36. | ਰਿਸ਼ੀਆਂ ਮੁਨੀਆਂ ਦਾ ਬ੍ਰਹਮਗਿਆਨ | 35/- | |
| 37. | ਅੰਦਰਲੀ ਖੋਜ | 130/- | |
| 38. | ਸਿਮਰਤ ਕਹਾਂ ਨਹੀਂ | 135/- | |
| ੩9. | ਰੂਹਾਨੀ ਪ੍ਰਵਚਨ | 35/- | |
| 40. | 'ਸੇਵਾ ਸਿਮਰਨ ਜੁਗਤੀਆਂ' | 160/- | |
| 41. | 'ਮਾਨੁੱਖ ਤਨ ਦਾ ਪ੍ਰਯੋਜਨ' | 150/- | |
| 42. | 'ਯੋਗਾ ਉਪਰ ਲੈਕਚਰ', | 30/- | |
| 43. | 'ਕਰਮ ਬੰਧਨ ਤੋਂ ਮੁਕਤੀ' :- | 30/- | |

| | English Version | Price |
|---|---|---|
| 1. | Baisakhi | Rs. 5/- |
| 2. | How Rend The Veil of Untruth | Rs. 70/- |
| 3. | Discourses on the Beyond-1 | Rs 50/- |
| 4. | Discourses on the Beyond -2 | Rs. 50/- |
| 5. | Discourses on the Beyond -3 | Rs. 50/- |
| 6. | Discourses on the Beyond -4 | Rs. 60/- |
| 7. | Discourses on the Beyond -5 | Rs. 60/- |
| 8. | The way to the imperceptible | Rs. 80/- |
| 9. | The Lights Immortal | Rs. 20/- |
| 10. | Transcendental Bliss | Rs. 70/- |
| 11. | How to Know Thy Real Self-(Vol-1) | Rs. 80/- |
| 12. | How to Know Thy Real Self-(Vol-2) | Rs. 80/- |
| 13. | How to Know Thy Real Self-(Vol-3) | Rs. 110/- |
| 14. | The Dawn of Khalsa Ideals | Rs. 10/- |
| 15. | A Glimpse of His Holiness - Baba ji | Rs. 5/- |
| 16. | Divine Word Contemplation Path', | Rs.150/- |